GR Video Production
Where precious moments are captured
Gurinder Purewal
Videographer/Photographer
grvideoproductionOl@gmail.com
www.grvideoproduction.com
For bookings. Call (510) 921-6626
or Kash Fabrics (510) 538-1138

ਹਫਤਾਵਾਰੀ
# ਦੇਸ਼ ਦੁਆਬਾ

VOL - 4 ISSUE - 22
September 02, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਆਖਿਰਕਾਰ ਹੋਇਆ ਸੁਪਨਾ ਸਾਕਾਰ

### ਲੰਡਨ ਸਥਿਤ ਅੰਬੇਡਕਰ ਹਾਊਸ ਭਾਰਤ ਸਰਕਾਰ ਨੇ ਖਰੀਦਿਆ






ਅਦਾਰਾ 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ' 'ਫੈਡਰੇਸ਼ਨ ਔਫ ਅੰਬੇਡਕਰਾਇਟਸ ਐਂਡ ਬੁਧਿਸਟ ਔਰਗੇਨਾਇਜ਼ਸ ਯੂ ਕੇ' ਸੰਸਥਾ ਨੂੰ ਇਸ ਉਦਮ ਲਈ ਨੂੰ ਵਧਾਈ ਦਿੰਦਾ ਹੈ। (ਪ੍ਰੇਮ ਕੁਮਾਰ ਚੁੰਬਰ, ਸੰਪਾਦਕ)

**ਲੰਡਨ–** ਵਿਸ਼ਵ ਰਤਨ ਬਾਬਾ ਸਾਹਿਬ ਡਾ: ਅੰਬੇਡਕਰ ਦਾ ਨਾਂਅ ਦਿਨ ਬ ਦਿਨ ਸਾਰੇ ਸੰਸਾਰ ਵਿੱਚ ਸੂਰਜ ਦੀ ਰੌਸ਼ਨੀ ਦੀ ਤਰ੍ਹਾਂ ਫੈਲ ਰਿਹਾ ਹੈ । ਲੌਰਡ ਵੈਵਲੇ ਨਿਕਲਸ ਨੇ ਬਾਬਾ ਸਾਹਿਬ ਨੂੰ ਦੁਨੀਆ ਦੇ ਛੇ ਬੇਤਰ ਦਿਮਾਗਾਂ ਵਿੱਚੋਂ ਇਕ ਮੰਨਿਆ, ਦੁਨੀਆ ਦੀ ਸਭ ਤੋਂ ਬੜੀ ਕੋਲੰਬੀਆ ਯੂਨਵਿਰਸਿਟੀ ਵਿੱਚ ਬਾਬਾ ਸਾਹਿਬ ਦਾ ਸਟੈਚੂ ਫੈਡਰੇਸ਼ਨ ਔਫ ਅੰਬੇਡਕਰਾਇਟਸ ਐਂਡ ਬੁਧਿਸਟ ਔਰਗੇਨਾਇਜ਼ਸ ਯੂ ਕੇ ਵਲੋਂ ਲਗਾਇਆ ਅਤੇ ਉਨ੍ਹਾਂ ਨੂੰ ਸਨਮਾਨਤ ਕੀਤਾ, ਲੰਡਨ ਦੇ ਭਾਰਤ ਦੇ ਹਾਈ ਕਮਿਸ਼ਨਰ ਵਿੱਚ ਜੋ ਹਰ ਸਮਾਗਮ ਲਈ ਹਾਲ ਹੈ ਉਸ ਵਿੱਚ ਕੇਵਲ ਬਾਬਾ ਸਾਹਿਬ ਦਾ ਹੀ ਸਟੈਚੂ ਹੈ ਅਤੇ ਇਸ ਹਾਲ ਦਾ ਨਾਂ ਅੰਬੇਡਕਰ ਹਾਲ ਹੈ, ਲੰਡਨ ਸਕੂਲ ਔਫ ਇਕਨੌਮਿਕ ਵਿੱਚ ਕੇਵਲ ਦੋ ਹੀ ਸਟੈਚੂ ਹਨ ਇੱਕ ਤਾਂ ਉਸ ਔਰਤ ਦਾ ਜਿਸਨੇ ਲਾਇਬਰੇਰੀ ਬਣਾਈ ਸੀ, ਸਾਰੇ ਭਾਰਤ ਵਾਸੀਆਂ ਲਈ ਫ਼ਖ਼ਰ ਦੀ ਗੱਲ ਹੈ ਕਿ ੳੁਸ ਵਿੱਚ ਦੂਜਾ ਸਟੈਚੂ ਭਾਰਤ ਦੇ ਮਹਾਨ ਸਪੂਤ ਬਾਬਾ ਸਾਹਿਬ ਜੀ ਦਾ ਹੈ ਉਸ ਸਟੈਚੁ ਉੱਪਰ ਬਾਬਾ ਸਾਹਿਬ ਦਾ ਪੋਰਟਰੇਟ ਵੀ ਹੈ, ਵੈਂਕੂਵਰ, ਕਨੇਡਾ ਦੀ ਸਾਇਮਨ ਫਰੇਜ਼ਰ ਯੂਨੀਵਸਿਟੀ ਜਿੱਥੇ ਬਾਬਾ ਾਸਹਿਬ ਪੜ੍ਹੇ ਨਹੀਂ ਸ਼ਾਇਦ ਕਦੀ ਗਏ ਵੀ ਨਾ ਹੋਣ ਇਸ ਯੂਨੀਵਰਸਿਟੀ ਨੇ ਬਾਬਾ ਸਾਹਿਬ ਨੂੰ ਸਨਮਾਨਤ ਕਰਨ ਲਈ ਉਨ੍ਹਾਂ ਦਾ ਸਟੈਚੂ ਲਗਾਇਆ ਹੋਇਆ, ਜਿੱਥੇ ਵੀ ਸਾਡੇ ਭਾਰਤ ਵਾਸੀ ਰਹਿੰਦੇ ਹਨ ਹਰ ਦੇਸ਼ ਵਿੱਚ ਭਾਰਤ ਦੇ ਰਾਜਦੂਤ ਹਨ ਉਨ੍ਹਾਂ ਵਿੱਚੋਂ ਬਹੁਮੱਤ ਨੇ ਬਾਬਾ ਸਾਹਿਬ ਦੀ ਪੋਟਰੇਟ ਲਗਾਇਆ ਹੋਇਆ ਹੈ।

6 ਦਸੰਬਰ 1991 ਨੂੰ 10, ਕਿੰਗ ਹੈਨਰੀਜ਼

**(ਬਾਕੀ ਸਫਾ 22 ਤੇ)**

## ਸੈਨਹੋਜੇ ਗੁਰਦੁਆਰਾ ਸਾਹਿਬ ਦੀਆਂ ਵਕਾਰੀ ਚੋਣਾਂ ਵਿੱਚ ਮੌਜੂਦਾ ਪ੍ਰਬੰਧਕਾਂ ਦੀ ਹੂੰਝਾ ਫੇਰ ਜਿੱਤ



ਸਬੰਧਿਤ ਤਸਵੀਰਾਂ ਤੇ ਖਬਰ ਦੇਖੋ ਸਫਾ 15 ਤੋਂ 18 ਤੱਕ

### ਸਿੱਖ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਪ੍ਰਬੰਧਕ ਕਮੇਟੀ ਵੱਲੋਂ "ਸ਼ਾਂਤ ਭਵਨ" ਦੀ ਤਿਆਰੀ ਲਈ ਜਰੂਰੀ ਸੂਚਨਾ

**ਸੈਨਹੋਜ਼ੇ –** ਸਿੱਖ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਪ੍ਰਬੰਧਕ ਕਮੇਟੀ ਵੱਲੋਂ ਰੀਅਲ ਅਸਟੇਟ ਦਾ ਕੰਮ ਕਰਦੇ ਵੀਰਾਂ ਅਤੇ ਭੈਣਾਂ ਨੂੰ ਬੇਨਤੀ ਹੈ ਕਿ ਘੱਟੋ ਘੱਟ 10 ਏਕੜ ਵਿਕਾਊ ਜ਼ਮੀਨ ਦੀ ਭਾਲ ਕਰਨ ਤਾਂ ਜੋ ਇੱਥੇ "ਸ਼ਾਂਤ ਭਵਨ" ਦੀ ਬਿਲਡਿੰਗ ਉਸਾਰੀ ਜਾ ਸਕੇ। ਕੋਈ ਐਸੀ ਲੁਕੇਸ਼ਨ ਹੋਣੀ ਚਾਹੀਦੀ ਹੈ ਜੋ ਸਾਰੇ ਪਾਸਿਆਂ ਤੋਂ ਸੈਂਟਰ ਵਿਚ ਪੈਂਦੀ ਹੋਵੇ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਪ੍ਰੀਤਮ ਸਿੰਘ ਗਰੇਵਾਲ 408-406-0703
ਭੁਪਿੰਦਰ ਸਿੰਘ (ਬੌਬ) ਢਿੱਲੋਂ 408-568-0034
ਗੁਰੂ ਘਰ ਦਾ ਫੋਨ ਨੰਬਰ 408-274-9373

## ਸਮੇਂ ਤੋਂ ਪਹਿਲਾਂ ਹੀ ਪੰਜਾਬ ਵਿਚ ਚੋਣਾਂ ਦੀਆਂ ਸਰਗਰਮੀਆਂ ਆਰੰਭ

### ਕਾਂਗਰਸ ਨੇ ਅਕਾਲੀ-ਭਾਜਪਾ ਸਰਕਾਰ ਨੂੰ ਹਟਾਉਣ ਲਈ ਵਿੱਢੀ ਵੱਡੀ ਸਿਆਸੀ ਮੁਹਿੰਮ, ਆਮ ਆਦਮੀ ਪਾਰਟੀ ਨੇ ਜਨਤਕ ਆਧਾਰ ਲਈ ਸਰਗਰਮੀ ਵਧਾਈ, ਬਸਪਾ ਵੀ ਹੋਈ ਸਰਗਰਮ

**ਚੰਡੀਗੜ੍ਹ–** ਪੰਜਾਬ ਵਿਚ ਸਮੇਂ ਤੋਂ ਪਹਿਲਾਂ ਹੀ ਚੋਣਾਂ ਦੀ ਸਰਗਰਮੀ ਆਰੰਭ ਹੋ ਗਈ ਹੈ। ਵਿਧਾਨ ਸਭਾ ਚੋਣਾਂ 2017 ਵਿਚ ਹੋਣੀਆਂ ਹਨ ਪਰ ਵਿਰੋਧੀ ਪਾਰਟੀ ਕਾਂਗਰਸ ਨੇ ਪਹਿਲਾਂ ਹੀ ਤੇਜ਼ੀ ਨਾਲ ਚੋਣ ਮੁਹਿੰਮ ਆਰੰਭ ਕਰ ਦਿੱਤੀ ਹੈ, ਹਾਲਾਂਕਿ ਇਹ ਪਾਰਟੀ ਖ਼ੁਦ ਫੁੱਟ ਦਾ ਸ਼ਿਕਾਰ ਹੈ। ਇੱਧਰ ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਹੇਠਲੇ ਪੱਧਰ ਤੇ ਆਧਾਰ ਵਧਾਉਣ ਲਈ ਜਨਤਕ ਮਿਲਣੀ ਪ੍ਰੋਗਰਾਮ ਆਰੰਭ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਦੇ ਵਰਕਰ ਘਰ-ਘਰ ਪਹੁੰਚ



ਕੇ ਆਪਣੇ ਮੈਂਬਰਾਂ ਦੀ ਗਿਣਤੀ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸੱਤਾਧਾਰੀ ਅਕਾਲੀ ਦਲ ਨੇ ਵੀ ਇਸ ਦਾ ਟਾਕਰਾ ਕਰਨ ਲਈ ਸੰਗਤ ਦਰਸ਼ਨਾਂ ਵਿਚ ਵਾਧਾ ਕਰ ਦਿੱਤਾ ਹੈ, ਹਾਲਾਂਕਿ ਹੁਣ ਤੱਕ ਇਹ ਤਹਿ ਨਹੀਂ ਹੋ ਪਾ ਰਿਹਾ ਕਿ ਇਸ ਵਾਰ ਵੀ ਭਾਰਤੀ ਜਨਤਾ ਪਾਰਟੀ ਅਕਾਲੀ ਦਲ ਨਾਲ ਹੀ ਰਲ ਕੇ ਚੋਣ ਲੜੇਗੀ ਜਾਂ ਨਹੀਂ।

**ਕਾਂਗਰਸ ਵੱਲੋਂ ਸੰਗਰੂਰ ਤੋਂ 'ਪੰਜਾਬ ਬਚਾਓ' ਰੈਲੀਆਂ ਦਾ ਆਗਾਜ਼**

(ਬਾਕੀ ਸਫਾ 22 ਤੇ)

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
Prop: Jasbir Singh Takhar 510-755-2132
510- 733- 2222
1421 Industrial PKWY West#F Hayward, CA 94544
Harmandeep Singh

MAJESTIC HOMES
RAMESH SUMAN Broker Realtor RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
SANDHU Tours And Travels
Passports, Visas, Green Cards, Notary, Immigration Forms
Citizenship, Study Visas, Family Immigration Visas
(CST# 2122162-50)
Email: sandhutat@gmail.com.
WE OPEN 7-DAYS A WEEK
MANDEEP SANDHU msandhu2014@gmail.com
Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

Jaspreet Singh
Attorney at Law USA
Over 18 years of Legal Experience
USA Immigration Citizenship, Green Card Deportation defense Political Asylum
Specilized in Detention cases, Artists Singers P3 visas Priest R1 visas
Investor EB 5 visas L1 Business visas Family law Criminal Defense cases.
Offices
New York: 37-18 73 Street Suite # 401 Jackson Heights Ny 11372 Phone : 718-533-8444
Fremont: 44790 S Grimmer Blvd # 208 Fremont CA 94538 Phone : 510-657-6444
Fresno: 4491 W Shaw ave # 131 Fresno CA 93711 Phone : 559-271-5511
Sacramento: 2901 W Capitol ave West Sacramento CA 95691 Phone : 916-385-2288
Jaspreet Singh
Email : jaspreetsinghlawoffice@gmail.com

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਭ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ




**ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਅਤਿ ਧੰਨਵਾਦੀ ਹਾਂ ਜਿਹਨਾਂ ਨੇ ਸਿੱਖ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਫਿਰ ਦੁਬਾਰਾ ਸੇਵਾ ਕਰਨ ਦਾ ਮਾਣ ਬਖਸ਼ਿਆ**



## ਕੁਲਦੀਪ ਸਿੰਘ ਗਰੇਵਾਲ, ਪ੍ਰੀਤਮ ਸਿੰਘ ਗਰੇਵਾਲ, ਅਜੀਤ ਸਿੰਘ ਗਰੇਵਾਲ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਭ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ




## ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਅਤਿ ਧੰਨਵਾਦੀ ਹਾਂ ਜਿਹਨਾਂ ਨੇ ਗੁਰਦੁਆਰਾ ਸਾਹਿਬ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਫਿਰ ਦੁਬਾਰਾ ਸੇਵਾ ਕਰਨ ਦਾ ਮਾਣ ਬਖਸ਼ਿਆ



**ਸੁਦੇਸ਼ ਸਿੰਘ ਅਟਵਾਲ**

**510-372-5061**



**ਜਸਬੀਰ ਸਿੰਘ ਤੱਖਰ**

**510-755-2132**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਭ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਅਤਿ ਧੰਨਵਾਦੀ ਹਾਂ ਜਿਹਨਾਂ ਨੇ ਗੁਰਦੁਆਰਾ ਸਾਹਿਬ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਫਿਰ ਦੁਬਾਰਾ ਸੇਵਾ ਕਰਨ ਦਾ ਮਾਣ ਬਖਸ਼ਿਆ

## ਸਰਬਜੋਤ ਸਿੰਘ ਸਵੱਦੀ

ਮੌਜੂਦਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ




# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਭ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ




ਸ. ਗੁਰਬਖਸ ਸਿੰਘ ਢਿੱਲੋਂ ਅਤੇ ਉਹਨਾਂ ਦੀ ਸੁਪਤਨੀ

ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਅਤਿ ਧੰਨਵਾਦੀ ਹਾਂ ਜਿਹਨਾਂ ਨੇ ਗੁਰਦੁਆਰਾ ਸਾਹਿਬ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਫਿਰ ਦੁਬਾਰਾ ਸੇਵਾ ਕਰਨ ਦਾ ਮਾਣ ਬਖਸ਼ਿਆ

## ਸ. ਗੁਰਬਖਸ਼ ਸਿੰਘ ਢਿੱਲੋਂ

ਮੌਜੂਦਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ

ਸ. ਗੁਰਬਖਸ ਸਿੰਘ ਢਿੱਲੋਂ

# ਸਾਧ ਸੰਗਤ ਸਲੇਟ ਵਲੋਂ ਸੰਗਤਾਂ ਦਾ ਧੰਨਵਾਦ ਅਤੇ ਮੌਜੂਦਾ ਜੇਤੂ ਪ੍ਰਬੰਧਕ ਕਮੇਟੀ ਸਲੇਟ ਨੂੰ ਵਧਾਈ






ਸੈਨ ਹੋਜ਼ੇ, ਕੈਲੇਫੋਰਨੀਆ: ਸਾਧ ਸੰਗਤ ਸਲੇਟ ਸੈਨ ਹੋਜ਼ੇ ਦੇ ਸਿੱਝ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਵਿਚ ਜੇਤੂ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਵਧਾਈ ਦਿੰਦੀ ਹੈ। ਸਾਧ ਸੰਗਤ ਸਲੇਟ ਦੇ ਬੁਲਾਰੇ ਡਾ: ਤਰਲੋਚਨ ਸਿੰਘ ਨਾਹਲ ਨੇ ਕਿਹਾ, ਬੇਸ਼ਕ ਇਹਨਾ ਚੋਣਾਂ ਵਿਚ ਵੋਟਾਂ ਦੇ ਹਿਸਾਬ ਨਾਲ ਅਸੀਂ ਜੇਤੂ ਨਹੀਂ ਰਹੇ ਪਰ "ਸਾਨੂੰ ਇਸ ਗਲ ਦੀ ਬਹੁਤ ਖੁਸ਼ੀ ਅਤੇ ਸੰਤੁਸ਼ਟੀ ਹੈ ਕਿ ਸੰਗਤਾਂ ਦੇ ਜਿਸ ਮੁੱਦੇ ਨੂੰ ਲੈ ਕੇ ਅਸੀਂ ਅਪ੍ਰੈਲ 2011 ਵਿਚ ਤੁਰੇ ਸੀ, ਉਸ ਵਿਚ ਸਾਨੂੰ ਸੌ ਫੀਸਦੀ ਕਾਮਯਾਬੀ ਮਿਲੀ ਹੈ।

ਸਾਧ ਸੰਗਤ ਸਲੇਟ ਦੇ ਬੁਲਾਰੇ ਡਾ: ਤਰਲੋਚਨ ਸਿੰਘ ਨਾਹਲ ਨੇ ਕਿਹਾ, ਸਮੂਹ ਸੰਗਤਾਂ, ਸਾਧ ਸੰਗਤ ਸਲੇਟ ਦੇ ਸਮੂਹ ਉਮੀਦਵਾਰਾਂ, ਉਹਨਾਂ ਦੇ ਪਰਿਵਾਰਾਂ, ਸਕੇ ਸਬੰਧੀਆਂ, ਦੋਸਤਾਂ ਮਿਤਰਾਂ, ਸੇਵਾਦਾਰਾਂ, ਅਤੇ ਸਮੂਹ ਸਮਰਥਕਾਂ ਦਾ ਤਹਿਦਿਲੋਂ ਧੰਨਵਾਦੀ ਹਾਂ। ਉਹਨਾਂ ਕਿਹਾ, ਮੈਨੂੰ ਹੋਰ ਵੀ ਖੁਸ਼ੀ ਹੈ ਕਿ ਇਹ ਚੋਣਾਂ ਸ਼ਾਤੀਪੂਰਵਕ ਤਰੀਕੇ ਨਾਲ ਹੋਈਆਂ ਹਨ। ਅਸੀਂ ਇਲੈਕਸ਼ਨ ਕਮੇਟੀ, ਰਜਿਸਟ੍ਰੇਸ਼ਨ ਕਮੇਟੀ ਅਤੇ ਸਮੂਹ ਵੋਟਰਾਂ ਅਤੇ ਸੇਵਾਦਾਰਾਂ ਦੇ ਬਹੁਤ ਧੰਨਵਾਦੀ ਹਾਂ। ਅਸੀਂ ਗੁਰਦੁਆਰਾ ਸਾਹਿਬ ਅਤੇ ਖਾਲਸਾ ਸਕੂਲ ਦੇ ਕੰਮਾਂ ਵਿਚ ਪਹਿਲਾਂ ਵਾਂਗ ਵਧ ਚੜ੍ਹ ਕੇ ਹਿੱਸਾ ਪਾਵਾਂਗੇ ਅਤੇ ਵਿਰੋਧੀ ਧਿਰ ਅਤੇ ਸੰਗਤ ਦੇ ਮੈਂਬਰ ਹੋਣ ਦੇ ਨਾਤੇ ਜੋ ਵੀ ਸਾਡੇ ਫਰਜ ਬਣਦੇ ਹਨ, ਅਸੀਂ ਉਹਨਾਂ ਨੂੰ ਪੂਰਾ ਕਰਾਂਗੇ।

# ਸੰਤ ਮੇਲਾ ਰਾਮ ਜੀ ਦੀ 62ਵੀਂ ਬਰਸੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਮਨਾਈ













ਸੈਕਰਾਮੈਂਟੋ- ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸੰਤ ਮੇਲਾ ਰਾਮ ਜੀ ਦੀ 62ਵੀਂ ਬਰਸੀ ਡੇਰਾ 108 ਸੰਤ ਦਰਸ਼ਨ ਸਿੰਘ ਜੀ ਨਗਰ ਫਿਲੌਰ ਦੀ ਸਮੂਹ ਸੰਗਤਾਂ ਵੱਲੋਂ ਮਨਾਈ ਗਈ। ਸ਼ੁੱਕਰਵਾਰ ਨੂੰ ਰੱਖੇ ਗਏ ਆਖੰਡ ਪਾਠ ਸਾਹਿਬ ਜੀ ਦੇ ਭੋਗ 30 ਅਗਸਤ ਦਿਨ ਐਤਵਾਰ ਨੂੰ ਪਾਏ ਗਏ। ਇਸ ਮੌਕੇ ਗੁਰੂ ਘਰ ਦੇ ਸਾਬਕਾ ਪ੍ਰਧਾਨ ਸਤੀਸ਼ ਰੱਲ੍ਹ ਨੇ ਇਸ ਡੇਰੇ ਦੀ ਚੱਲੀ ਆ ਰਹੀ ਗੱਦੀ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਇਹ ਵੀ ਕਿਹਾ ਕਿ ਸੰਤ ਮਹਾਤਮਾ ਦੇ ਰਸਤੇ 'ਤੇ ਚਲਦਿਆਂ ਹੀ ਮਨੁੱਖ ਆਪਣਾ ਜੀਵਨ ਸਫਲ ਬਣਾ ਸਕਦਾ ਹੈ। ਪ੍ਰੇਮ ਪਾਲ ਨੇ ਕਥਾ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇੰਡੀਆ ਤੋਂ ਬੀ. ਐਸ. ਬਾਗਲਾ ਰਿਟਾਇਰਡ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਅਤੇ ਪ੍ਰਧਾਨ ਫਗਵਾੜਾ ਫੁਟਬਾਲ ਅਕੈਡਮੀ, ਵਾਈਸ ਪ੍ਰਧਾਨ ਡਿਸਟ੍ਰਿਕ ਉਲੰਪਿਕ ਰੈਸਲਿੰਗ ਐਸੋਸੀਏਸ਼ਨ, ਪ੍ਰਧਾਨ ਅਵੇਅਰਨੈਸ ਫੋਰਮ ਪੰਜਾਬ ਨੇ ਵੀ ਸੰਗਤਾਂ ਨੂੰ ਸੰਬੋਧਿਤ ਕੀਤਾ। ਦਿਨ ਸ਼ਨੀਵਾਰ ਨੂੰ ਗੁਰੂ ਘਰ ਵਿਖੇ 108 ਸੰਤ ਬੀਬੀ ਮੀਨਾ ਦੇਵੀ ਜੀ ਨੇ ਕੀਰਤਨ ਅਤੇ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਕਮੇਟੀ ਵੱਲੋਂ ਉਹਨਾਂ ਨੂੰ ਸਿਰੋਪਾ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਦਿਨ ਐਤਵਾਰ ਭੋਗ ਉਪਰੰਤ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਜਸਪਾਲ ਸਿੰਘ ਅਤੇ ਭਾਈ ਨਿਰਮਲ ਸਿੰਘ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਸਟੇਜ ਦੀ ਸੇਵਾ ਜੱਸੀ ਬੰਗਾ ਨੇ ਨਿਭਾਈ। ਆਉਂਦੇ ਐਤਵਾਰ ਨੂੰ ਗੁਰੂ ਘਰ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਜਾ ਰਿਹਾ ਹੈ। ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਰਖਾਏ ਜਾਣਗੇ ਤੇ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ। ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।

# ਪੰਜਾਬੀ ਮਸਤਾਨਾ ਜੋਗੀ ਸੂਫੀ ਗਾਇਕ ਕੰਵਰ ਗਰੇਵਾਲ ਦੇ ਸ਼ੋਅ ਨੇ ਫਰਿਜ਼ਨੋ ਨਿਵਾਸੀਆਂ ਦਾ ਜਿੱਤਿਆ ਮਨ





ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ): ਸੈਂਟਰਲ ਵੈਲੀ ਫਰਿਜ਼ਨੋ ਦੇ 'ਟਾਵਰ ਥੀਏਟਰ' ਵਿੱਚ ਮਸ਼ਤਾਨਾ ਜੋਗੀ ਸੂਫੀ ਕਲਾਕਾਰ ਕੰਵਰ ਗਰੇਵਾਲ ਦੇ ਸ਼ੋ ਵਿੱਚ ਦਰਸ਼ਕਾ ਦੇ ਭਾਰੀ ਇਕੱਠ ਨੇ ਦਸ਼ਤਕ ਦਿੱਤੀ। ਪਹਿਲਾ ਹੀ ਸਾਰੀਆਂ ਟਿਕਟਾ ਵਿਕਣ ਅਤੇ ਸਾਰਾ ਹਾਲ ਭਰਨ ਵਿੱਚ ਕਲਾਕਾਰ ਅਤੇ ਪ੍ਰਬੰਧਕ ਵਧਾਈ ਦੇ ਪਾਤਰ ਹਨ। ਇਸ ਸ਼ੋ ਦੀ ਸੁਰੂਆਤ ਸ. ਸੰਤੋਖ ਸਿੰਘ ਮਿਨਹਾਸ ਨੇ ਸ਼ਾਇਰਾਨਾ ਅੰਦਾਜ਼ ਵਿੱਚ ਸਭ ਨੂੰ ਕੀ ਆਇਆ ਕਹਿਣ ਨਾਲ ਕੀਤੀ। ਜਿਸ ਉਪਰੰਤ ਸਮੂੰਹ ਪ੍ਰਬੰਧਕਾਂ ਨੇ ਸਟੇਜ਼ ਤੋਂ ਕੰਵਰ ਗਰੇਵਾਲ ਨੂੰ ਸਨਮਾਨ ਦਿੰਦੇ ਹੋਏ ਫੁੱਲਾ ਦਾ ਗੁਲਦਸ਼ਤਾ ਭੇਟ ਕੀਤਾ।

ਆਪਣੀ ਵਿਲੱਖਣ ਪਹਿਚਾਣ ਬਣਾਉਦੇ ਹੋਏ ਜੋਗੀਆਂ ਵਾਂਗ ਭਗਵੇ ਕੱਪੜੇ ਪਾ ਕਾਲੀ ਕੰਬਲੀ ਦੀ ਬੁਕਲ ਮਾਰ ਝੂਮਦਾ ਸਭ ਨੂੰ ਮੱਥਾ ਟੇਕਦਾ ਮਸਤਾਨਾ ਜੋਗੀ ਗਾਇਕ ਕੰਵਰ ਗਰੇਵਾਲ ਸੂਫੀ ਰੰਗਤ ਵਿੱਚ ਸਟੇਜ਼ 'ਤੇ ਆਇਆ। ਜਿਸ ਨੇ ਇਕੱਲਿਆਂ ਤਿੰਨ ਘੰਟੇ ਤੋਂ ਵਧੀਕ ਸਮਾਂ ਸਟੇਜ਼ ਨੂੰ ਆਪਣੀ ਗਾਇਕੀ ਰਾਹੀ ਸੂਫੀਅਤ ਦੇ ਰੰਗ ਵਿੱਚ ਇਸ ਤਰ੍ਹਾਂ ਰੰਗਿਆ ਕਿ ਜਿਸ ਵਿੱਚ ਧਰਮ, ਸੱਭਿਆਚਾਰ, ਪਰਿਵਾਰਕ ਸਾਂਝਾ ਦੀ ਗੱਲ ਦੇ ਨਾਲ-ਨਾਲ, ਧਰਮ, ਰੂਹਾਨੀਅਤ ਅਤੇ ਜ਼ਿੰਦਗੀ ਦੇ ਅਸਲ ਮਨੋਰਥ ਦੀ ਗੱਲ ਹੋਈ।

ਇਸ ਪ੍ਰੋਗਰਾਮ ਦਾ ਮਹੌਲ ਇਕ ਸਤਸੰਗ ਵਾਂਗ ਬਣ ਗਿਆ। ਜਿਸ ਦਾ ਸਰੋਤਿਆ ਨੇ ਸਾਰਾ ਸਮਾਂ ਆਪਣੀਆਂ ਸੀਟਾਂ 'ਤੇ ਬੈਠ ਕੇ ਸੁਰੂਆਤ ਤੋਂ ਅੰਤ ਤੱਕ ਪੂਰਾ ਅਨੰਦ ਮਾਣਿਆ। ਇਸ ਦੀ ਖਾਸੀਅਤ ਇਹ ਵੀ ਰਹੀ ਕਿ ਪ੍ਰਬੰਧਕਾ ਨੇ ਕਿਸੇ ਵੀ ਵਿਆਕਤੀ ਖਾਸ ਨੂੰ ਸਟੇਜ਼ 'ਤੇ ਲਿਆ ਕੇ ਨਾਂ ਜਾਂ ਸਨਮਾਨ ਆਦਿਕ ਦਿਖਾਵੇ ਵਿੱਚ ਆਪਣਾ ਵਕਤ ਖਰਾਬ ਨਹੀਂ ਕੀਤਾ।

ਇਹ ਪ੍ਰੋਗਰਾਮ ਗਾਇਕੀ ਦਾ ਅਖਾੜਾ ਨਾ ਹੋ ਕੇ ਇਕ ਬਹੁਤ ਵਧੀਆ ਸਿੱਖਿਆ ਦਿੰਦਾ ਸੈਮੀਨਾਰ ਬਣ ਗਿਆ। ਇਸ ਸ਼ੋ ਤੋਂ ਦੋ ਦਿਨ ਪਹਿਲਾ ਪ੍ਰਬੰਧਕਾ ਵੱਲੋਂ ਇਕ ਸਮੂੰਹ ਮੀਡੀਆਂ, ਸਪਾਂਸ਼ਰ ਅਤੇ ਹੋਰ ਬੁੱਧੀਜੀਵੀਆਂ ਦੀ ਇਕ ਪ੍ਰੈਸ਼ ਮੀਟਿੰਗ ਵੀ ਕਰਵਾਈ ਗਈ ਸੀ।

ਜਿੱਥੇ ਹਾਜ਼ਰੀਨ ਲੋਕਾਂ ਨੇ ਕੰਵਰ ਦੀ ਗਾਇਕੀ, ਸ਼ਾਇਰੀ, ਸੂਫੀਅਤ ਅਤੇ ਪਹਿਰਾਵੇ ਪ੍ਰਤੀ ਬਹੁਤ ਸਾਰੇ ਸਵਾਲ-ਜਵਾਬ ਕੀਤੇ। ਇੱਥੇ ਧਾਰਮਿਕ ਪੱਖ ਤੋਂ ਵੀ ਗੱਲਬਾਤ ਹੋਈ। ਜਿੱਥੇ ਕੰਵਰ ਗਰੇਵਾਲ ਨੇ ਸਭ ਸਵਾਲਾ ਦੇ ਜਵਾਬ ਤਸੱਲੀਬਖਸ਼ ਦਿੰਦੇ ਹੋਏ ਦੱਸਿਆ ਕਿ ਮੈਂ ਸਿੱਖ ਪਰਿਵਾਰ ਨਾਲ ਸੰਬੰਧਤ ਹਾਂ ਅਤੇ ਇਹ ਗਾਇਕੀ ਜਾਂ ਪਹਿਰਾਵਾ ਮੇਰੀ ਪਹਿਚਾਣ ਹੈ। ਗੁਰੂਆਂ ਦੀਆਂ ਸਿਖਿਆਵਾ ਅਨੁਸਾਰ ਮੈਂ ਸਮੂੰਹ ਇਨਸਾਨੀਅਤ ਦੀ ਕਦਰ ਕਰਦਾ ਹਾਂ। ਅਜਿਹੇ ਉਨ੍ਹਾਂ ਦੇ ਅਨੇਕਾਂ ਸਵਾਲਾ ਸੇ ਜੁਆਬ ਤੋਂ ਸਭ ਨੂੰ ਸੰਤੁਸ਼ਟੀ ਹੋਈ। ਜਿਸ ਦਾ ਵਿਸ਼ੇਸ਼ ਰੰਗ ਉਸ ਸ਼ੋ ਵਿੱਚ ਬੜੀ ਇਮਾਨਦਾਰੀ ਨਾਲ ਝਲਕ ਰਿਹਾ ਸੀ।

ਇਸ ਸ਼ੋ ਦੇ ਮੁੱਖ ਪ੍ਰਬੰਧਕ ਗੁੱਲੂ ਸਿੱਧੂ ਬਰਾੜ, ਸੰਨੀ ਮੰਟੂ ਅਤੇ ਪ੍ਰਦੀਪ ਸਿੰਘ ਮਿਨਹਾਸ, ਨਵਜੀਤ ਸਿੰਘ ਚਾਹਲ, ਸੰਤੋਖ ਸਿੰਘ ਮਿਨਹਾਸ ਆਦਿਕ ਹੋਰ ਬਹੁਤ ਨਾਂ ਜ਼ਿਕਰਯੋਗ ਹਨ। ਇਹ ਭੀੜ-ਭੜੱਕੇ ਅਤੇ ਸੰਗੀਤ ਦੇ ਰੌਲੇ ਰੱਪੇ ਵਾਲੇ ਅਖਾੜੇ ਤੋਂ ਹੱਟ ਕੇ ਪਰਿਵਾਰਕ, ਸੱਭਿਆਚਾਰਕ ਅਤੇ ਰੂਹਾਨੀ ਗਿਆਨ ਦੇਣ ਵਾਲਾ ਸ਼ੋ ਸੀ। ਜਿੱਥੇ ਇਨਸਾਨੀਅਤ ਅਤੇ ਪਰਮਾਤਮਾ ਦੀ ਗੱਲ ਹੋਈ। ਜਿਸ ਦਾ ਸਰੋਤਿਆ ਨੇ ਅੰਤ ਤੱਕ ਖੂਬ ਅਨੰਦ ਮਾਣਿਆ ਅਤੇ ਸਲਾਹੁਣਾ ਕੀਤੀ। ਅੰਤ ਇਹ ਖਚਾਖਚ ਭਰੇ ਹਾਲ ਅੰਦਰ ਆਪਣੀਆਂ ਅਮਿੱਟ ਪੈੜਾ ਛੱਡਦਾ ਯਾਦਗਾਰੀ ਸ਼ੋ ਹੋ ਨਿਬੜਿਆ।

## ਦਲਿਤ ਭੈਣਾਂ ਨਾਲ ਜਬਰ ਜਨਾਹ ਦੇ ਹੁਕਮ ਤੋਂ ਬਾਅਦ ਪਰਿਵਾਰ ਘਰੋਂ ਦੌੜਿਆ

ਭਾਗਪਤ- ਉੱਤਰ ਪ੍ਰਦੇਸ਼ ਦੀ ਇਕ ਖਾਪ ਪੰਚਾਇਤ ਵਲੋਂ 23 ਸਾਲਾ ਮਿਨਾਕਸ਼ੀ ਅਤੇ ਉਸ ਦੀ 15 ਸਾਲਾ ਦਲਿਤ ਭੈਣ ਨਾਲ ਜਬਰ ਜਨਾਹ ਕਰਨ ਅਤੇ ਉਨ੍ਹਾਂ ਦੇ ਮੂੰਹ ਕਾਲੇ ਕਰਕੇ ਨਗਨ ਘੁਮਾਉਣ ਦੇ ਹੁਕਮ ਤੋਂ ਬਾਅਦ ਇਹ ਦੋਵੇਂ ਭੈਣਾਂ ਦਹਿਸ਼ਤ ਵਿਚ ਹਨ। ਜ਼ਿਕਰਯੋਗ ਹੈ ਕਿ ਇਨ੍ਹਾਂ ਲੜਕੀਆਂ ਦਾ ਭਰਾ ਇਕ ਉੱਚ ਜਾਤੀ ਦੀ ਵਿਆਹੁਤਾ ਔਰਤ ਨਾਲ ਫਰਾਰ ਹੋ ਗਿਆ ਜਿਸ ਕਾਰਨ ਇਨ੍ਹਾਂ ਨੂੰ ਇਹ ਸਜਾ ਸੁਣਾਈ ਗਈ ਹੈ। ਸਜ਼ਾ ਦੇ ਡਰੋਂ ਇਹ ਲੜਕੀਆਂ ਘਰ ਛੱਡ ਕੇ ਦਿੱਲੀ ਦੌੜ ਗਈਆਂ ਸਨ। ਮਿਨਾਕਸ਼ੀ ਨੇ ਦੱਸਿਆ ਕਿ ਜਾਟਾਂ ਤੋਂ ਖ਼ਤਰੇ ਕਾਰਨ ਸਾਡਾ ਪਰਿਵਾਰ ਇਹ ਸਜ਼ਾ ਸੁਣਾਏ ਜਾਣ ਤੋਂ ਬਾਅਦ ਘਰ ਛੱਡ ਕੇ ਦਿੱਲੀ ਦੌੜ ਆਇਆ। ਮਿਨਾਕਸ਼ੀ 24 ਮਈ ਨੂੰ ਪਰਿਵਾਰ ਸਮੇਤ ਦਿੱਲੀ ਪੁੱਜੀ ਸੀ ਜਿਥੇ ਉਸ ਨੇ ਸੁਪਰੀਮ ਕੋਰਟ ਵਿਚ ਸੁਰੱਖਿਆ ਦੇਣ ਲਈ ਪਟੀਸ਼ਨ ਦਾਇਰ ਕੀਤੀ ਜਿਸ ਦਾ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਨੇ ਉਤਰ ਪ੍ਰਦੇਸ਼ ਸਰਕਾਰ ਨੂੰ 14 ਸਤੰਬਰ ਤੱਕ ਰਿਪੋਰਟ ਦੇਣ ਲਈ ਕਿਹਾ ਹੈ ਜਦੋਂ ਇਸ ਮਾਮਲੇ ਦੀ ਦੁਬਾਰਾ ਸੁਣਵਾਈ ਤੈਅ ਕੀਤੀ ਗਈ ਹੈ।

ਦੇਸ਼ ਦੁਆਬਾ

## ਭਾਰਤ ਪਾਕਿਸਤਾਨ ਟਕਰਾਅ ਅਤੇ ਦਹਿਸ਼ਤ

ਪਾਕਿਸਤਾਨ ਦੁਆਰਾ ਹਾਲ ਹੀ ਵਿਚ ਭਾਰਤ ਨੂੰ ਦਿੱਤੀ ਗਈ ਪਰਮਾਣੂ ਜੰਗ ਦੀ ਧਮਕੀ ਦੇ ਕਾਰਨ ਸਾਰੀ ਦੁਨੀਆਂ ਵਿਚ ਹਲਚਲ ਵਰਗਾ ਮਾਹੌਲ ਹੈ। ਹਾਲਾਂਕਿ ਅਜਿਹਾ ਹੋਵੇਗਾ ਨਹੀਂ ਕਿਉਂਕਿ ਜੇਕਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਹੋ ਜਾਂਦੀ ਹੈ ਤਾਂ ਪਾਕਿਸਤਾਨ ਪਰਮਾਣੂ ਹਥਿਆਰ ਵਰਤਣ ਦੀ ਹਿੰਮਤ ਨਹੀਂ ਕਰੇਗਾ, ਕਿਉਂਕਿ ਉਸ ਨੂੰ ਡਰ ਹੈ ਕਿ ਭਾਰਤ ਦੇ ਪਰਮਾਣੂ ਹਥਿਆਰਾਂ ਦਾ ਕੰਟਰੋਲ ਇਕ ਅਜਿਹੇ ਵਿਅਕਤੀ ਕੋਲ ਹੈ, ਜਿਸ ਨੇ ਆਦੇਸ਼ ਦਿੰਦਿਆਂ ਬਿਲਕੁਲ ਸਮਾਂ ਨਹੀਂ ਲਗਾਉਣਾ। ਅਜਿਹੀਆਂ ਧਮਕੀਆਂ ਦਾ ਸਿਲਸਿਲਾ ਨਿਰੰਤਰ ਚਲਦਾ ਰਹਿੰਦਾ ਹੈ, ਪਰ ਸਮੱਸਿਆ ਦੋਵੇਂ ਮੁਲਕਾਂ ਵਿਚਕਾਰ ਹੋਣ ਵਾਲੀ ਗੋਲਾ-ਬਾਰੀ ਹੈ। ਇਸ ਦੇ ਕਾਰਨ ਸਰਹੱਦੀ ਇਲਾਕਿਆਂ ਵਿਚ ਦਹਿਸ਼ਤ ਦਾ ਮਾਹੋਲ ਰਹਿੰਦਾ ਹੈ। ਰਾਤ ਦੇ ਵਕਤ ਲੋਕ ਸੁਰੱਖਿਅਤ ਥਾਵਾਂ ਵੱਲ ਪਲਾਇਨ ਕਰ ਜਾਂਦੇ ਹਨ ਅਤੇ ਦਿਨ ਨੂੰ ਫਿਰ ਵਾਪਸ ਆਪਣੇ ਘਰਾਂ ਨੂੰ ਆ ਜਾਂਦੇ ਹਨ। ਕੁਝ ਲੋਕ ਤਾਂ ਰਿਸ਼ਤੇਦਾਰਾਂ ਅਤੇ ਕਰੀਬੀਆਂ ਦੇ ਘਰਾਂ ਵਿਚ ਸ਼ਰਨ ਲੈ ਕੇ ਰਹਿ ਰਹੇ ਹਨ। ਬੀਤੇ ਸ਼ੁੱਕਰਵਾਰ ਸਵੇਰੇ ਪਾਕਿਸਤਾਨ ਵੱਲੋਂ ਕੀਤੀ ਗਈ ਗੋਲਾਬਾਰੀ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ, ਜਦਕਿ 17 ਲੋਕ ਜ਼ਖਮੀ ਹੋਏ ਸਨ। ਚਾਹੇ ਪਾਕਿਸਤਾਨ ਦੇ ਨਾਲ ਯੁੱਧ ਹੋਵੇ ਜਾਂ ਨਾ ਹੋਵੇ ਪਰ ਬਾਰਡਰ ਤੇ ਇਹ ਸਿਲਸਿਲਾ ਨਿਰੰਤਰ ਚਲਦਾ ਰਹਿੰਦਾ ਹੈ। ਇਸ ਵਕਤ ਬਾਰਡਰ ਇਲਾਕੇ ਵਿਚ ਰਹਿਣ ਵਾਲੇ ਲੋਕਾਂ ਦੀ ਜੋ ਸਥਿਤੀ ਹੈ, ਉਹ ਕਿਸੇ ਤੋਂ ਲੁਕੀ ਹੋਈ ਨਹੀਂ ਹੈ। ਉਹਨਾਂ ਨੂੰ ਇਹ ਡਰ ਰਹਿੰਦਾ ਹੈ ਕਿ ਜੇਕਰ ਰਾਤ ਦੇ ਵਕਤ ਪਾਕਿਸਤਾਨ ਨੇ ਗੋਲੀਬਾਰੀ ਆਰੰਭ ਕਰ ਦਿੱਤੀ ਤਾਂ ਉਹ ਜਾਨ ਬਚਾਉਣ ਦੇ ਲਈ ਬੰਕਰਾਂ ਤੱਕ ਵੀ ਨਹੀਂ ਪਹੁੰਚ ਪਾਉਣਗੇ। ਪਿਛਲੇ ਛੇ ਮਹੀਨੇ ਵਿਚ ਪਾਕਿਸਤਾਨ ਨੇ ਦੋ ਸੌ ਵਾਰ ਤੋਂ ਜ਼ਿਆਦਾ ਸੀਜ ਫਾਇਰ ਦੀ ਉਲੰਘਣਾ ਕੀਤੀ ਹੈ। ਗੋਲਾਬਾਰੀ ਦੇ ਕਾਰਨ ਸਭ ਤੋਂ ਜ਼ਿਆਦਾ ਵਿਦਿਆਰਥੀ, ਮਜਦੂਰ ਅਤੇ ਕਿਸਾਨ ਪ੍ਰਭਾਵਿਤ ਹੁੰਦੇ ਹਨ। ਵਿਦਿਆਰਥੀ ਪੜ੍ਹਾਈ ਨਹੀਂ ਕਰ ਪਾਉਂਦੇ, ਕਿਸਾਨ ਦੀ ਖੇਤੀ ਤੇ ਅਸਰ ਨਾਲ ਮਜਦੂਰ ਨੂੰ ਮਜਦੂਰੀ ਨਹੀਂ ਮਿਲਦੀ। ਅਜਿਹੀ ਸਥਿਤੀ ਸਿਰਫ ਭਾਰਤ ਵਾਲੇ ਪਾਸੇ ਨਹੀਂ ਬਲਕਿ ਪਾਕਿਸਤਾਨ ਵਾਲੇ ਪਾਸੇ ਵੀ ਹੈ। ਉਧਰ ਵੀ ਭਾਰਤ ਦੀ ਜਵਾਬੀ ਕਾਰਵਾਈ ਦੇ ਕਾਰਨ ਹਜ਼ਾਰਾਂ ਲੋਕ ਉਜਾੜੇ ਦਾ ਸ਼ਿਕਾਰ ਹੁੰਦੇ ਹਨ।

ਸਰਕਾਰ ਵੀ ਅਜਿਹੀ ਸਥਿਤੀ ਨਾਲ ਨਿਪਟਣ ਵਿਚ ਅਸਮਰੱਥ ਹੈ। ਪਾਕਿਸਤਾਨ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਕਿ ਉਹ ਕਦੋਂ ਅਤੇ ਕਿੱਥੇ ਗੋਲੀਬਾਰੀ ਆਰੰਭ ਕਰ ਦੇਵੇ, ਕਿਉਂਕਿ ਪਾਕਿਸਤਾਨ ਦੀ ਫੌਜ ਉਤੇ ਸਰਕਾਰ ਦਾ ਕੰਟਰੋਲ ਬਹੁਤ ਘੱਟ ਹੈ। ਫੌਜ ਭਾਰਤ ਨਾਲ ਸਬੰਧ ਸੁਧਾਰਨ ਦੇ ਪੱਖ ਵਿਚ ਨਹੀਂ ਹੈ। ਦੋਵੇਂ ਮੁਲਕਾਂ ਦੀਆਂ ਸਰਕਾਰਾਂ ਯੁੱਧ ਨਹੀਂ ਚਾਹੁੰਦੀਆਂ ਪਰ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਯੁੱਧ ਨਜ਼ਰ ਆਉਣ ਲੱਗ ਪੈਂਦਾ ਹੈ। ਦੋਵੇਂ ਮੁਲਕਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਦੋਵਾਂ ਦਾ ਭਲਾ ਸਹਿਹੋਂਦ ਵਿਚ ਹੈ। ਬਾਰਡਰ ਤੇ ਹਜ਼ਾਰਾਂ ਲੋਕ ਹੁਣ ਤੱਕ ਆਪਣੀ ਜਾਨਾਂ ਗੁਆ ਚੁੱਕੇ ਹਨ ਅਤੇ ਹਜ਼ਾਰਾਂ ਅੰਗਹੀਣ ਹੋ ਗਏ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜ਼ਖਮੀਆਂ ਨੂੰ ਵੀ ਉਚਿਤ ਮੁਆਵਜਾ ਦੇਣ ਦਾ ਐਲਾਨ ਕਰੇ। ਹੈਰਾਨੀ ਹੈ ਕਿ ਜ਼ਖਮੀਆਂ ਨੂੰ ਸਿਰਫ ਪੰਜ ਚਾਰ ਹਜ਼ਾਰ ਰੁਪਏ ਹੀ ਮਿਲਦੇ ਹਨ, ਜਿਹਨਾਂ ਨਾਲ ਉਹਨਾਂ ਦਾ ਇਲਾਜ ਵੀ ਨਹੀਂ ਹੋ ਪਾਉਂਦਾ। ਸੀਮਾ ਤੇ ਤਣਾਅ ਦਾ ਸਭ ਤੋਂ ਜ਼ਿਆਦਾ ਖਮਿਆਜ਼ਾ ਇਹੀ ਲੋਕ ਭੁਗਤ ਰਹੇ ਹਨ, ਚਾਹੇ ਉਹ ਭਾਰਤੀ ਹੋਵੇ ਜਾਂ ਪਾਕਿਸਤਾਨੀ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕਾਂ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ।

# ਸਿੱਖ-ਵਿਰੋਧੀ ਸ਼ਕਤੀਆਂ ਦੀ ਸਾਜ਼ਿਸ਼ ਬਨਾਮ ਸਿੱਖ ਆਗੂ



ਜਸਵੰਤ ਸਿੰਘ 'ਅਜੀਤ'
91-95827-198 90

ਇਸ ਵਿੱਚ ਕੋਈ ਸ਼ਕ ਨਹੀਂ ਕਿ ਬੀਤੇ ਕਾਫੀ ਸਮੇਂ ਤੋਂ ਭਾਰਤੀ ਜਨਤਾ ਪਾਰਟੀ ਅਤੇ ਉਸਦੇ ਸਹਿਯੋਗੀ, ਸੰਘ ਪਰਿਵਾਰ ਦੀਆਂ ਆਰ ਐਸ ਐਸ ਵਰਗੀਆਂ ਕਈ ਜਥੇਬੰਦੀਆਂ ਇਕ ਸੋਚੀ-ਸਮਝੀ ਅਤੇ ਗਿਣੀ-ਮਿਥੀ ਸਾਜ਼ਸ਼ ਅਧੀਨ ਸਿੱਖ ਧਰਮ ਦੀ ਸੁਤੰਤਰ ਹੋਂਦ ਅਤੇ ਸਿੱਖਾਂ ਦੀ ਅੱਡਰੀ ਪਛਾਣ ਪੁਰ ਸਵਾਲੀਆ ਨਿਸ਼ਾਨ ਲਾ, ਉਨ੍ਹਾਂ ਨੂੰ ਖਤਮ ਕਰਨ ਲਈ ਬਹੁਤ ਹੀ ਸਰਗਰਮੀ ਨਾਲ ਜੁਟੀਆਂ ਚਲੀਆਂ ਆ ਰਹੀਆਂ ਹਨ। ਪ੍ਰੰਤੂ ਕੀ ਇਹ ਵੀ ਸੱਚ ਨਹੀਂ, ਕਿ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਅਤੇ ਸਿੱਖ ਧਰਮ ਦੀ ਸੁਤੰਤਰ ਹੋਂਦ ਅਤੇ ਸਿੱਖਾਂ ਦੀ ਅੱਡਰੀ ਪਛਾਣ ਦੀ ਰਾਖੇ ਹੋਣ ਦੀਆਂ ਦਾਅਵੇਦਾਰ ਸਿੱਖ ਜਥੇਬੰਦੀਆਂ ਦੇ ਆਗੂ, ਸਿੱਖ-ਵਿਰੋਧੀ ਸ਼ਕਤੀਆਂ ਦੀ ਇਸ ਸਾਜ਼ਸ਼ ਨੂੰ ਅਸਫਲ ਬਣਾਉਣ ਲਈ ਕੋਈ ਠੋਸ ਰਣਨੀਤੀ ਅਪਨਾ, ਉਸ ਪੁਰ ਅਮਲ ਕਰਨ ਦੀ ਬਜਾਏ, ਇਕ-ਦੂਜੇ ਨੂੰ ਹੀ ਨੀਵਾਂ ਵਿਖਾਉਣ ਲਈ ਆਪੋ ਵਿਚ ਹੀ ਖਹਿਬੜਨ ਲਗੇ ਚਲੇ ਆ ਰਹੇ ਹਨ।

ਇਨ੍ਹਾਂ ਅਗੂਆਂ ਵਿਚੋਂ ਸ਼ਾਇਦ ਕੋਈ ਵੀ ਇਸ ਗਲ ਨੂੰ ਸਮਝਣ ਲਈ ਤਿਆਰ ਨਹੀਂ, ਕਿ ਜੇ ਉਨ੍ਹਾਂ ਆਪਣੀ ਸ਼ਕਤੀ ਇਕ-ਦੂਜੇ ਨੂੰ ਨੀਵਾਂ ਵਿਖਾਣ ਅਤੇ ਇਕ-ਦੂਜੇ ਲਾਹ-ਪਾਹ ਕਰਨ ਵਿਚ ਹੀ ਬਰਬਾਦ ਕਰਨੀ ਜਾਰੀ ਰਖੀ ਤਾਂ ਸਿੱਖ-ਵਿਰੋਧੀ ਸ਼ਕਤੀਆਂ ਦੀਆਂ ਸਾਜ਼ਸ਼ਾਂ ਅਸਫਲ ਹੋਣ ਦੀ ਬਜਾਏ, ਲਗਾਤਾਰ ਵਧਦੀਆਂ ਅਤੇ ਸਫਲ ਹੁੰਦੀਆਂ ਜਾਣਗੀਆਂ, ਕਿਉਂਕਿ ਸਿੱਖ ਆਗੂਆਂ ਦੇ ਆਪੋ-ਵਿਚ ਹੀ ਲਾਹ-ਪਾਹ ਵਿਚ ਰੁਝੇ ਰਹਿਣ ਕਾਰਣ ਹੀ ਉਨ੍ਹਾਂ ਨੂੰ ਆਪਣੀਆਂ ਸਿੱਖ-ਵਿਰੋਧੀ ਸਰਗਰਮੀਆਂ ਜਾਰੀ ਰਖਣ ਲਈ ਖੁਲ੍ਹਾ ਮੈਦਾਨ ਮਿਲ ਰਿਹਾ ਹੈ। ਇਸਦੇ ਨਾਲ ਹੀ ਦੂਜੇ ਪਾਸੇ ਆਮ ਸਿੱਖਾਂ, ਵਿਸ਼ੇਸ਼ ਕਰਕੇ ਸਿੱਖ ਨੌਜਵਾਨਾਂ ਵਿਚ ਇਹ ਸੁਨੇਹਾ ਵੀ ਜਾ ਰਿਹਾ ਹੈ, ਕਿ ਜੇ ਸਿੱਖ ਜਥੇਬੰਦੀਆ ਤੇ ਉਨ੍ਹਾਂ ਦੇ ਆਗੂ ਹੀ ਸਿੱਖਾਂ ਦੀ ਅੱਡਰੀ ਪਛਾਣ ਅਤੇ ਸਿੱਖੀ ਦੀ ਸੁਤੰਤਰ ਹੋਂਦ ਕਾਇਮ ਰਖਣ ਪ੍ਰਤੀ ਇਕ-ਮਤ ਅਤੇ ਇਮਾਨਦਾਰ ਨਹੀਂ ਹਨ, ਤਾਂ ਉਹ ਕਿਸ ਵਲ ਵੇਖਣ ਅਤੇ ਕਿਸ ਪਾਸੋਂ ਸੇਧ ਲੈਣ? ਇਹ ਸੁਨੇਹਾ ਜਾਣਾ ਸਿੱਖੀ ਲਈ ਬਹੁਤ ਹੀ ਘਾਤਕ ਸਾਬਤ ਹੋਵੇਗਾ।

ਸਿੱਖ ਦੀ ਪ੍ਰੀਭਾਸ਼ਾ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ 'ਸਿੱਖ ਰਹਿਤ ਮਰਯਾਦਾ' ਅਨੁਸਾਰ 'ਜੋ ਇਸਤਰੀ ਜਾਂ ਪੁਰਸ਼, ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ'!

ਇਸ ਪ੍ਰੀਭਾਸ਼ਾ ਵਿੱਚ ਇਕ ਗਲ ਬਹੁਤ ਹੀ ਧਿਆਨ ਮੰਗਦੀ ਹੈ, ਉਹ ਇਹ ਕਿ 'ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਹੈ'। ਇਸਤੋਂ ਆਮ ਕਰਕੇ ਇਹੀ ਭਾਵ ਲਿਆ ਜਾਂਦਾ ਹੈ, ਕਿ ਸਿੱਖ ਹੋਣ ਲਈ ਬਾਕੀ ਸ਼ਰਤਾਂ ਪੂਰਿਆਂ ਕਰਨ ਦੇ ਨਾਲ ਹੀ 'ਅੰਮ੍ਰਿਤ ਛਕਣ' ਦੀ ਸ਼ਰਤ ਨੂੰ ਵੀ ਪੂਰਿਆਂ ਕਰਨਾ ਬਹੁਤ ਜ਼ਰੂਰੀ ਹੈ, ਅਰਥਾਤ ਜੋ ਵਿਅਕਤੀ ਅੰਮ੍ਰਿਤ ਨਹੀਂ ਛਕਦਾ, ਉਹ ਸਿੱਖ ਨਹੀਂ ਅਖਵਾ ਸਕਦਾ।

ਜੇ ਇਸ ਗਲ ਨੂੰ ਸਹੀ ਮੰਨ ਲਿਆ ਜਾਏ ਤਾਂ ਅੱਸੀ ਪ੍ਰਤੀਸ਼ਤ ਸਿੱਖ ਨੌਜਵਨਾਂ ਦੇ ਪੱਤਤ ਹੋਣ ਦਾ ਜੋ ਵਾ-ਵੇਲਾ ਮਚਾਇਆ ਜਾ ਰਿਹਾ ਹੈ, ਉਹ ਗ਼ਲਤ ਸਾਬਤ ਹੋ ਜਾਂਦਾ ਹੈ, ਕਿਉਂਕਿ ਪੱਤਤ ਉਸੇ ਨੂੰ ਕਿਹਾ ਜਾ ਸਕਦਾ ਹੈ, ਜੋ ਸਿੱਖ ਹੋ ਕੇ ਕੇਸਾਂ ਦੀ ਬੇਅਦਬੀ ਕਰੇ। ਜੋ ਉਪ੍ਰੋਕਤ 'ਰਹਿਤ ਮਰਯਾਦਾ' ਅਨੁਸਾਰ, ਅੰਮ੍ਰਿਤ ਛੱਕ, ਅਜੇ ਸਿੱਖ ਬਣਿਆ ਹੀ ਨਹੀਂ, ਉਹ ਜੇ ਕੇਸਾਂ ਦੀ ਬੇਅਦਬੀ ਕਰਦਾ ਹੈ, ਤਾਂ ਉਸਨੂੰ ਪੱਤਤ ਕਿਵੇਂ ਕਿਹਾ ਜਾ ਸਕਦਾ ਹੈ?

ਗੱਲ ਅੰਮ੍ਰਿਤਧਾਰੀਆਂ ਦੀ : ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜ. ਅਵਤਾਰ ਸਿੰਘ ਮੱਕੜ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜ. ਮਨਜੀਤ ਸਿੰਘ ਜੀਕੇ ਸਮੇਤ ਹੋਰ ਧਾਰਮਕ ਸਿੱਖ ਜਥੇਬੰਦੀਆਂ ਦੇ ਮੁੱਖੀ ਸੀਨੇ ਤੇ ਹਥ ਰਖ, ਗੁਰੂ ਸਾਹਿਬਾਨ ਨੂੰ ਹਾਜ਼ਰ-ਨਾਜ਼ਰ ਜਾਣ, ਇਹ ਦਾਅਵਾ ਕਰਨ ਦੀ ਦਲੇਰੀ ਕਰ ਸਕਦੇ ਹਨ ਕਿ ਉਨ੍ਹਾਂ ਨਾਲ ਜੋ ਮੈਂਬਰ ਹਨ, ਉਹ ਸਾਰੇ ਅੰਮ੍ਰਿਤਧਾਰੀ ਹੋਣ ਦੇ ਨਾਲ ਰਹਿਤ ਮਰਿਅਦਾ ਅਨੁਸਾਰ ਸਿੱਖ ਹੋਣ ਦੀ ਕਸੌਟੀ ਪੁਰ ਵੀ ਪੂਰੇ ਉਤਰਦੇ ਹਨ ਅਤੇ ਉਨ੍ਹਾਂ ਵਿਚੋਂ ਕੋਈ ਵੀ ਅਜਿਹਾ ਨਹੀਂ, ਜੋ ਸ਼ਰਾਬ ਪੀਂਦਾ, ਕੁਕਰਮ ਅਤੇ ਭਰਿਸ਼ਟਾਚਾਰ ਕਰਦਾ ਜਾਂ ਗੁਰੂ ਗੋਲਕ ਲੁਟਦਾ ਹੋਵੇ? ਜੇ ਇਨ੍ਹਾਂ ਪੰਥਕ ਆਗੂਆਂ ਵਿਚੋਂ ਕੋਈ ਵੀ ਇਹ ਦਾਅਵਾ ਕਰਨ ਦੀ ਦਲੇਰੀ ਕਰਨ ਦੇ ਸਮਰਥ ਨਹੀਂ ਤਾਂ ਫਿਰ ਕੀ ਗੁਰਧਾਮਾਂ ਦੇ ਇਹ ਮੈਂਬਰ, ਸਿੱਖ ਅਖਵਾਉਣ ਦਾ ਦਾਅਵਾ ਕਰਨ ਦੇ ਅਧਿਕਾਰੀ ਹੋ ਸਕਦੇ ਹਨ? ਜੇ ਨਹੀਂ! ਤਾਂ ਫਿਰ ਇਹ ਦਲੇਰੀ ਕਿਸੇ ਆਗੂ ਵਿਚ ਹੈ ਕਿ ਜੋ ਇਨ੍ਹਾਂ ਦੇ ਸਿੱਖ ਹੋਣ ਨੂੰ ਚੁਨੌਤੀ ਦੇ ਸਕੇ? ਕੇਵਲ ਇਸ ਕਰਕੇ ਕੋਈ ਚੁਨੌਤੀ ਦੇਣ ਲਈ ਤਿਆਰ ਨਹੀਂ, ਕਿਉਂਕਿ ਅਜ ਸਿੱਖੀ ਦੀ ਗਲ ਧਰਮ ਦੀ ਨਾ ਰਹਿ ਕੇ, ਰਾਜਨੀਤੀ ਅਤੇ ਵੋਟਾਂ ਦੀ ਬਣ ਗਈ ਹੋਈ ਹੈ।

ਪੰਥ ਨੂੰ ਉਚਿਆਂ ਲਿਜਾਣ ਦਾ ਸੰਕਲਪ : ਗੁਰੂ ਸਾਹਿਬਾਨ ਨੇ ਆਪਣੇ ਜੀਵਨ, ਸਿਖਿਆਵਾਂ, ਕਾਰਜਾਂ ਅਤੇ ਸ਼ਹੀਦੀਆਂ ਰਾਹੀਂ ਸਿੱਖਾਂ ਦੀ ਇਕ ਅਦੁਤੀ ਪਛਾਣ ਕਾਇਮ ਕੀਤੀ ਹੈ, ਅਤੇ ਉਨ੍ਹਾਂ ਤੋਂ ਬਾਅਦ ਸਿੱਖ ਯੋਧਿਆਂ ਨੇ ਆਪਣੀ ਜਨ-ਸੇਵਾ, ਗ਼ਰੀਬਾਂ-ਮਜ਼ਲੂਮਾਂ, ਬੇਗੁਨਾਹਵਾਂ ਅਤੇ ਬੇਸਹਾਰਿਆਂ ਦੀ ਰਖਿਆ ਅਤੇ ਜਬਰ-ਜ਼ੁਲਮ ਦਾ ਵਿਰੋਧ ਕਰਦਿਆਂ ਆਪਣੀਆਂ ਸ਼ਹਾਦਤਾਂ ਦੇ ਕੇ, ਉਸ ਪਛਾਣ ਅਤੇ ਆਪਣੇ ਪ੍ਰਤੀ ਵਿਸ਼ਵਾਸ ਨੂੰ ਬਣਾਈ ਰਖਿਆ। ਇਸੇ ਪਛਾਣ ਅਤੇ ਵਿਸ਼ਵਾਸ ਦਾ ਹੀ ਨਤੀਜਾ ਸੀ ਕਿ ਅੰਗ੍ਰੇਜ਼ੀ ਸੱਤਾ-ਕਾਲ ਦੀਆਂ ਅਰੰਭਕ ਅਦਾਲਤਾਂ ਦੇ ਜੱਜ ਕੇਵਲ ਇਕ ਸਿੱਖ ਦੀ ਗੁਆਹੀ ਦੇ ਅਧਾਰ ਤੇ ਹੀ ਆਪਣਾ ਫੈਸਲਾ ਦੇ ਦਿਆ ਕਰਦੇ ਸਨ, ਕਿਉਂਕਿ ਉਨ੍ਹਾਂ ਨੂੰ ਵਿਸ਼ਵਾਸ ਹੁੰਦਾ ਸੀ, ਸਿੱਖ ਕਦੀ ਵੀ ਝੂਠ ਨਹੀਂ ਬੋਲ ਸਕਦਾ। ਇਸੇ ਤਰ੍ਹਾਂ ਸਫਰ ਤੇ ਨਿਕਲੇ ਲੋਕਾਂ ਦੇ ਕਾਫਿਲੇ ਨਾਲ ਜੇ ਕੋਈ ਸਿੱਖ ਹੁੰਦਾ ਤਾਂ ਉਹ ਨਿਸ਼ਚਿੰਤ ਹੋ ਕੇ ਸਫਰ ਕਰਦੇ ਸਨ, ਕਿਉਂਕਿ ਉਨ੍ਹਾਂ ਨੂੰ ਵਿਸ਼ਵਾਸ ਹੁੰਦਾ ਸੀ ਕਿ ਜਦੋਂ ਤਕ ਸਿੱਖ ਉਨ੍ਹਾਂ ਦੇ ਕਾਫਿਲੇ ਨਾਲ ਹੈ, ਤਦ ਤਕ ਉਹ ਪੂਰੀ ਤਰ੍ਹਾਂ ਸੁਰਖਿਅਤ ਹਨ। ਇਹੀ ਵਿਸ਼ਵਾਸ ਸੀ ਕਿ ਜਦੋਂ ਕਿਸੇ ਨੇ ਆਪਣੀ ਧੀ-ਭੈਣ ਨੂੰ ਇਕਲਿਆਂ ਹੀ ਕਿਧਰੇ ਭੇਜਣਾ ਹੁੰਦਾ, ਤਾਂ ਉਹ ਉਸਨੂੰ ਗੱਡੀ ਵਿਚ ਬਿਠਾਣ ਤੋਂ ਪਹਿਲਾਂ, ਇਹ ਵੇਖਦਾ ਕਿ ਜਿਸ ਡੱਬੇ ਵਿਚ ਉਹ ਉਸਨੂੰ ਬਿਠਾ ਰਿਹਾ ਹੈ, ਉਸ ਵਿਚ ਕੋਈ ਸਿੱਖ ਬੈਠਾ ਹੈ ਜਾਂ ਨਹੀਂ? ਕਿਉਂਕਿ ਉਹ ਸਮਝਦਾ ਸੀ ਕਿ ਜਿਸ ਡੱਬੇ ਵਿਚ

(ਬਾਕੀ ਸਫਾ ਤੇ)

# ਸ਼ੰਕਾ-ਨਵਿਰਤੀ/ ਭਾਗ- 14



ਮੇਘ ਰਾਜ ਮਿੱਤਰ
+91-98887-87440

? ਕਈ ਵਾਰ ਬੱਚਾ ਪੈਦਾ ਹੋਣ ਵੇਲੇ ਉਸਦੇ ਫਾਲਤੂ ਜਿਹੇ ਅੰਗ ਲੱਗ ਜਾਂਦੇ ਹਨ। ਅਜਿਹਾ ਕਿਉਂ? ਅਜਿਹੇ ਬੱਚੇ ਬਚਦੇ ਵੀ ਘੱਟ ਹਨ, ਕਿਉਂ।

* ਅਸਲ ਵਿੱਚ ਉਸ ਬੱਚੇ ਦੇ ਨਾਲ ਇੱਕ ਹੋਰ ਬੱਚੇ ਦਾ ਜਨਮ ਵੀ ਹੋਇਆ ਹੁੰਦਾ ਹੈ। ਪਰ ਹੌਲੀ-ਹੌਲੀ ਇੱਕ ਬੱਚਾ ਵਧਣਾ-ਫੁੱਲਣਾ ਸ਼ੁਰੂ ਕਰ ਦਿੰਦਾ ਹੈ ਤੇ ਦੂਸਰਾ ਬੱਚਾ ਅਲੋਪ ਹੋਣਾ ਸ਼ੁਰੂ ਹੋ ਜਾਂਦਾ ਹੈ। ਪਰ ਕਦੇ-ਕਦਾਈ ਦੂਸਰੇ ਦਾ ਕੋਈ ਨਾ ਕੋਈ ਅੰਗ ਆਪਣੀ ਹੋਂਦ ਕਾਇਮ ਰੱਖਦਾ ਹੈ। ਜਨਮ ਤੇ ਵਿਕਾਸ ਸਮੇਂ ਅਜਿਹੇ ਬੱਚਿਆਂ ਦੀਆਂ ਬਚਣ ਦੀਆਂ ਸੰਭਾਵਨਾਵਾਂ ਵੀ ਘੱਟ ਹੁੰਦੀਆਂ ਹਨ।

? ਕੀ ਧਰੁਵਾਂ ਅਨੁਸਾਰ ਸੌਣ ਨਾਲ ਨੀਂਦ 'ਤੇ ਕੋਈ ਪ੍ਰਭਾਵ ਪੈਂਦਾ ਹੈ?

* ਧਰੁਵਾਂ ਅਨੁਸਾਰ ਸੋਣ ਨਾਲ ਨੀਂਦ ਤੇ ਕੋਈ ਪ੍ਰਭਾਵ ਨਹੀਂ ਪੈਂਦਾ।

? ਸਮੁੰਦਰ ਤੋਂ ਕਿਸੇ ਥਾਂ ਦੀ ਉਚਾਈ ਕਿਵੇਂ ਮਾਪੀ ਜਾਂਦੀ ਹੈ।

* ਦੁਨੀਆਂ ਦੇ ਸਾਰੇ ਸਮੁੰਦਰ ਇੱਕ ਦੂਜੇ ਨਾਲ ਜੁੜੇ ਹੋਏ ਹਨ। ਪਾਣੀ ਆਪਣਾ ਤਲ ਬਰਾਬਰ ਰੱਖਦਾ ਹੈ। ਇਸ ਲਈ ਬੈਰੋਮੀਟਰ ਦੀ ਸਹਾਇਤਾ ਨਾਲ ਕਿਸੇ ਵੀ ਸਥਾਨ ਦੀ ਸਮੁੰਦਰੀ ਤਲ ਤੋਂ ਹੀ ਉਚਾਈ ਮਾਪੀ ਜਾਂਦੀ ਹੈ।

? ਕੀ ਯਾਦਸ਼ਕਤੀ ਵਿੱਚ ਮੁੰਡਿਆਂ ਅਤੇ ਕੁੜੀਆਂ ਵਿੱਚ ਅੰਤਰ ਹੁੰਦਾ ਹੈ? ਜੇ ਹੁੰਦਾ ਹੈ ਤਾਂ ਕਿਸ ਦੀ ਯਾਦਸ਼ਕਤੀ ਵੱਧ ਹੁੰਦੀ ਹੈ।

* ਲੜਕਿਆਂ ਅਤੇ ਲੜਕੀਆਂ ਦੀ ਯਾਦਸ਼ਕਤੀ ਵਿੱਚ ਕਿਸੇ ਕਿਸਮ ਦਾ ਅੰਤਰ ਨਹੀਂ ਹੁੰਦਾ।

? ਨੌਜਵਾਨ ਲੜਕਿਆਂ ਦੀਆਂ ਇੰਨੀਆਂ ਸਮੱਸਿਆਵਾਂ ਕਿਉਂ ਹੁੰਦੀਆਂ ਹਨ?

* ਕਿਉਂਕਿ ਇਸ ਉਮਰ ਵਿੱਚ ਲੜਕਿਆਂ ਨੂੰ ਆਪਣੇ ਭਵਿੱਖ ਬਾਰੇ ਗੰਭੀਰ ਕਿਸਮ ਦੇ ਫੈਸਲੇ ਲੈਣੇ ਹੁੰਦੇ ਹਨ। ਇਸ ਉਮਰ ਵਿੱਚ ਉਹਨਾਂ ਦੇ ਮਨ ਵਿੱਚ ਫੈਸਲੇ ਲੈਣ ਲਈ ਦੋਚਿੱਤੀਆਂ ਚਲਦੀਆਂ ਰਹਿੰਦੀਆਂ ਹਨ। ਇਸ ਲਈ ਇਸ ਉਮਰ ਵਿੱਚ ਉਹਨਾਂ ਦੀਆਂ ਸਮੱਸਿਆਵਾਂ ਜ਼ਿਆਦਾ ਹੁੰਦੀਆਂ ਹਨ।

? ਕੀ ਮਨੁੱਖ ਦੇ ਮਰਨ ਤੋਂ ਬਾਅਦ ਮਨੁੱਖ ਦੇ ਜ਼ਰੂਰੀ ਅੰਗ ਕਿਰਿਆਸ਼ੀਲ ਹੁੰਦੇ ਹਨ ਜਾਂ ਖਰਾਬ ਹੋ ਜਾਂਦੇ ਹਨ। ਕੀ ਉਨ੍ਹਾਂ ਨੂੰ ਕਿਸੇ ਤਰੀਕੇ ਨਾਲ ਦੁਬਾਰਾ ਕੰਮ ਵਿੱਚ ਲਿਆਂਦਾ ਜਾ ਸਕਦਾ ਹੈ।

* ਮਨੁੱਖੀ ਮੌਤ ਤੋਂ ਕੁਝ ਸਮੇਂ ਬਾਅਦ ਮਨੁੱਖੀ ਸਰੀਰ ਦੇ ਅੰਗ ਖਰਾਬ ਹੋਣੇ ਸ਼ੁਰੂ ਹੋ ਜਾਂਦੇ ਹਨ। 2-4 ਘੰਟੇ ਦੇ ਅੰਦਰ ਇਹ ਜੇ ਸਰੀਰ ਵਿੱਚੋਂ ਕੱਢ ਲਏ ਜਾਣ ਅਤੇ ਇਹਨਾਂ ਨੂੰ ਸੁਰੱਖਿਅਤ ਢੰਗ ਨਾਲ ਸਾਂਭ ਕੇ ਰੱਖਿਆ ਜਾ ਸਕਦਾ ਹੈ। ਕਿਸੇ ਹੋਰ ਵਿਅਕਤੀ ਦੇ ਖਰਾਬ ਅੰਗਾਂ ਦੀ ਥਾਂ ਇਹਨਾਂ ਦੀ ਵਰਤੋਂ ਹੋ ਸਕਦੀ ਹੈ।

? ਜ਼ਹਿਰ ਕਿਸ ਚੀਜ਼ ਦੀ ਬਣਾਈ ਜਾਂਦੀ ਹੈ ਤੇ ਇਸ ਨੂੰ ਖਾਣ ਨਾਲ ਆਦਮੀ ਕਿਵੇਂ ਮਰ ਜਾਂਦਾ ਹੈ।

* ਜ਼ਹਿਰਾਂ ਲੱਖਾਂ ਹੀ ਪ੍ਰਕਾਰ ਦੀਆਂ ਹੁੰਦੀਆਂ ਹਨ ਅਤੇ ਲੱਖਾਂ ਹੀ ਪਦਾਰਥਾਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਹਨਾਂ ਦਾ ਅਸਰ ਵੀ ਸਰੀਰ ਦੀਆਂ ਅਲੱਗ-ਅਲੱਗ ਪ੍ਰਣਾਲੀਆਂ ਤੇ ਹੁੰਦਾ ਹੈ।

? ਕੀ ਅਸਮਾਨੀ ਬਿਜਲੀ ਤੋਂ ਕਿਸੇ ਢੰਗ ਨਾਲ ਬਚਿਆ ਜਾ ਸਕਦਾ ਹੈ।

* ਅਸਮਾਨੀ ਬਿਜਲੀ ਤੋਂ ਆਪਣੇ ਆਪ ਨੂੰ ਬਚਾਉਣ ਦਾ ਸੁਰੱਖਿਅਤ ਤਰੀਕਾ ਇਹੀ ਹੈ ਕਿ ਤੁਸੀਂ ਸਿੱਧਾ ਧਰਤੀ ਦੇ ਸੰਪਰਕ ਵਿੱਚ ਨਹੀਂ ਹੋਣੇ ਚਾਹੀਦੇ।

? ਇੱਕ ਬੱਚਾ ਗਰਭ ਵਿੱਚ ਬਹੁਤ ਜ਼ਿਆਦਾ ਤਾਪਮਾਨ ਤੇ ਜਿੰਦਾ ਰਹਿੰਦਾ ਹੈ, ਜੇਕਰ ਬੱਚੇ ਨੂੰ ਬਾਹਰ ਇੰਨੇ ਤਾਪਮਾਨ ਵਿੱਚ ਰੱਖਿਆ ਜਾਵੇ ਤਾਂ ਉਹ ਜਲਦੀ ਹੀ ਮਰ ਜਾਏਗਾ। ਅਜਿਹਾ ਕਿਉਂ ਹੁੰਦਾ ਹੈ।

* ਗਰਭ ਵਿੱਚ ਬੱਚੇ ਦਾ ਤਾਪਮਾਨ ਲਗਭਗ 37.ਗ ਸੈਲਸੀਅਸ ਹੁੰਦਾ ਹੈ। ਰਾਜਸਥਾਨ ਵਰਗੇ ਗਰਮ ਇਲਾਕਿਆਂ ਵਿੱਚ ਤਾਂ ਆਮ ਤੌਰ 'ਤੇ ਹੀ ਬੱਚਿਆਂ ਨੂੰ ਇਸ ਤਾਪਮਾਨ ਤੋਂ ਵੱਧ ਤਾਪਮਾਨ ਤੇ ਸਮਾਂ ਗੁਜ਼ਾਰਨਾ ਪੈਂਦਾ ਹੈ। ਸੋ ਤੁਹਾਡੀ ਜਾਣਕਾਰੀ ਇਸ ਵਿਸ਼ੇ ਬਾਰੇ ਠੀਕ ਨਹੀਂ ਜਾਪਦੀ।

? ਖ਼ੂਨ ਨੂੰ ਕੌਣ ਸਾਫ਼ ਕਰਦਾ ਹੈ, ਦਿਲ ਜਾਂ ਫੇਫੜੇ ਵਿਸਥਾਰ ਨਾਲ ਸਮਝਾਉ।

* ਖ਼ੂਨ ਫੇਫੜਿਆਂ ਵਿੱਚ ਹੀ ਸਾਫ ਹੁੰਦਾ ਹੈ। ਇੱਥੇ ਖ਼ੂਨ ਵਿੱਚ ਆਕਸੀਜਨ ਘੁਲਦੀ ਰਹਿੰਦੀ ਹੈ ਅਤੇ ਕਾਰਬਨ ਡਾਈਆਕਸਾਈਡ ਨਿਕਲਦੀ ਰਹਿੰਦੀ ਹੈ।

? ਜਦੋਂ ਕੋਈ ਵਿਅਕਤੀ ਉਬਾਸੀ ਲੈਂਦਾ ਹੈ ਤਾਂ ਉਸ ਨੂੰ ਦੇਖਕੇ ਹੀ ਦੂਸਰੇ ਨੂੰ ਉਬਾਸੀ ਕਿਉਂ ਆ ਜਾਂਦੀ ਹੈ?

* ਇਹ ਮਾਨਸਿਕ ਪ੍ਰਭਾਵ ਕਰਕੇ ਹੁੰਦਾ ਹੈ। ਦਿਮਾਗ ਨੂੰ ਉਬਾਸੀ ਲੈਣ ਦਾ ਚੇਤਾ ਆ ਜਾਂਦਾ ਹੈ।

? ਸਾਨੂੰ ਸੌਣ ਤੋਂ ਪਹਿਲਾਂ ਉਬਾਸੀਆਂ ਕਿਉਂ ਆਉਂਦੀਆਂ ਹਨ ਤੇ ਨਾਲ ਹੀ ਅੱਖਾਂ ਵਿਚੋਂ ਪਾਣੀ ਕਿਉਂ ਆਉਣ ਲੱਗ ਜਾਂਦਾ ਹੈ, ਇਸ ਦਾ ਕੀ ਕਾਰਨ ਹੈ?

* ਮਨੁੱਖ ਨੂੰ ਉਬਾਸੀ ਆਉਣਾ ਆਕਸੀਜਨ ਦੀ ਘਾਟ ਦਾ ਸੂਚਕ ਹੈ। ਇਸ ਰਾਹੀਂ ਮਨੁੱਖ ਆਪਣੀਆਂ ਆਕਸੀਜਨ ਲੋੜਾਂ ਦੀ ਪੂਰਤੀ ਕਰਦਾ ਹੈ। ਉਬਾਸੀ ਲੈਣ ਸਮੇਂ ਚੜ੍ਹੀ ਨੀਂਦ ਕਾਰਨ ਅੱਖਾਂ ਬੰਦ ਹੁੰਦੀਆਂ ਹਨ, ਇਸ ਤਰ੍ਹਾਂ ਕਈ ਵਿਅਕਤੀਆਂ ਦੀਆਂ ਅੱਖਾਂ 'ਚੋਂ ਪਾਣੀ ਵੀ ਨਿਕਲ ਆਉਂਦਾ ਹੈ।

? ਸਾਡੀ ਸੱਜੀ ਅਤੇ ਖੱਬੀ ਅੱਖ ਕਿਉਂ ਫਰਕਦੀ ਹੈ। ਜ਼ਿਆਦਾਤਰ ਔਰਤਾਂ ਦਾ ਵਿਚਾਰ ਹੁੰਦਾ ਹੈ ਕਿ ਸੱਜੀ ਅੱਖ ਫਰਕਣੀ ਮਾੜੀ ਤੇ ਜਦ ਕਿ ਖੱਬੀ ਅੱਖ ਫਰਕਣੀ ਚੰਗੀ ਸਮਝੀ ਜਾਂਦੀ ਹੈ ਇਸ ਪਿੱਛੇ ਕੀ ਵਿਗਿਆਨਕ ਕਾਰਨ ਹੈ।

* ਸਾਡੀਆਂ ਅੱਖਾਂ ਦੇ ਵੱਧ ਫਰਕਣ ਦਾ ਕਾਰਨ ਅੱਖ ਵਿਚ ਜਾਂ ਦਿਮਾਗ ਵਿਚ ਕੋਈ ਮਾਮੂਲੀ ਨੁਕਸ ਹੋ ਸਕਦਾ ਹੈ, ਕਈ ਵਾਰ ਅੱਖ ਆਪਣੇ ਵਿਚ ਪਈ ਹੋਈ ਕਿਸੇ ਛੋਟੀ-ਮੋਟੀ ਰੁਕਾਵਟ ਨੂੰ ਦੂਰ ਕਰਨ ਲਈ ਅਜਿਹਾ ਕਰਦੀ ਹੈ ਅਤੇ ਕਈ ਵਾਰੀ ਅੱਖ ਤੇ ਦਿਮਾਗ ਦੇ ਤਾਲ-ਮੇਲ ਵਿਚ ਕੋਈ ਰੁਕਾਵਟ ਖੜ੍ਹੀ ਹੋ ਜਾਂਦੀ ਹੈ।

? ਕੀ ਲੂਣ ਵਾਲੀ ਚਾਹ ਪੀਣ ਨਾਲ ਗਲੇ ਦੀ ਇਨਫੈਕਸ਼ਨ ਠੀਕ ਹੋ ਜਾਂਦੀ ਹੈ?

* ਗਲੇ ਦੇ ਇਨਫੈਕਸ਼ਨ ਦਾ ਕਾਰਨ ਵਾਇਰਸ ਹੁੰਦਾ ਹੈ। ਲੂਣ ਵਾਲੀ ਚਾਹ ਪੀਣ ਨਾਲ ਥੋੜ੍ਹੇ ਸਮੇਂ ਲਈ ਵਾਇਰਸ ਘੱਟ ਹੋ ਜਾਂਦੇ ਹਨ ਅਤੇ ਗਲਾ ਸਾਫ ਹੋ ਜਾਂਦਾ ਹੈ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸੈਲਮਾਂ ਵਿਖੇ ਕੈਂਸਰ ਮਰੀਜ਼ਾਂ ਦੀ ਮਦਦ ਲਈ ਫੰਡਰੇਜ਼ਰ 'ਤੇ ਦਿੱਤਾ ਸਿੱਖ ਭਾਈਚਾਰੇ ਨੇ ਭਰਪੂਰ ਸਹਿਯੋਗ

ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ): ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾਂ ਵਿਖੇ ਸਿੱਖ ਭਾਈਚਾਰੇ ਨੇ ਇਕੱਠੇ ਹੋ ਇਕੱਤਰ ਕਰਨ ਲਈ ਸੰਗੀਤਕ ਸਾਮ ਦਾ ਆਗਾਜ਼ 'ਸੈਲਮਾ ਆਰਟ ਥੀਏਟਰ' ਵਿੱਚ ਬਾਲੀਵੁੱਡ ਇੰਟਰਟੇਨਮੈਂਟ ਦੇ ਸਹਿਯੋਗ ਨਾਲ ਕੀਤਾ ਗਿਆ।

ਜਿਸ ਦੀ ਸੁਰੂਆਤ ਜਸਵੰਤ ਸਿੰਘ ਮਹਿੰਮੀ ਨੇ ਸਭ ਨੂੰ ਜੀ ਆਇਆ ਕਹਿੰਦੇ ਹੋਏ ਕੀਤੀ। ਇਸ ਉਪਰੰਤ ਅਮਰੀਕਾ ਦੇ ਝੰਡੇ ਨੂੰ ਸਿਜ਼ਦਾ ਕੀਤਾ ਗਿਆ। ਇਸ ਬਾਅਦ ਨਿਕ ਸਹੋਤਾ ਨੇ ਕੈਂਸਰ ਲਈ ਸਹਾਇਤਾ ਕਰ ਰਹੇ ਸਮੂੰਹ ਮੈਂਬਰਾਂ, ਸੈਲਮਾਂ ਸਿਟੀ ਮੇਅਰ ਅਤੇ ਮੈਂਬਰਾਂ ਨੂੰ ਸ਼ਟੇਜ਼ 'ਤੇ ਬੁਲਾਇਆ। ਜਿੰਨ੍ਹਾਂ ਵਿੱਚ ਸੈਲਮਾਂ ਦੇ ਮੇਅਰ ਮਿਸ਼ਟਰ ਸਕਾਟ ਰੌਬਿਟਸ਼ਨ, ਚਾਰ ਟੱਕਰ ਆਦਿਕ ਨੇ ਵਿਚਾਰਾ ਦੀ ਸਾਂਝ ਪਾਈ। ਇਸ ਸਮੇਂ ਫੰਡ ਇਕੱਤਰਤਾਂ ਵਿੱਚ ਹਿੱਸਾ ਪਾਉਣ ਲਈ ਗਲੋਬਲ ਪੰਜਾਬ ਟੀ. ਵੀ. ਅਤੇ ਹੋਰ ਬਹੁਤ ਸਾਰੇ ਸਹਿਯੋਗੀਆਂ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਸੰਸਥਾ ਵੱਲੋਂ ਸਿੱਖ ਭਾਈਚਾਰੇ ਵੱਲੋਂ ਇਕੱਤਰ ਫੰਡ ਦਾ ਧੰਨਵਾਦ ਕਰਦੇ ਹੋਏ ਸਮੂੰਹ ਭਾਈਚਾਰੇ ਦੀ ਸਲਾਘਾ ਕੀਤੀ ਗਈ।



ਇਸ ਉਪਰੰਤ ਸੁਰੂ ਹੋਈ ਸੰਗੀਤਕ ਸਾਮ ਦੀ ਸੁ-ਰੂਆਤ ਬੱਚੀ ਕਿਰਨ ਮਹਿੰਮੀ ਨੇ ਘੋੜੀ ਗਾ ਕੇ ਵਾਹ-ਵਾਹ ਖੱਟੀ। ਪੰਜਾਬੀ ਗਾਇਕੀ ਦੇ ਚੱਲੇ ਖੁੱਲੇ ਅਖਾੜੇ ਵਿੱਚ ਸੈਂਟਰਲ ਵੈਲੀ ਦੇ ਪ੍ਰਸਿੱਧ ਲੋਕ ਗਾਇਕ ਧਰਮਵੀਰ ਥਾਂਦੀ ਅਤੇ 'ਵੌਆਇਸ ਆਫ ਪੰਜਾਬ' ਜੇਤੂ ਪਰਮਜੀਤ ਕੌਰ ਨੇ ਫਿਰ ਲਾਈ ਆਪਣੇ ਗੀਤਾਂ ਦੀ ਛਹਿਬਰ। ਜਿਸ ਵਿੱਚ ਸਿੰਗਲ ਅਤੇ ਦੋਗਾਣੇ ਗਾ ਬੰਨਿਆ ਪੰਜਾਬੀਅਤ ਦਾ ਰੰਗ। ਇਨ੍ਹਾਂ ਦੋਨੋ ਕਲਾਕਾਰਾ ਨੇ ਆਪਣੀ ਬੁਲੰਦ ਅਵਾਜ਼ ਅਤੇ ਸੁਰਾਂ ਦੇ ਆਗਾਜ਼ ਨਾਲ ਅਜਿਹਾ ਰੰਗ ਬੰਨਦੇ ਹੋਏ ਪੰਜਾਬ ਦੀ ਸਾਫ ਸੁਥਰੀ ਗਾਇਕੀ ਵਾਲਾ ਮਹੌਲ ਸਿਰਜੀ ਰੱਖਿਆ।

ਇਸੇ ਦੌਰਾਨ 'ਕੈਲੀਫੋਰਨੀਆਂ ਦਿਲਦਾਰ ਗਰੁੱਪ' ਦੇ ਮੁੱਖ ਗਾਇਕ ਅਵਤਾਰ ਗਰੇਵਾਲ ਨੇ ਆਪਣੇ ਨਵੇਂ ਅਤੇ ਪੁਰਾਣੇ ਗੀਤ ਗਾਉਣ ਨਾਲ-ਨਾਲ ਕਮੇਡੀ ਰਾਹੀ ਹਾਜ਼ਰੀਨ ਦਾ ਬਹੁਤ ਮੰਨੋਰੰਜ਼ਨ ਕੀਤਾ। ਤਿੰਨ ਘੰਟੇ ਚੱਲੇ ਇਸ ਪ੍ਰੋਗਰਾਮ ਨੂੰ ਸਫਲ ਬਨਾਉਣ ਵਿੱਚ ਜਸਵੰਤ ਸਿੰਘ ਮਹਿੰਮੀ, ਕਰਨੈਲ ਸਿੰਘ ਸੰਧਰ, ਮਨਦੀਪ ਸਿੰਘ, ਨਿਕ ਸਹੋਤਾ, ਰਾਜਬੀਰ ਪੰਨੂੰ ਅਤੇ ਚਾਰ ਟੱਕਰ ਆਦਿਕ ਦਾ ਬਹੁਤ ਯੋਗਦਾਨ ਰਿਹਾ। ਅੰਤ ਸਰਬੱਤ ਦੇ ਭਲੇ ਦੀ ਜਾਂਚਨਾ ਕਰਦੇ ਹੋਏ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆਂ।

# ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵਲੋਂ ਕੰਨੜ ਵਿਦਵਾਨ ਕਾਲਬੁਰਗੀ ਦੇ ਕਤਲ ਦੀ ਨਿੰਦਾ

ਲੁਧਿਆਣਾ- ਕੇਂਦਰੀ ਪੰਜਾਬੀ ਲੇਖਕ ਸਭਾ (ਰਜ਼ਿ) ਨੇ ਕੰਨੜ ਵਿਦਵਾਨ ਅਤੇ ਕੰਨੜ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਐਮਥ ਐਮਥ ਕਾਲਬੁਰਗੀ ਦੀ ਹੱਤਿਆ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਕੇਂਦਰੀ ਸਭਾ ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ, ਸੀਨੀਅਰ ਮੀਤ ਪ੍ਰਧਾਨ ਅਤਰਜੀਤ ਅਤੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਕਿਹਾ ਹੈ ਕਿ ਕਾਲਬੁਰਗੀ ਭਾਰਤੀ ਸਾਹਿਤ ਅਕਾਡਮੀ ਵਲੋਂ 2006 ਵਿਚ ਸਨਮਾਨਿਤ ਕੀਤੇ ਗਏ ਸਨ। ਉਹ ਵਿਚਾਰਧਾਰਾ ਦੇ ਪੱਖੋਂ ਪ੍ਰਗਤੀਸੀਥਲ ਲਹਿਰ ਨਾਲ਼ ਜੁੜੇ ਹੋਏ ਸਨ।

ਇਸ ਤੋਂ ਪਹਿਲਾਂ ਉਨ੍ਹਾਂ ਦੇ ਸ਼ਿਸ਼ ਸਤਿਯਮਪੇਟ ਦੀ ਹੱਤਿਆ ਵੀ ਹੋਈ। ਕਾਲਬੁਰਗੀ ਇਕੋ ਸਮੇਂ ਦੁਪਾਸੜ ਹਮਲਿਆਂ ਦਾ ਸ਼ਿਕਾਰ ਰਹੇ ਹਨ। ਉਹ ਲਿੰਗਾਇਤ ਭਾਈਚਾਰੇ ਵਿਚੋਂ ਹੁੰਦੇ ਹੋਏ ਵੀ ਇਸ ਦੇ ਕੜਪੰਥੀਆਂ ਦੇ ਗੁੱਸੇ ਦਾ ਸ਼ਿਕਾਰ ਹੋਏ ਕਿਉਂਕਿ ਉਹ ਬੁੱਤਪ੍ਰਸਤੀ ਦੇ ਸਖ਼ਤ ਖ਼ਿਲਾਫ ਸਨ। ਉਹ ਲਿੰਗਾਇਤ ਭਾਈਚਾਰੇ ਨੂੰ ਹਿੰਦੂ ਮੰਨਣ ਲਈ ਤਿਆਰ ਨਹੀਂ ਸਨ ਇਸ ਲਈ ਉਹ ਹਿੰਦੂ ਕਟੱੜਵਾਦੀਆਂ ਦੇ ਨਿਸ਼ਾਨੇ 'ਤੇ ਸਨ। ਇਉਂ ਕਾਲਬੁਰਗੀ ਕੱਟੜਪੰਥੀ ਤਾਕਤਾਂ ਦਾ ਸ਼ਿਕਾਰ ਹੋਏ। ਲੇਖਕ ਆਗੂਆਂ ਨੇ ਕਿਹਾ ਕਿ ਕੰਨੜ ਵਾਚਨ ਸਾਹਿਤ ਦੇ ਵਿਦਵਾਨ ਕਾਲਬੁਰਗੀ ਨੇ ਅੱਜੇ ਬਹੁਤ ਕੁਝ ਹੋਰ ਖੋਜ ਕਰਨੀ ਸੀ; ਉਨ੍ਹਾਂ ਦਾ ਕਤਲ ਇਹ ਵੀ ਸਾਬਤ ਕਰਦਾ ਹੈ ਕਿ ਪੂਰੇ ਦੇਸ਼ ਵਿਚ ਤਰਕ ਤੇ ਗੋਸ਼ਟੀ ਪਰੰਪਰਾ ਦੀ ਥਾਂ ਹਿੰਸਾ ਦੀ ਸੁਰ ਵਧੇਰੇ ਉੱਚੀ ਹੋ ਰਹੀ ਹੈ।

ਇਸ ਕਟੜਪੰਥੀ ਹਿੰਸਾ ਨੇ ਹੀ ਇਸ ਤੋਂ ਪਹਿਲਾਂ ਅਨੇਕਾਂ ਵਿਗਆਨਕ ਸੋਚ ਦੇ ਗਿਆਨਵਾਨ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ।

ਇਸੇ ਦੌਰਾਨ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਹੋਰ ਆਗੂਆਂ ਮਨਜੀਤ ਕੌਰ ਮੀਤ, ਜਸਵੀਰ ਝੱਜ, ਦੀਪ ਦੇਵਿੰਦਰ, ਤਰਲੋਚਨ ਝਾਂਡੇ, ਮਾਨ ਸਿੰਘ ਢੀਂਡਸਾ, ਅੰਮ੍ਰਿਤਬੀਰ ਕੌਰ, ਸੁਰਿੰਦਰ ਪ੍ਰੀਤ ਘਣੀਆਂ, ਕਰਮ ਸਿੰਘ ਵਕੀਲ ਅਤੇ ਵਰਗਿਸ ਸਲਾਮਤ ਨੇ ਵੀ ਸ਼ੋਕ ਪ੍ਰਗਟ ਕਰਦਿਆਂ ਹੋਇਆਂ ਕਾਲਬੁਰਗੀ ਦੇ ਪਰਿਵਾਰ ਨਾ਼ਲ ਖੜੇ ਹੋਣ ਦਾ ਅਹਿਦ ਕੀਤਾ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਹੋਰ ਅਗਾਂਹ ਲਿਜਾਣ ਦਾ ਪ੍ਰਣ ਵੀ ਲਿਆ।

# ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ

ਫਗਵਾੜਾ- ਸਰਕਾਰੀ ਪ੍ਰਾਇਮਰੀ ਸਕੂਲ ਖੰਨਾ ਖੁਰਦ ਵਿਚ ਇਕ ਸਾਦਾ ਪਰ ਪ੍ਰਭਾਵਸ਼ਾਲੀ ਪ੍ਰੋਗਰਾਮ ਬੀਤੇ ਦਿਨੀਂ ਆਯੋਜਿਤ ਕੀਤਾ ਗਿਆ, ਜਿਸ ਵਿਚ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਵਿ-ਦਅਕ ਸਮੱਗਰੀ ਅਤੇ ਸਾਲ 2014 ਵਿਚ ਪਹਿਲੇ, ਦੂਜੇ ਨੰਬਰ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸ੍ਰੀਮਤੀ ਪ੍ਰਕਾਸ਼ ਕੌਰ ਸਾਬਕਾ ਸਰਕਲ ਅਸਿਸਟੈਂਟ, ਪੀ. ਐਨ. ਈ. ਬੀ. ਅਤੇ ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ ਪ੍ਰਧਾਨ ਡਾ. ਅੰਬੇਦਕਰ ਮਿਸ਼ਨ ਸੁਸਾਇਟੀ (ਰਜਿ) ਪੰਜਾਬ ਖੰਨਾ ਲੈ ਆਪਦੇ ਪੋਤਰੇ ਅੰਮ੍ਰਿਤਪਾਲ ਸਿੰਘ, ਪੁੱਤਰ ਸ੍ਰੀ ਰਵਿੰਦਰ ਪਾਲ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ ਵਿਦਿਆਰਥੀਆਂ ਨੂੰ 5-5 ਕਾਪੀਆਂ ਤੋਹਫੇ ਦੇ ਰੂਪ ਵਿਚ ਦੇ ਕੇ ਸਨਮਾਨਿਤ ਕੀਤਾ। ਮਿੱਤਰ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਸਾਨੂੰ ਪ੍ਰਾਇਮਰੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਵਿੱਦਿਆ ਹੀ ਮੁਲਕ ਨੂੰ ਤਰੱਕੀ ਵੱਲ ਲਿਜਾ ਸਕਦੀ ਹੈ।

ਸ੍ਰੀ ਮਹਿੰਦਰ ਸਿੰਘ ਰਾਹੀ, ਹਰਨੇਕ ਸਿੰਘ, ਧਰ-ਮਜੀਤ ਸਿੰਘ, ਮੈਡਮ ਰਜਿੰਦਰ ਕੌਰ ਲਿਬੜਾ, ਕੁਲਵੰਤ ਸਿੰਘ ਅਤੇ ਐਮ. ਸੀ. ਸੁਖਦੇਵ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਸੰ-ਬੋਧਿਤ ਕੀਤਾ।

# 'ਦ ਆਰਟਿਸਟ' ਨਾਵਲ ਰਿਲੀਜ਼



ਬੁਢਲਾਡਾ- ਸਥਾਨਕ ਪਿੰਡ ਦਾਤੇਵਾਸ ਵਿਖੇ ਸ਼ਹੀਦ ਭਗਤ ਸਿੰਘ ਲੋਕ ਭਲਾਈ ਕਲੱਬ ਦਾਤੇਵਾਸ ਵੱਲੋਂ ਕੇ. ਦੀਪ. ਦਾਤੇਵਾਸ ਦਾ ਨਾਵਲ ਉਦ ਆਰਟਿਸਟ" ਰਿਲੀਜ਼ ਕੀਤਾ ਗਿਆ।

ਡਾ.ਦਰਸ਼ਨ ਸਿੰਘ ਦਾਤੇਵਾਸ ਨੇ ਕਿਹਾ ਕਿ ਸਾਨੂੰ ਕੇ.ਦੀਪ.ਦਾਤੇਵਾਸ ਤੇ ਮਾਣ ਹੈ ਉਸ ਨੇ ਛੋਟੀ ਉਮਰ ਵਿੱਚ ਨਾਵਲ ਦੀ ਸਿਰਜਣਾ ਕੀਤੀ ਹੈ। ਜਿਸ ਦੀ ਕਹਾਣੀ ਇੱਕ ਅਦਾਕਾਰ ਦੀ ਜ਼ਿੰਦਗੀ ਤੇ ਅਧਾਰਿਤ ਹੈ। ਉਨ੍ਹਾਂ ਕਿਹਾ ਜਿੱਥੇ ਅੱਜ ਦੀ ਨੌਜਵਾਨ ਪੀੜੀ ਸਾਹਿਤ ਤੋਂ ਦੂਰ ਹੁੰਦੀ ਜਾ ਰਹੀ ਹੈ, ਉੱਥੇ ਹੀ ਕੇ. ਦੀਪ. ਦਾਤੇਵਾਸ ਵੱਲੋਂ ਨਾਵਲ ਲਿਖਣਾ ਇੱਕ ਬਹੁਤ ਵੱਡੀ ਪ੍ਰਾਪਤੀ ਹੈ।ਇਸ ਮੌਕੇ ਤੇ ਪਹੁੰਚੇ ਮੁੱਖ ਮਹਿਮਾਨ ਸਤਲੁਜ ਗ੍ਰਾਮੀਣ ਬੈਂਕ ਦੇ ਚੇਅਰਮੈਨ ਵੀ.ਪੀ. ਐੱਸ. ਕਮਲ, ਜਨਰਲ ਮੈਨੇਜਿਰ ਵਿਨੋਦ ਕੁਮਾਰ, ਨਰੇਸ਼ ਕੁਮਾਰ ਆਫਿਸਰ ਬਠਿੰਡਾ,ਪ੍ਰਿੰਸੀਪਲ ਬੁੱਧ ਰਾਮ, ਸ਼ਿਵ ਕੁਮਾਰ ਮੈਨੇਜਰ, ਦੀਪਕ ਕੁਮਾਰ ਮੈਨੇਜਿਰ, ਸਾਬਕਾ ਸਰਪੰਚ ਕਰਨੈਲ ਸਿੰਘ, ਕੁਲਦੀਪ ਸਿੰਘ, ਸੁਖਨੈਬ ਸਿੰਘ, ਸਰਪੰਚ ਕਰਮਜੀਤ ਸਿੰਘ, ਗੁਰਤੇਜ ਸਿੰਘ ਪੰਚ, ਸੂਬੇਦਾਰ ਦਰਸ਼ਨ ਸਿੰਘ, ਸੁਖਪਾਲ ਸਿੰਘ ਪਾਲੀ ਪੰਚ, ਭਲਿੰਦਰ ਸਿੰਘ, ਭਗਵਾਨ ਸਿੰਘ ਪ੍ਰਧਾਨ, ਸੁਖਦੀਪ ਸਿੰਘ ਸੀਪ, ਦਰਸ਼ਨ ਸਿੰਘ ਨੰਬਰਦਾਰ, ਇੰਸਪੈਕਟਰ ਗੁਰਜੰਟ ਸਿੰਘ, ਸਰਬਜੀਤ ਸਿੰਘ ਗੋਗੀ, ਇੰਸਪੈਕਟਰ ਜੰਗੀਰ ਸਿੰਘ, ਗੁਰਤੇਜ ਸਿੰਘ, ਮਾਸਟਰ ਮੱਘਰ ਸਿੰਘ,ਕਹਾਣੀਕਾਰ ਭੁਪਿੰਦਰ ਫੌਜੀ, ਕਰਨ ਭੀਖੀ, ਪਰਮਜੀਤ ਸਿੰਘ ਨਿੱਕਾ, ਕਾਕਾ, ਕਰਮਜੀਤ ਸਿੰਘ ਘਾਕੀ ਅਤੇ ਪਿੰਡ ਦੇ ਪਤਵੰਤੇ ਹਾਜ਼ਰ ਸਨ।

# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਫਰੀਮਾਂਟ ਵਿਖੇ ਧਾਰਮਿਕ ਕਵੀ ਦਰਬਾਰ

ਫਰੀਮਾਂਟ (ਕੈਲੇਫੋਰਨੀਆ) (ਪ੍ਰਮਿੰਦਰ ਸਿੰਘ ਪ੍ਰਵਾਨਾ) ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹਫਤਾਵਾਰੀ ਸਜੇ ਦੀਵਾਨਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਭਾਈ ਮਹਿਤਾਬ ਸਿੰਘ, ਭਾਈ ਸੁੱਖਾ ਸਿੰਘ ਦੀ ਬਹਾਦਰੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਚਾਲਨ ਕਰਦਿਆਂ ਗੁਰ-ਇਤਿਹਾਸ ਵਿਚ ਦੱਸਿਆ ਕਿ ਇਹਨਾਂ ਦੋਹਾਂ ਸਿੰਘਾਂ ਨੇ ਬੜੀ ਚੁਸਤੀ ਅਤੇ ਬਹਾਦਰੀ ਨਾਲ ਮੱਸੇ ਰੰਗੜ ਦਾ ਸਿਰ ਲਾਹਿਆ ਜੋ ਕਿ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਦਾ ਦੋਸ਼ੀ ਸੀ।

ਇਹਨਾਂ ਸਿੰਘਾਂ ਵੱਲੋਂ ਦਿਖਾਈ ਬਹਾਦਰੀ ਅਤੇ ਅਵਧ ਸਿੱਖ ਇਤਿਹਾਸ ਵਿਚ ਬੜਾ ਮਹੱਤਵ ਰੰਖਦੀ ਹੈ, ਜਿਸ 'ਤੇ ਸਾਨੂੰ ਮਾਣ ਹੈ ਅਤੇ ਦੂਜੇ ਪਾਸੇ ਮੁਗਲਾਂ ਦੇ ਜ਼ੁਲਮ 'ਤੇ ਕਲੰਕ ਹਨ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਸ਼ਾਮਲ ਕਵੀ ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁਮਨ, ਗੁਰਦਿਆਲ ਸਿੰਘ ਨੂਰਪੁਰੀ, ਪ੍ਰਮਿੰਦਰ ਪ੍ਰਵਾਨਾ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਅੰਤ ਵਿਚ ਪ੍ਰਵਾਨਾ ਵੱਲੋਂ ਦ੍ਰਿੜ੍ਹਾਇਆ ਗਿਆ ਕਿ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਤੋਂ ਸੇਧ ਲੈ ਕੇ ਦੂਰ ਦੁਰਾਡੇ ਦੇ ਗੁਰਦੁਆਰਿਆਂ ਵਿਚ ਹਫਤਾਵਰੀ ਸਜੇ ਦੀਵਾਨਾਂ ਵਿਚ ਅਜਿਹੇ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਸੰਗਤਾਂ ਵੱਲੋਂ ਭਰਪੂਰ ਹੁੰਗਾਰਾ ਭਰਿਆ ਗਿਆ ਕਿ ਇਸ ਸਫਲ ਪ੍ਰੋਗਰਾਮ ਵਿਚ ਸਿੱਖ ਇਤਿਹਾਸ ਦੀ ਜਾਣਕਾਰੀ ਦੇ ਨਾਲ ਨਾਲ ਕਵਿਤਾਵਾਂ ਸਰਵਣ ਕਰਨ ਦਾ ਮੌਕਾ ਮਿਲਿਆ ਹੈ। ਇਕ ਯਾਦਗਾਰੀ ਤਸਵੀਰ ਨਾਲ ਸਫਲਤਾ ਪੂਰਵਕ ਪ੍ਰੋਗਰਾਮ ਸੰਪੰਨ ਹੋਇਆ।



ਭਾਈਚਾਰਕ ਕਾਰਜਾਂ ਵਿਚ ਲਾਇਬ੍ਰੇਰੀ, ਪੰਜਾਬੀ ਸਕੂਲ, ਬਜੁਰਗਾਂ ਦੀ ਮਦਦ ਲਈ ਵਿਸ਼ੇਸ਼ ਸਹੂਲਤਾਂ ਦੀ ਜਾਣਕਾਰੀ, ਡਾਕਟਰੀ ਸਹਾਇਤਾ ਕੈਂਪ, ਗੁਰਮਤਿ ਕੈਂਪ, ਗਤਕਾ, ਸੰਗੀਤ ਸਿਖਲਾਈ ਰਾਹੀਂ ਬੱਚਿਆਂ ਅਤੇ ਸੰਗਤਾਂ ਨੂੰ ਜੋੜਿਆ ਜਾਂਦਾ ਹੈ।



# ਸਿੱਖਾਂ ਦੀ ਆਬਾਦੀ ਘਟੀ ਤਾਂ ਕਿਉਂ ਘਟੀ?



ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

ਇਸ ਸਵਾਲ ਤੇ ਸਿੱਖਾਂ ਦੀਆਂ ਸਫ਼ਾਂ ਵਿਚ ਚਰਚਾ ਹੋਣੀ ਕੁਦਰਤੀ ਹੈ। ਪ੍ਰੰਤੂ ਇਸ ਚਰਚਾ ਦਾ ਗੈਰ ਸਿੱਖ ਲੋਕਾਂ ’ਤੇ ਕੋਈ ਅਸਰ ਨਹੀਂ ਹੋਵੇਗਾ। ਹਿੰਦੂਆਂ ਦੀ ਆਬਾਦੀ ਘਟੀ, ਇਸ ਦਾ ਗੈਰ ਹਿੰਦੂ ਸਮੂਹਾਂ ’ਤੇ ਅਸਰ ਪਵੇਗਾ। ਹਿੰਦੂਆ ਦੀ ਆਬਾਦੀ ਵੀ ਲਗਾਤਾਰ ਘਟੇਗੀ ਅਤੇ ਸਿੱਖਾਂ ਦੀ ਆਬਾਦੀ ਵੀ। ਕਿਉਂਕਿ ਹਿੰਦੂ ਗੈਰ ਹਿੰਦੂਆਂ ਨੂੰ ਬਰਦਾਸ਼ਤ ਨਹੀਂ ਕਰਦਾ। ਉਹ ਹਰੇਕ ਦੂਸਰੇ ਨੂੰ ਪਾਕਿਸਤਾਨ ਭੱਜ ਜਾਣ ਦਾ ਫੁਰਮਾਨ ਭੇਜ ਦਿੰਦਾ ਹੈ। ਹਿੰਦੂ ਭਾਰਤ ਦੀ ਸਮੁੱਚੀ ਦੌਲਤ ਅਤੇ ਤਾਕਤ ਉਤੇ ਆਪਣੀ ਅਜਾਰੇਦਾਰੀ ਕਿਵੇਂ ਵੀ ਬਣਾਈ ਰੱਖਣ ਲਈ ਵਿਰੋਧੀਆਂ ਵਾਂਗ ਖੜ੍ਹਾ ਦਿਖਾਈ ਦਿੰਦਾ ਹੈ। ਬਿਲਕੁਲ ਇਸੇ ਤਰ੍ਹਾਂ ਸਿੱਖ ਸਮਾਜ ਵਿਚ ਹੋਣ ਲੱਗਾ ਹੈ। 5-7 ਪ੍ਰਤੀਸ਼ਤ ਸਿੱਖਾਂ ਨੂੰ ਛੱਡ ਕੇ ਬਾਕੀ ਬਹੁਗਿਣਤੀ ਕਾਬਜ ਜਮਾਤ ਕੇਵਲ ਦੋ ਉਚੀਆਂ ਜਾਤੀਆਂ ਦੀ ਹੈ ਜੋ ਧਰਮ, ਸਮਾਜ, ਬਾਜ਼ਾਰ, ਰਾਜਨੀਤੀ ਤੇ ਵਪਾਰ ਉਤੇ ਕਾਬਜ ਹਨ। ਇਹਨਾਂ ਵਿਚ ਇਕ ਵੱਡੀ ਗਿਣਤੀ ਅਜਿਹੇ ਸਿੱਖਾਂ ਦੀ ਵੀ ਹੈ ਜੋ ਆਪਣੀ ਜਾਤੀ ਤੋਂ ਬਿਨਾਂ ਬਾਕੀ ਸਿੱਖਾਂ ਨੂੰ ਵੀ ਸਿੱਖ ਉਦੋਂ ਹੀ ਤਸੱਵਰ ਕਰਦੀ ਹੈ, ਜਦੋਂ ਉਸਨੂੰ ਗਿਣਤੀ ਦਿਖਾਉਣੀ ਪਵੇ ਜਾਂ ਰਾਜਨੀਤੀ ਉਤੇ ਕਬਜਾ ਕਰਨਾ ਪਵੇ। ਕਾਫੀ ਲੰਮਾ ਸਮਾਂ ਲਗਾ ਕੇ ਕਾਬਜ ਜਾਤੀਆਂ ਨੇ ਬਾਕੀਆਂ ਨੂੰ ਹੌਲੀ ਹੌਲੀ ਬਾਤ ਪੱਕਣ ਦੀ ਸੀਨਾਜੋਰੀ ਦਿਖਾਈ ਹੈ। ਰਾਜਨੀਤੀ, ਸਮਾਜ, ਖੇਤਰ ਅਤੇ ਧਰਮ ਵਿਚ ਕਾਬਜ ਜਾਤੀਆਂ ਨੇ ਬਾਕੀ ਸਿੱਖਾਂ ਨੂੰ ਲਾਗੀ ਵਗਾਰੀ ਤੋਂ ਵੱਧ ਕਦੀ ਕੁਝ ਨਹੀਂ ਸਮਝਿਆ। ਉਹਨਾਂ ਦੀ ਕਿਸੇ ਦੀ ਵੀ ਆਜ਼ਾਦ ਹਸਤੀ ਨਹੀਂ ਬਣਨ ਦਿੱਤੀ। ਉਹ ਕਿਸੇ ਵੀ ਅਹੁਦੇ ’ਤੇ ਰੱਖੇ ਗਏ ਪ੍ਰੰਤੂ ਬੇਜ਼ੁਬਾਨ ਗੁਲਾਮਾਂ ਵਾਂਗ। ਉਹਨਾਂ ਅੰਦਰੋਂ ਕੋਈ ਆਪਣੀ ਇੱਛਾ ਦੀ ਸਹੀ ਗੱਲ ਕਹਿਣ ਦੀ ਤਾਕਤ ਵੀ ਦਬਾਅ ਕੇ ਰੱਖੀ ਗਈ। ਅਕਾਲੀਆਂ ਦੀ ਭੂਮਿਕਾ ਇਸ ਕੰਮ ਵਿਚ ਜ਼ਿਆਦਾ ਭਾਰੀ ਰਹੀ ਹੈ। ਕਾਂਗਰਸ ਨੇ ਵੀ ਘੱਟ ਨਹੀਂ ਕੀਤੀ। ਜਿੰਨੇ ਵੀ ਇਹਨਾਂ ਕੋਲ ਦਲਿਤ ਪੱਛੜੇ ਅਹੁਦੇਦਾਰ ਜਾਂ ਨੁਮਾਇੰਦੇ ਹਨ, ਇਕ ਫੀਸਦੀ ਵੀ ਆਜ਼ਾਦ ਹਸਤੀ ਦੇ ਮਾਲਕ ਨਹੀਂ ਹਨ। ਉਹ ਸਿਰਫ ਮਾਲਕ ਦੀ ਕਹੀ ਨੂੰ ਕਰਨ ਵਾਲੇ ਕਰਿੰਦਿਆਂ ਵਾਂਗ ਹਨ। ਜਿਸ ਕਿਸੇ ਨੇ ਵੀ ਆਪਣੀ ਬੌਧਿਕ ਉੱਚਤਾ ਨਾਲ ਬਰਾਬਰ ਖੜ੍ਹਨ ਦੀ ਕੋਸ਼ਿਸ਼ ਕੀਤੀ ਹੋਵੇਗੀ, ਉਹ ਟਿਕ ਨਹੀਂ ਸਕਿਆ ਹੋਵੇਗਾ।

ਸਿੱਖਾਂ ਦਾ ਵਿਹਾਰ, ਵਰਤਾਰਾ, ਤਾਕਤਵਰ ਜਾਤਾਂ ਤੇ ਜਾਤੀ ਅਹਿੰ ਕਿਸ ਤਰ੍ਹਾਂ ਦਾ ਹੈ, ਇਸਨੂੰ ਪੰਜਾਬ ਵਿਚ ਹੀ ਨਹੀਂ ਪੂਰੀ ਦੁਨੀਆਂ ਵਿਚ ਵੇਖਿਆ ਜਾ ਸਕਦਾ ਹੈ। ਇਹਨਾਂ ਲਈ ਧਰਮ ਤੋਂ ਵਧੇਰੇ ਮਹੱਤਵ ਜਾਤੀ ਦਾ ਰਹਿੰਦਾ ਹੈ। ਜਾਤੀ ਤੌਰ ’ਤੇ ਉਹ ਕਿਸੇ ਵੀ ਨੀਵੇਂ ਨੂੰ ਅਜਿਹਾ ਮੌਕਾ ਨਹੀਂ ਦਿੰਦੇ ਕਿ ਉਹ ਉਹਨਾਂ ਨੂੰ ਰਸਤਾ ਦਿਖਾਵੇ ਅਤੇ ਮੱਤਾਂ ਦੇਵੇ। 99 ਫੀਸਦੀ ਨੀਵੇਂ ਸਿੱਖ ਢਿੱਡ ਇਹੋ ਸੋਚਦੇ ਹਨ। ਮੂੰਹੋਂ ਕਹਿਣਾ, ਮੰਨਣਾ ਉਹਨਾਂ ਦੀ ਹਸਤੀ ’ਚੋਂ ਮਨਫੀ ਹੈ। ਅਜਿਹੀ ਗੁਲਾਮੀ ਉੱਚੀ ਜਾਤੀ ਦਾ ਸਿੱਖ ਕਦੀ ਨਹੀਂ ਕਰਦਾ। ਉਹ ਬਰਾਬਰ ਤੇ ਉਠਣ ਨਹੀਂ ਦਿੰਦੇ ਹਨ। ਛੋਟੀ ਨੀਵੀਂ ਜਾਤੀ ਦਾ ਸਿੱਖ ਉਚੇ ਤੋਂ ਉਚੇ ਖੜ੍ਹਾ ਵੀ ਆਪਣੀ ਬਰਾਬਰੀ ਦਾ ਅਹਿਸਾਸ ਨਹੀਂ ਕਰ ਸਕਦਾ ਤੇ ਨਾ ਅਜਿਹੀ ਹਿੰਮਤ ਦਿਖਾ ਸਕਦਾ ਹੈ। ਦਿਖਾਵੇਗਾ ਤਾਂ ਖੜ੍ਹਾ ਨਹੀਂ ਰਹਿ ਸਕਦਾ।

ਇਸ ਜਾਤੀ ਭਾਰੂਪਣ ਨੇ ਸਿੱਖਾਂ ਦੀ ਗਿਣਤੀ ਘਟਣ ਵਿਚ ਵੱਡੀ ਭੂਮਿਕਾ ਨਿਭਾਈ ਹੈ। ਮਾੜੇ ਵਿਹਾਰ ਨੇ ਪੰਜਾਬ ਦੇ ਦਲਿਤਾਂ ਅਤੇ ਪੱਛੜਿਆਂ ਸਿੱਖਾਂ ਤੇ ਲੋਕਾਂ ਨੂੰ ਧਰਮ ਦੀ ਜੱਦ ਅਤੇ ਸਮਾਜਿਕ ਗਠਨ ਵਿਚੋਂ ਬਾਹਰ ਕੱਢਿਆ ਹੈ। ਉਹ ਰਾਧਾ ਸਵਾਮੀ, ਨਿਰੰਕਾਰੀ, ਸੱਚਾ ਸੌਦਾ, ਰਵਿਦਾਸੀਏ, ਹਿੰਦੂ, ਮਾਤਾ ਵਾਲੇ ਇਸੇ ਕਰਕੇ ਬਣਾਏ ਹਨ ਕਿ ਕਾਬਜ ਸਿੱਖ ਜਗਤ ਨਾਲ ਇਹਨਾਂ ਦੀ ਦਾਲ ਨਹੀਂ ਗਲੀ। ਕੌਣ ਜ਼ਿੰਮੇਵਾਰ ਹੈ, ਨਹੀਂ ਹੈ ਇਸ ਪ੍ਰਸ਼ਨ ਤੋਂ ਉਪਰ ਉੱਠ ਕੇ ਸਾਡਾ ਵੇਖਣਾ ਇਹ ਬਣਦਾ ਸੀ ਕਿ ਸਿੱਖਾਂ ਨੂੰ ਬਾਹਰ ਦੌੜਨ ਤੋਂ ਰੋਕਣ ਦੇ ਕਾਰਨ ਕੀ ਹਨ ਤੇ ਇਹ ਕਾਰਨ ਦੂਰ ਕਿਵੇਂ ਹੋ ਸਕਦੇ ਹਨ। ਖਾਸ ਕਰਕੇ ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਦੀ ਇਹੋ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਹਨਾਂ ਕਾਰਨਾਂ ਤੇ ਪੂਰੀ ਨਜ਼ਰ ਰੱਖਣ ਕਿ ਲੋਕ ਬਾਹਰ ਕਿਉਂ ਨਿਕਲਦੇ ਹਨ। ਮੇਰਾ ਖਿਆਲ ਹੈ ਕਿ ਦਲਿਤ ਪੱਛੜਿਆਂ ਦਾ ਮਸਲਾ ਤਾਂ ਮੂਲ ਰੂਪ ਵਿਚ ਹੀ ਮਾਣ-ਸਨਮਾਨ ਅਤੇ ਬਰਾਬਰੀ ਦੇ ਅਹਿਸਾਸ ਦਾ ਹੈ। ਇਹ ਲੋਕ ਬ੍ਰਾਹਮਣੀ ਵਿਵਸਥਾ ਅੰਦਰ ਲੀਰਾਂ ਦੀ ਖੁੱਦੋ ਵਾਂਗ ਹਨ। ਜੋ ਧਰਮਾਂ ਵਾਲਿਆਂ ਦੇ ਖੂੰਡਿਆਂ ਵਿਚਕਾਰ ਘਿਰੇ ਹਨ ਜੋ ਟੋਲਿਆਂ ਨਾਲ ਭੰਨੇ ਹੋਏ ਹਨ। ਟੋਲਿਆਂ ਤੋਂ ਬਚਦੇ ਇਹ ਕਿਸੇ ਦੀ ਵੀ ਚੰਗੀ ਮਾੜੀ ਵਾੜੀ ’ਚ ਵੜ੍ਹ ਕੇ ਸਿਰ ਲੁਕਾ ਲੈਂਦੇ ਹਨ। ਇਹਨਾਂ ਦੀ ਕੋਈ ਹਸਤੀ ਨਹੀਂ। ਸਿੱਖ ਟੋਲੇ ਮਾਰਦੇ ਹਨ ਤਾਂ ਇਹ ਰਾਧਾ ਸਵਾਮੀ, ਸੱਚਾ ਸੌਦਾ, ਨਿਰੰਕਾਰੀ, ਰਵਿਦਾਸੀਏ, ਆਸ਼ੂਤੋਸ਼ੀਏ, ਮਾਤਾ ਵਾਲੇ ਤੇ ਕਿਸੇ ਵੀ ਧਗੜੇ ਸਾਧ ਦੇ ਖੇਮੇ ਵਿਚ ਵੜ ਜਾਂਦੇ ਹਨ। ਸਿਰ ਬਚਾਈ ਰੱਖਣ ਲਈ ਜੋ ਕਿਸੇ ਕੰਮ ਦਾ ਨਹੀਂ, ਸਿਵਾਏ ਥਾਂ ਥਾਂ ਜੁੱਤੀਆਂ ’ਚ ਬਹਿਣ, ਗੁਲਾਮੀ ਤੇ ਗੋਲਾ ਧੰਦਾ ਕਰਨ ਅਤੇ ਮੂਹਰੇ ਹੋ ਕੇ ਝਾੜੂ ਫੇਰਨ ਤੇ ਜੋੜੇ ਝਾੜਨ ਦਾ ਕੰਮ ਸੰਭਾਲ ਲੈਂਦੇ ਹਨ।

ਅਜਿਹੀ ਸਥਿਤੀ ਨੇ ਸਿੱਖਾਂ ਦੀ ਗਿਣਤੀ ਨੂੰ ਵੱਡਾ ਖੋਰਾ ਲਾਇਆ ਹੈ। ਸ਼੍ਰੋਮਣੀ ਕਮੇਟੀ ’ਤੇ ਹੀ ਨਹੀਂ ਕਮੇਟੀ ਦੀ ਵਿਸ਼ਾਲ ਦੌਲਤ ’ਤੇ ਵੀ ਕਾਬਜ ਜਾਤੀਆਂ ਦਾ ਦਬਦਬਾ ਹੈ। ਬਾਕੀ ਬਹੁਤੇ ਤਾਂ ਲੰਗਰ ਛਕਣ, ਸੇਵਾ ਕਰਨ ਤੇ ਸਤਿਨਾਮ-ਵਾਹਿਗੁਰੂ ਕਰਨ ਵਾਲੇ ਹਨ। ਸਿੱਖ ਕੋਈ ਆਦਰਸ਼ ਸਮਾਜ ਵਾਲੀ ਕੋਈ ਨਿਸ਼ਾਨੀ ਨਹੀਂ ਇਹਨਾਂ ਅੰਦਰ। ਗੁਰੂ ਘਰਾਂ ਲਈ ਗੋਲਕਾਂ ਲਈ ਇਹ ਬਾਕੀ ਧਰਮਾਂ ਦੇ ਮੁਕਾਬਲੇ ਸਭ ਤੋਂ ਵਧੇਰੇ ਆਪਸ ਵਿਚ ਲੜਨ ਭਿੜਨ ਵਾਲੇ ਲੋਕ ਹਨ। ਜਿਸਨੂੰ ਸਾਰੀ ਦੁਨੀਆਂ ਵੇਖਦੀ ਰਹਿੰਦੀ ਹੈ। ਇਹ ਵੀ ਕਾਰਨ ਹੈ ਕਿ ਸਿੱਖ ਹੋਣ ਦੀ ਖਿੱਚ ਘਟਦੀ ਹੈ। ਸਿੱਖਾਂ ਨੇ ਹਜ਼ਾਰਾਂ ਹਜ਼ਾਰਾਂ ਆਲੀਸ਼ਾਨ ਗੁਰਦੁਆਰੇ ਪੂਰੀ ਦੁਨੀਆਂ ਵਿਚ ਬਣਾ ਲਏ ਹਨ। ਗੁਰਦੁਆਰਿਆਂ ਦੀ ਅਜਿਹੀ ਦਿੱਖ ਸਿੱਖ ਬਣਨ ਦੀ ਪ੍ਰੇਰਨਾ ਨਹੀਂ ਦਿੰਦੀ। ਇਹਨਾਂ ਗੁਰਦੁਆਰਿਆਂ ਦੀ ਥਾਂ ਹਰ ਇਕ ਗੁਰੂ ਘਰ ਵਿਚ ਸਧਾਰਨ, ਸਾਫ ਸੁਥਰੀਆਂ, ਕੇਂਦਰੀ ਇਮਾਰਤਾਂ ਨਾਲ ਹੋਰ ਇਮਾਰਤਾਂ ਖੜ੍ਹੀਆਂ ਕਰਕੇ ਆਮ ਸਭ ਤਰ੍ਹਾਂ ਦੇ ਬੱਚਿਆਂ ਲਈ ਸਕੂਲ ਖੋਲ੍ਹਣੇ ਕਿਤੇ ਬਿਹਤਰ ਆਦਰਸ਼ ਬਣਦਾ। ਛੋਟਾ ਹਸਪਤਾਲ ਵੀ ਬਣਾਇਆ ਜਾਂਦਾ, ਚੰਗਾ ਹੁੰਦਾ। ਪ੍ਰੰਤੂ ਸਕੂਲ ਇਕ ਸੂਰਤ ਵਾਂਗ ਬਣਦਾ। ਸੋਹਣੇ ਕਮਰੇ, ਸੋਹਣਾ ਵਿਹੜਾ, ਸਾਰੇ ਬੱਚੇ, ਚੰਗੀ ਵਿੱਦਿਆ, ਸਾਰੇ ਅਧਿਆਪਕ ਭਾਵੇਂ ਸਿੱਖ ਹੀ ਹੁੰਦੇ। ਜੋ ਬੱਚਿਆਂ ਨੂੰ ਸਿੱਖ ਹੋਣ ਦੀਆਂ ਖੂਬੀਆਂ ਵੀ ਦੱਸਦੇ। ਸਰਕਾਰੀ ਸਕੂਲਾਂ ਦਾ ਮੁਕਾਬਲਾ ਕਰਦੇ ਇਹ ਸਕੂਲ। ਨਿਸਚਿਤ ਹੀ ਸਿੱਖ ਗਿਣਤੀ ਵਧਦੀ। ਬਾਹਰਲੇ ਸੂਬਿਆਂ ਵਿਚ ਆਡੰਬਰਾਂ ਦੀ ਥਾਂ ਉਥੋਂ ਦੀ ਭਾਸ਼ਾ ਵਿਚ ਸਕੂਲ ਖੁੱਲ੍ਹਦੇ ਤੇ ਪੰਜਾਬੀ ਵੀ ਪੜ੍ਹਾਇ. ਜਾਂਦੀ। ਤਾਂ ਹੋਰ ਥਾਵਾਂ ਦਾ ਬੱਚਾ ਵੀ ਸਿੱਖ ਹੋਣ ਦੀ ਗੱਲ ਘੱਟੋ ਘੱਟ ਜਾਣਦਾ ਜ਼ਰੂਰ ਹੁੰਦਾ। ਇਹ ਕੀ ਔਖਾ ਸੀ? ਫਿਰ ਗੁਰਦੁਆਰਾ ਆਲੀਸ਼ਾਨ ਬਣ ਸਕਦਾ ਹੈ ਤਾਂ ਸਕੂਲ ਕਿਉਂ ਨਹੀਂ। ਮੈਂ ਜਾਣਦਾ ਹਾਂ ਇਸ ਲਈ ਕਿ ਮੈਂ ਸਿੱਖਾਂ ਦੇ ਘਰ ’ਚ ਪੈਦਾ ਹੋਇਆ ਹਾਂ ਅਤੇ ਪ੍ਰਿੰਸੀਪਲ ਵੀ ਰਿਹਾ ਹਾਂ। ਲੰਗਰ ਤਾਂ ਪੂਰੀ ਦੁਨੀਆਂ ਵਿਚ ਸਭ ਕੌਮਾਂ ਤੇ ਬੱਚਿਆਂ ਨੂੰ ਸਿੱਖ ਹੋਣ ਦਾ ਅਰਥ ਦੱਸ ਸਕਦਾ ਸੀ। ਇਹ ਗੁਰੂ ਘਰ ਵਿਚ ਹੀ ਸਕੂਲ ਦੇ ਬੱਚਿਆਂ ਨੂੰ ਲੰਗਰ ਦਿੱਤਾ ਜਾਣਾ ਕੀ ਔਖਾ ਹੈ? ਉਹਨਾਂ ਵਾਸਤੇ ਜੇਕਰ ਚਾ ਤੇ ਰੋਟੀ ਅਲੱਗ ਵੀ ਬਣਾਉਣੀ ਪਵੇ ਤਾਂ ਕੀ ਔਖਾ ਹੈ? ਪ੍ਰੰਤੂ ਦੇਸ਼ ਨੇ ਹੀ ਨਹੀਂ ਦੁਨੀਆਂ ਭਰ ਦੇ ਬੱਚੇ ਸਕੂਲ ਤੇ ਲੰਗਰ ਦੇ ਸਿੱਖ ਸਭਿਆਚਾਰ ਨਾਲ ਜੁੜਦੇ। ਇਹ ਵੀ ਕੋਈ ਜ਼ਰੂਰੀ ਨਹੀਂ ਕਿ ਉਹ ਸਿੱਖ ਬਣਦੇ। ਪ੍ਰੰਤੂ ਉਹ ਪੰਜ ਸੱਤ ਵਰ੍ਹੇ ਸਿੱਖ ਸਕੂਲ ਵਿਚ ਪੜ੍ਹ ਕੇ ਲੰਗਰ ਪਾਣੀ ਛਕ ਕੇ ਸਮਾਨ ਵਿਹਾਰ ਅਧੀਨ ਸਿੱਖ ਬਣਦੇ। ਸਿੱਖਾਂ ਨੇ ਕੋਈ ਦਿਲਚਸਪੀ ਨਹੀਂ ਲਈ। ਜੋ ਸਕੂਲ ਖੋਲ੍ਹੇ, ਉਹ ਕੇਵਲ ਪੰਜਾਬੀ ਵਿਚ ਤੇ ਸਿੱਖ ਬੱਚਿਆਂ ਲਈ ਹੀ ਖੋਲ੍ਹ। ਦੂਸਰੇ ਨੂੰ ਕੀ ਜ਼ਰੂਰਤ ਹੈ ਕਿ ਉਹ ਸਿੱਖਾਂ ਬਾਰੇ ਸੋਚੇ? ਆਲੀਸ਼ਾਨ ਗੁਰੂ ਘਰ ਖਿੱਚ ਦਾ ਕੇਂਦਰ ਨਹੀਂ ਹਨ। ਕਰੋੜਾਂ ਇਮਾਰਤਾਂ ਚਾਰੋ ਤਰਫ ਲੋਕਾਂ ਦੀਆਂ ਬਣਾਈਆਂ ਅਤਿ ਸੁੰਦਰ ਹਨ। ਗੁਰੂ ਘਰਾਂ ਦਾ ਸਧਾਰਨ ਤੇ ਲੋੜਾਂ ਦੀ ਪੂਰਤੀ ਕਰਦਾ ਮਾਡਲ ਹੀ ਕਾਫੀ ਸੀ। ਪ੍ਰੰਤੂ ਸਿੱਖ ਸਕੂਲ ਤੇ ਬੱਚਿਆਂ ਲਈ ਇਕ ਸਮੇਂ ਦਾ ਲੰਗਰ ਆਦਰਸ਼ ਪੇਸ਼ ਕਰਨ ਲਈ ਬਹੁਤ ਹੋਣਾ ਸੀ ਬਹੁਤ। ਕਿਸੇ ਵੀ ਸੂਬੇ ਜਾਂ ਕੌਮ ਦੀ ਭਾਵਨਾ ਵਿਚ ਹੀ ਵਿੱਦਿਆ ਦੇਣਾ ਫਿਰ ਪੰਜਾਬੀ ਵੀ ਪੜ੍ਹਾਉਣਾ, ਸਿੱਖ ਇਤਿਹਾਸ ਦੀ ਜ਼ਰੂਰੀ ਜਾਣਕਾਰੀ ਦੇਣਾ, ਸਾਰੇ ਥਾਂ ਕੇਵਲ ਸਿੱਖ ਜਾਂ ਸਿੰਘ ਦਾ ਅਧਿਆਪਕ ਹੋਣਾ ਤੇ ਉਹ ਵੀ ਪੂਰਾ ਬੁੱਧੀਮਾਨ ਹੋਣਾ, ਅੰਧ ਵਿਸ਼ਵਾਸੀ ਪੂਜਕ ਤੇ ਹਰ ਸਮੇਂ ਸੱਤਿਨਾਮ ਵਾਹਿਗੁਰੂ ਕਰਦੇ ਰਹਿਣ ਵਾਲਾ ਨਾ ਹੋਣਾ, ਦੁਨੀਆਂ ਭਰ ਨੂੰ ਖਿੱਚਣ ਦਾ ਆਲੀਸ਼ਾਨ ਮਾਰਗ ਬਣਦਾ। ਤੇ ਆਬਾਦੀ ਵਧਦੀ। ਪਰ ਇੱਥੇ ਤਾਂ ਯੂਨੀਵਰਸਿਟੀਆਂ ਵੀ ਵਾਲਮੀਕ ਨੂੰ ਡਾਕੂ, ਸੰਤ ਨਾਮਦੇਵ ਨੂੰ ਡਾਕੂ ਹੀ ਨਹੀਂ ਕਹਿੰਦੀਆਂ, 21 ਵਾਰ ਕਸ਼ੱਤਰੀਆਂ ਦਾ ਕਤਲੇਆਮ ਕਰਨ ਵਾਲੇ ਪਰਸ਼ੂ ਰਾਮ ਦੀ ਚੇਅਰ ਤੱਕ ਸਥਾਪਤ ਕਰਦੀਆਂ ਹਨ। ਸੱਚ ਹੁਣ ਕਿਸਨੂੰ ਨਹੀਂ ਪਤਾ?



ਜਿਹਨਾਂ ਨੂੰ ਸਮਾਜ, ਰਾਜਨੀਤੀ, ਹੈਂਕੜ, ਵਪਾਰ ਤੇ ਦੌਲਤ ਉਤੇ ਕਬਜੇ ਲਈ ਜਾਂ ਪ੍ਰਮਾਤਮਾ ਨੂੰ ਜਾਂ ਫੜਨ ਲਈ ਧਰਮ ਦੀ ਜ਼ਰੂਰਤ ਹੈ, ਉਹ ਧਰਮ ਦਾ ਵਿਕਾਸ ਕਿਵੇਂ ਕਰ ਸਕਦੇ ਹਨ? ਉਹ ਸਮਾਜ ਅੰਦਰ ਜਾਂ ਮਾਣ ਸਨਮਾਨ ਵਿਚ ਵਾਧਾ ਕਿਵੇਂ ਕਰ ਸਕਦੇ ਹਨ? ਕੀ ਸਿੱਖ ਸ਼ਬਦ ਦਾ ਅਰਥ ਅਕਲ ਮੱਤ ਹੈ ਜਾਂ ਅੰਧ ਵਿਸ਼ਵਾਸੀ ਪਾਠ ਪੂਜਾ। ਕੀ ਲੱਖਾਂ ਵਾਰ ਪਾਠ ਕਰਨ ਨਾਲ ਮੱਤ ਬਦਲਦੀ ਵੇਖੀ ਹੈ ਕਿਸੇ ਦੀ? ਮੈਂ ਕਦੀ ਪਾਠ ਨਹੀਂ ਕਰਦਾ। ਕਿਸੇ ਗੁਰਦੁਆਰੇ ਨਹੀਂ ਜਾਂਦਾ। ਗੁਰੂ ਗ੍ਰੰਥ ਦਾ ਪੰਨਾ ਪੰਨਾ ਮੇਰੇ ਜ਼ਿਹਨ ਵਿਚ ਹੈ, ਪੂਰਾ ਇਤਿਹਾਸ ਮੇਰੇ ਜਿਹਨ ਵਿਚ ਹੈ।

ਮੈਂ ਮਰ ਕੇ ਵੀ ਕਿਤੇ ਕਿਸੇ ਪ੍ਰਮਾਤਮਾ ਕੋਲ ਨਹੀਂ ਜਾਣਾ, ਫਿਰ ਵੀ ਕਰੋੜਾਂ ਸਿੱਖਾਂ ਤੋਂ ਵਧੇਰੇ ਤੇ ਵਧੀਆ ਜਾਣਕਾਰੀ ਹੈ ਮੇਰੇ ਕੋਲ ਸਿੱਖ ਧਰਮ ਦੀ। ਜੇ ਮੇਰੇ ਸਿਰ ਦੇ ਵਾਲ ਵੀ ਨਹੀਂ ਰਹਿਣਗੇ ਤਾਂ ਕੀ ਮੇਰੀ ਇਹ ਜਾਣਕਾਰੀ, ਇਹ ਸਿੱਖਿਆ, ਮੇਰੇ ਮਰਨ ਤੱਕ ਮੇਰੇ ਤੋਂ ਖੁਸ ਸਕਦੀ ਹੈ?

ਫਿਰ ਸਿੱਖਾਂ ਨੇ ਸਭ ਤੋਂ ਵਧੇਰੇ ਕੁੜੀਆਂ ਦੇ ਭਰੂਣ ਮਾਰੇ ਹਨ। ਕੀ ਇਹ ਝੂਠ ਹੈ? ਗਿਣਤੀ ਕਿਵੇਂ ਵਧੇਗੀ। ਜਥੇਦਾਰ ਦੇ ਕਹੇ ਤਾਂ ਕਿਸੇ ਨੇ ਚਾਰ ਚਾਰ ਨੂੰ ਜਨਮ ਨਹੀਂ ਦੇਣਾ। ਕਿਉਂਕਿ ਜਥੇਦਾਰ ਨੇ ਨਹੀਂ ਰੋਟੀ ਰੋਜ਼ਗਾਰ ਦੇਣਾ ਜੰਮਿਆਂ ਨੂੰ। ਹਿੰਦੂਆਂ ਦੀ ਚਾਪਲੂਸੀ ਕਰਨ ਨਾਲ ਗਿਣਤੀ ਨਹੀਂ ਵੱਧ ਸਕਦੀ। ਆਪਣਿਆਂ ਨੂੰ ਹਿੱਕ ਨਾਲੋਂ ਲਾਹ ਲਾਹ ਸੁੱਟੋਗੇ ਤਾਂ ਬਾਹਰੋਂ ਥੋਡੇ ਕੋਲ ਕੋਈ ਕਿਉਂ ਆਵੇਗਾ? ਆਪਣਾ ਮਾਰਗ ਸਵਾਰ ਲਵੋ, ਦੁਨੀਆਂ ਤੁਰੀ ਆਵੇਗੀ।

ਸਿੱਖਾਂ ਨੇ ਇਹ ਕਦੀ ਨਹੀਂ ਸੋਚਿਆ ਕਿ ਸੰਸਾਰ ਪੱਧਰ ਦੇ ਕਿੰਨੇ ਧਰਮੀ ਬੰਦੇ ਪੈਦਾ ਕੀਤੇ ਹਨ ਇਹਨਾਂ ਨੇ? ਕਿੰਨੇ ਸੰਸਾਰ ਪੱਧਰ ਦੇ ਵਿਦਵਾਨ ਪੈਦਾ ਕੀਤੇ ਹਨ? ਸਿੱਖ ਹਿੰਦੂ ਨਹੀਂ ਹਨ। ਜੇ ਬ੍ਰਾਹਮਣ ਕਸ਼ੱਤਰੀ ਤੇ ਵੈਸ਼ 1922 ’ਚ ਆਪਣੇ ਆਪ ਨੂੰ ਹਿੰਦੂ ਕਹਿੰਦੇ ਹਨ ਤਾਂ ਉਹ 13ਵੀਂ ਤੋਂ 17ਵੀਂ ਸਦੀ ਦੇ ਨੀਵੇਂ ਸ਼ੂਦਰਾਂ ਨੂੰ ਹਿੰਦੂ ਕਿਵੇਂ ਕਹਿ ਸਕਦੇ ਹਨ। ਭਾਵੇਂ ਇਹ ਸਹੀ ਹੈ ਕਿ ਮੁਸਲਮਾਨਾਂ ਨੇ ਹੀ ਇਹਨਾਂ ਨੂੰ ਹਿੰਦੂ ਕਿਹਾ। ਹਿੰਦੂ ਸ਼ਬਦ 13ਵੀਂ ਸਦੀ ਵਿਚ ਪ੍ਰਚੱਲਿਤ ਸੀ। ਗੁਰੂ ਨਾਨਕ ਦੀ ਵੇਦਾਂ ਸ਼ਾਸਤਰਾਂ ਨੂੰ ਤੇ ਬ੍ਰਾਹਮਣਾਂ ਨੂੰ ਮੰਨਣ ਵਾਲਿਆਂ ਨੂੰ ਹਿੰਦੂ ਲਿਖਦੇ ਹਨ। ਜੋ ਜਨੇਊ ਰਸਮ ਤੋਂ ਬਾਅਦ ਬਣਦੇ ਸਨ। ਸਿੱਖ ਤਾਂ ਅੱਜ ਵੀ ਜਨੇਊ ਰਸਮ ਨਹੀਂ ਕਰਦੇ। ਧਰਮ ਬਹੁਤ ਸਪਸ਼ਟ ਹੈ। ਕੀ ਇਹ ਜ਼ਰੂਰਤ ਨਹੀਂ ਕਿ ਇਹ ਸੰਸਾਰ ਪੱਧਰ ਦੇ ਸਿੱਖ ਬਣਨ। ਪਰ ਇਹਨਾਂ ਦੇ ਮਨ ਦੀ ਗੱਲ ਹੈ ਕਿ ਦੁਨੀਆਂ ਦਾ ਖਿਆਲ ਇਸ ਧਰਮ ਵੱਲ ਨਾ ਆਵੇ। ਇਸੇ ਵਿਚ ਇਹਨਾਂ ਦਾ ਬਚਾਅ ਤੇ ਚੜ੍ਹਦੀ ਕਲਾ ਹੈ। ਕੀ ਸਿੱਖ ਧਰਮ ਅਜਿਹਾ ਹੈ? ਨਹੀਂ ਬਿਲਕੁਲ ਨਹੀਂ। ਇਹ ਬ੍ਰਹਿਮੰਡ ਦਾ ਪੂਰਨ ਵਿਗਿਆਨ ਹੈ। ਤੇ ਪੂਰੇ ਵਿਬਵ ਦੇ ਬੰਦਿਆਂ ਦਾ ਧਰਮ ਹੈ। ਭਾਵ ਧਰਮ ਦੀ ਸੋਚ ਮਨੁੱਖਤਾ ਦੀ ਹੈ। ਕੇਵਲ ਸਿੱਖਾਂ ਦੀ ਨਹੀਂ। ਪ੍ਰੰਤੂ ਜਿਹਨਾਂ ਦਾ ਦਾ ਕਬਜਾ ਹੈ, ਦੌਲਤਾਂ ਉਤੇ, ਗੁਰੂ ਘਰਾਂ ਦੀਆਂ ਜਗੀਰਾਂ ਉਤੇ ਉਹ ਨਹੀਂ ਚਾਹੁੰਦੇ ਕਿ ਸੰਸਾਰਕ ਪ੍ਰਾਣੀ ਧਰਮ ਵਿਚ ਆਉਣ। ਹਾਂ ਜੋੜੇ ਝਾੜਨ, ਪੋਚਾ ਲਾਉਣ, ਲੰਗਰ ਪਕਾਉਣ, ਇੱਟ ਵੱਟਾਂ ਚੁੱਕਣ ਜਿੰਨੇ ਮਰਜੀ ਆ ਜਾਣ।

ਉਹ ਹੋਰ ਲੋਕਾਂ ਨੂੰ ਬਰਾਬਰ ਬਹਾ ਕੇ ਆਪਣੇ ਲਈ ਮੁਸੀਬਤਾਂ ਪੈਦਾ ਕਰਿਆ ਕਰਨਗੇ? ਇਸ ਲਈ ਗਿਣਤੀ ਘਟਣਾ ਇਹਨਾਂ ਦਾ ਮੁੱਦਾ ਨਹੀਂ ਹੋ ਸਕਦਾ। ਗਿਣਤੀ ਵਧੇ ਇਸਦੀ ਚਿੰਤਾ ਕਿਸ ਲਈ? ਹਾਂ ਗਿਣਤੀ ਦੌਲਤਾਂ ਲਈ, ਪੁੰਨਦਾਨ ਲਈ, ਸਮਾਜਿਕ ਤੇ ਰਾਜਸੀ ਪਕੜ ਲਈ ਵਪਾਰ, ਬਾਜ਼ਾਰ ਤੇ ਦੌਲਤਾਂ ਲਈ ਹੋਵੇ ਤਾਂ ਕੋਈ ਬੁਰਾ ਨਹੀਂ। ਝੋਲੀ ’ਚ ਵੋਟ ਪੈ ਗਈ ਤਾਂ ਲੱਖ ਵੱਟਿਆ। ਅੱਧੇ ਸਿੱਖ ਤਾਂ ਪਾਠ ਪੂਜਾ ਤੇ ਸੇਵਾ ’ਚ ਮਸਤ ਰਹਿੰਦੇ ਹਨ। ਲੱਖਾਂ ਨੂੰ ਗੁਰੂ ਘਰ ਸਵੇਰੇ ਸ਼ਾਮ ਰੁਜ਼ਗਾਰ ਦਿੰਦਾ ਹੈ। ਲੰਗਰ ਪਾਣੀ ਦਿੰਦਾ ਹੈ। ਹਿੰਦੂਆਂ ਵਾਂਗ ਹੀ ਸਿੱਖਾਂ ਅੰਦਰ ਵੀ ਰਾਮ ਰਟਣ ਤੇ ਪਾਠ ਪੂਜਾ, ਤੀਰਥ ਇਸ਼ਨਾਨ ਤੇ ਦਰਸ਼ਨ ਆਦਿ ਜੀਵਨ ਦਾ ਮਸਲਾ ਬਣ ਗਿਆ ਹੈ।

ਖੈਰ ਸਵਾਲ ਗਿਣਤੀ ਦਾ ਹੈ। ਤਾਂ ਇਹ ਗਿਣਤੀ ਨਹੀਂ ਵਧੇਗੀ। ਅਗਰ ਵਧੇਗੀ ਤਾਂ ਬੇਅਸਰ ਜਿਹੀ। ਮਾਤਾ ਵਾਲਿਆਂ ਦੀ ਇਹੀ ਚੜ੍ਹਤ ਰਹੀ ਤਾਂ ਕੁਝ ਸਾਲਾਂ ਵਿਚ ਨੰਬਰ ਪੁੱਠੇ ਘੁੰਮਣੇ ਸ਼ੁਰੂ ਹੋ ਜਾਣਗੇ। ਧਰਮ ਮਨੁੱਖਾਂ ਵਾਸਤੇ ਹੁੰਦਾ ਹੈ। ਮਨੁੱਖ ਧਰਮ ਵਾਸਤੇ ਨਹੀਂ ਹੁੰਦੇ। ਧਰਮ ਨੂੰ ਮਨੁੱਖਾਂ ਜੋਗਾ ਛੱਡੋਗੇ ਨਹੀਂ ਤਾਂ ਉਹ ਆ ਕੇ ਵੀ ਕੀ ਕਰਨਗੇ? ਆਪ ਵੀ ਗਏ ਤਾਂ ਪਰਤ ਜਾਣਗੇ। ਪਹਿਲਾਂ ਲੱਖਾਂ ਲੱਖਾਂ ਤੁਰ ਗਏ। ਹੁਣ ਕਿਹੜਾ ਰੁਕ ਜਾਣਾ ਹੈ। ਜੇ ਆਏ ਵੀ ਸਾਡੀਆਂ ਸਿਆਣਪਾਂ ਕਾਰਨ ਪਰਤਦੇ ਰਹੇ, ਬਾਹਰ ਦੌੜਦੇ ਰਹੇ ਤਾਂ ਬਿਪਤਾ ਨਹੀਂ ਮੁੱਕਣੀ। ਬਾਹਰੋਂ ਆਉਣ ਨਾ, ਫਾਟਕ ਲੱਗੇ ਰਹਿਣ, ਅੰਦਰੋਂ ਹੌਲੀ ਹੌਲੀ ਮੌਕਾ ਲੱਗਦੇ ਨਿਕਲਦੇ ਰਹਿਣ ਤਾਂ ਕੀ ਹੋਵੇਗਾ, ਜ਼ਰਾ ਸੋਚੋ! ਦੂਜਾ ਜੇ ਸਿੱਖਣਾ ਸਿਖਾਉਣਾ ਹੀ ਕੁਝ ਨਹੀਂ ਤਾਂ ਸਿੱਖ ਸ਼ਬਦ ਦਾ ਵੀ ਕੀ ਅਰਥ? ਸਿੱਖ ਪਾਲੀ ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਰਥ ਹੈ ਸਿੱਖਣ ਵਾਲਾ, ਅਕਲ ਮੱਤ ਲੈਣ ਵਾਲਾ। ਸਿਆਣਪਾਂ ਕੱਠੀਆਂ ਕਰਨ ਵਾਲਾ। ਕੁਕਰਮੀ ਅਧਰਮੀ ਰਾਹ ਨੂੰ ਛੱਡਣ ਵਾਲਾ। ਨਿਰਮਲ ਮਨੁੱਖ ਬਣਨ ਵਾਲਾ। ਉਪਕਾਰ, ਸਦਾਚਾਰ, ਸਬਰ ਸੰਤੋਖ, ਦਇਆ, ਸ਼ੀਲ, ਗਿਆਨ ਦੇ ਰਾਹ ਤੁਰਨ ਦੀ ਚੇਸ਼ਟਾ ਵਾਲਾ। ਸਾਰੀ ਬਾਣੀ ਸਿੱਖ ਬੰਦੇ ਦਾ ਇਹੋ ਉਦੇਸ਼ ਮਿੱਥਦੀ ਹੈ। ਪੂਜਾ ਪਾਠ ਤਾਂ ਮਕਸਦ ਹੀ ਕੋਈ ਨਹੀਂ ਇੱਥੇ। ਰਾਮ ਰਾਮ ਕਰਤਾ ਜਗ ਫਿਰੈ, ਰਾਮ ਨਾ ਪਾਇਆ ਜਾਈ।

ਬ੍ਰਾਹਮਣ ਦੇ ਅਮਾਰਗ ਤੋਂ ਗੂੜ੍ਹੇ ਮਨੁੱਖ ਨੂੰ, ਸਹੀ ਦਿਸ਼ਾ ਵੱਲ ਤੁਰੇ ਮਨੁੱਖ ਨੂੰ ਵਰਣ ਜਾਤ ਤੇ ਊਚ ਨੀਚ ਤੋਂ ਮੁਕਤ ਨੂੰ ਗੁਰੂ ਨੇ ਸਿੱਖ ਕਿਹਾ। ਜਿਸਨੇ ਕੁਮੱਤ ਛੱਡੀ, ਕੁਬੱਧ ਛੱਡੀ, ਅਧਰਮ ਛੱਡਿਆ, ਪਾਖੰਡ ਤੇ ਅੰਧ ਵਿਸ਼ਵਾਸ ਛੱਡਿਆ, ਮਰਨ ਉਪਰੰਤ ਜੀਵਨ ਦੀ ਲੋਚਾ ਛੱਡੀ, ਨਿਰਮਲ ਮਨ ਤੇ ਨਿਰਮਲ ਕਰਮ ਵਾਲਾ ਬੁੱਧੀਮਾਨ ਬੰਦਾ ਸਿੱਖ ਅਖਵਾਇਆ। ਸਿੱਖਿਆ ਹੋਇਆ ਗੁਰੂ ਮਾਰਗੀ ਬੰਦਾ। ਅਸੀਂ ਸਭ ਕਿੱਥੇ ਖੜ੍ਹੇ ਹਾਂ, ਇੰਨੀ ਹੀ ਸਮਝ ਲਈਏ ਤਾਂ ਗਿਣਤੀ ਦੀ ਵੀ ਸਮਝ ਆ ਜਾਵੇਗੀ। ਸਾਡਾ ਰੋਲ ਮਾਡਲ ਭਾਵ ਜੀਵਨ ਆਦਰਸ਼ ਗੁਰੂ ਗ੍ਰੰਥ ਹੈ। ਨਾ ਕਿ ਸਿੱਖ ਸੂਰਤ। ਸਿੱਖਾਂ ਅੰਦਰ ਗੁਰੂ ਦਾ ਆਦਰਸ਼ ਹੁੰਦਾ ਤਾਂ ਗਿਣਤੀ ਕਿਉਂ ਘਟਦੀ? ਇਸਲਾਮ, ਬੁੱਧ ਧਰਮ ਤੇ ਇਸਾਈ ਧਰਮ ਦੇ ਬੰਦੇ ਅਰਬਾਂ ਵਿਚ ਹਨ, ਕਿਉਂ? ਪੂਰੀ ਦੁਨੀਆਂ ’ਚ ਹਨ। ਨਾ ਤਾਂ ਹਿੰਦੂ ਇਸ ਧਰਤੀ ਨੂੰ ਛੱਡਦਾ ਹੈ ਤੇ ਨਾ ਉਸਦੇ ਧਰਮ ਨੂੰ ਹੋਰ ਧਰਤੀ ਝੱਲਦੀ ਹੈ। ਕੀ ਸਿੱਖਾਂ ਨਾਲ ਵੀ ਇੰਝ ਹੁੰਦਾ ਹੈ?

ਸਿੱਖ ਤਾਂ ਅਣਗਿਣਤ ਬਾਹਰ ਰਹਿਣ ਲੱਗੇ ਹਨ। ਹਰ ਥਾਂ ਗੁਰਦੁਆਰੇ ਹਨ। ਪ੍ਰੰਤੂ ਦੁਨੀਆਂ ਨੂੰ ਇਹਨਾਂ ਦੀ ਨਾ ਇਹਨਾਂ ਦੇ ਧਰਮ ਦੀ ਕੋਈ ਪ੍ਰਵਾਹ ਹੈ। ਇੱਥੇ ਵੀ, ਬਾਹਰ ਵੀ ਸੰਸਾਰ ਦਾ ਮਨੁੱਖ ਇਹਨਾਂ ਦੀ ਨਹੀਂ ਸੁਣਦਾ। ਕਿਉਂਕਿ ਇਹਨਾਂ ਦੇ ਵਰਤਾਰੇ ਦੀ ਤਰਜਮਾਨੀ, ਧਰਮ ਤੋਂ ਬੇਮੁਖ ਹਿੰਦੂਆਂ ਵਰਗੀ ਹੈ। ਸਗੋਂ ਕਈ ਥਾਂ ਹਿੰਦੂਆਂ ਤੋਂ ਵੀ ਅੱਗੇ। ਜੇ ਟਿੱਕੇ ਤਿਲਕ ਲਗਾ ਕੇ, ਮੂਰਤੀਆਂ ਪੂਜਣੀਆਂ ਤੇ ਜਗਰਾਤੇ ਕਰਨੇ ਹਨ ਤਾਂ ਕੌਣ ਮੂਰਖ ਕਹੂਗਾ ਕਿ ਸਿੱਖ ਹਿੰਦੂ ਨਹੀਂ ਹਨ। ਬਾਹਰ ਦੇ ਅਕਾਲ ਤਖਤਾਂ ਤੇ ਨਿਰਾ ਹਿੰਦੂਵਾਦ ਹੈ। ਕਿਸੇ ਦਿਨ ਇੱਥੇ ਵੀ ਹੋ ਜਾਣਾ ਹੈ। ਸਿੱਖਾਂ ਦਾ ਵੱਸ ਚੱਲਦਾ ਤਾਂ ਹੁਣ ਤੱਕ ਇਹਨਾਂ ਨੇ ਰਮਾਇਣ ਬਰਾਬਰ ਰੱਖ ਦੇਣੀ ਸੀ। ਬ੍ਰਾਹਮਣ ਦੇ ਡੇਢ ਲੱਖ ਤੋਂ ਵੱਧ ਮੰਦਰ ਹਨ ਤੇ ਸਿੱਖਾਂ ਕੋਲ ਹਜ਼ਾਰਾਂ ਆਲੀਸ਼ਾਨ ਗੁਰੂ ਘਰ ਹਨ। ਕੋਈ ਦੱਸੇਗਾ ਕਿ ਆਖਿਰ ਕੋਈ ਦੂਸਰਾ ਬੰਦਾ ਸਿੱਖ ਕਿਉਂ ਬਣੇਗਾ?

ਕਾਬਜ ਜਾਤੀਆਂ ਆਪਣੀ ਪਕੜ ਤੇ ਜਕੜ ਨੂੰ ਸੂਈ ਭਰ ਵੀ ਢਿੱਲ ਕਰਨ ਨੂੰ ਤਿਆਗ ਨਹੀਂ ਹਨ। ਲੋਕ ਮੂਰਖ ਬਣਾ ਕੇ ਰੱਖੇ ਤਾਂ ਜਾ ਸਕਦੇ ਹਨ, ਪ੍ਰੰਤੂ ਇਹ ਮੂਰਖਾਂ ਦਾ ਯੁੱਧ ਬਿਲਕੁਲ ਨਹੀਂ। ਜੋ ਨਹੀਂ ਹੋਣ ਵਾਲਾ ਮੈਂ ਫਿਰ ਦੁਹਰਾ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਅੰਦਰ ਪੰਜਾਬੋਂ ਬਾਹਰ, ਹਰ ਭਾਸ਼ਾ ਵਿਚ ਸਿੱਖ ਸਕੂਲ ਖੋਲ੍ਹੋ ਅਤੇ ਸਿੱਖ ਅਧਿਆਪਕ ਭਰਤੀ ਕਰੋ। ਬਿਨਾਂ ਰੋਕ-ਟੋਕ ਬੱਚੇ ਦਾਖਲ ਕਰੋ। ਗਰੀਬ ਤੇ ਦਇਆ ਕਰੋ। ਵਿੱਦਿਆ ਵੀ ਦਿਓ। ਧਰਮ ਵੀ ਪੜ੍ਹਾਓ ਅਤੇ ਲੰਗਰ ਪਾਣੀ ਵੀ ਦਿਓ। ਪੂਰੇ ਭਾਰਤ ’ਚ ਹੀ ਨਹੀਂ, ਸੰਸਾਰ ਭਰ ਵਿਚ ਕਰੋ ਇਹ। ਇਕ ਸਿੱਖ ਯੂਨੀਵਰਸਿਟੀ ਅਤੇ ਇਕ ਸਿੱਖ ਸਕੂਲ ਬੋਰਡ ਅਧੀਨ ਰੱਖੇ ਸਨ। ਦੁਨੀਆਂ ਨਹੀਂ ਤਾਂ ਗਰੀਬ ਦੌੜੇ ਆਉਣਗੇ। ਰੁਮਾਲੇ ਦੀ ਥਾਂ ਗਰੀਬ ਨੂੰ ਵਰਦੀ ਦਿਓ। ਪੁਸਤਕ, ਕਾਪੀ ਦਿਓ। ਲੰਗਰ ਗੁਰੂ ਘਰ ਦੇਵੇਗਾ ਤੇ ਇਉਂ ਸਿੱਖ ਧਰਮ ਸੰਸਾਰ ਭਰ ਵਿਚ ਆਪਣਾ ਵਜੂਦ ਬਣਾ ਲਵੇਗਾ।

# ਪੰਜਾਬ ਸਰਕਾਰ ਨੇ ਚਾਰ ਵਰ੍ਹਿਆਂ ਤੋਂ ਨਹੀ ਦਿੱਤੇ ਸ਼੍ਰੋਮਣੀ ਪੁਰਸਕਾਰ

ਬਠਿੰਡਾ- ਪੰਜਾਬ ਸਰਕਾਰ ਨੇ ਸ਼੍ਰੋਮਣੀ ਪੁਰਸਕਾਰ ਦੇਣ ਦੇ ਮਾਮਲੇ ਵਿੱਚ ਹੱਥ ਘੁੱਟੇ ਹੋਏ ਹਨ। ਇਸੇ ਲਈ ਚਾਰ ਵਰ੍ਹਿਆਂ ਤੋਂ ਕੋਈ ਸ਼੍ਰੋਮਣੀ ਪੁਰਸਕਾਰ ਦਿੱਤਾ ਨਹੀਂ ਗਿਆ। ਇਨ੍ਹਾਂ ਚਾਰ ਸਾਲਾਂ ਦੇ ਪੁਰਸਕਾਰਾਂ ਲਈ 3.50 ਕਰੋੜ ਦੇ ਫੰਡਾਂ ਦੀ ਜ਼ਰੂਰਤ ਹੈ। ਇਸ ਤੋਂ ਬਿਨਾਂ ਭਾਸ਼ਾ ਵਿਭਾਗ ਨੇ ਪਿਛਲੇ ਸਾਲ 6 ਦਸੰਬਰ ਨੂੰ ਸਰਵੋਤਮ ਪੁਸਤਕ ਸ਼੍ਰੇਣੀ ਤਹਿਤ 10 ਲੇਖਕਾਂ ਨੂੰ ਸਨਮਾਨ ਚਿੰਨ੍ਹ ਤਾਂ ਦੇ ਦਿੱਤੇ ਸਨ ਪਰ ਅਜੇ ਤੱਕ ਉਨ੍ਹਾਂ ਲੇਖਕਾਂ ਨੂੰ ਇਨਾਮੀ ਰਕਮ ਨਹੀਂ ਮਿਲੀ। ਭਾਸ਼ਾ ਵਿਭਾਗ ਤਰਫ਼ੋਂ 18 ਸ਼੍ਰੇਣੀਆਂ ਤਹਿਤ ਸ਼੍ਰੋਮਣੀ ਪੁਰਸਕਾਰ ਦਿੱਤੇ ਜਾਂਦੇ ਹਨ। ਪੰਜਾਬ ਸਰਕਾਰ ਨੇ 2012 ਵਿੱਚ ਇਨ੍ਹਾਂ ਸ਼੍ਰੋਮਣੀ ਪੁਰਸਕਾਰਾਂ ਦੀ ਰਕਮ ਦੁੱਗਣੀ ਕਰ ਦਿੱਤੀ ਸੀ ਪਰ ਇਸ ਵਾਧੇ ਮਗਰੋਂ ਸਰਕਾਰ ਨੇ ਕੋਈ ਪੁਰਸਕਾਰ ਹੀ ਨਹੀਂ ਦਿੱਤਾ। ਭਾਸ਼ਾ ਵਿਭਾਗ ਕਾਫ਼ੀ ਸਮੇਂ ਤੋਂ ਪੰਜਾਬ ਸਰਕਾਰ ਤੋਂ ਫੰਡਾਂ ਦੀ ਉਡੀਕ ਕਰ ਰਿਹਾ ਹੈ। ਭਾਸ਼ਾ ਵਿਭਾਗ ਤੋਂ ’ਸੂਚਨਾ ਦਾ ਅਧਿਕਾਰ’ ਐਕਟ ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬੀ ਸਾਹਿਤ ਰਤਨ ਪੁਰਸਕਾਰ ਦੀ ਰਕਮ ਚਾਰ ਵਰ੍ਹੇ ਪਹਿਲਾਂ 10 ਲੱਖ ਰੁਪਏ ਕਰ ਦਿੱਤੀ ਗਈ ਸੀ। ਰਕਮ ਵਿੱਚ ਵਾਧੇ ਮਗਰੋਂ ਪੰਜਾਬੀ ਸਾਹਿਤ ਰਤਨ ਪੁਰਸਕਾਰ ਵਾਸਤੇ ਕਿਸੇ ਨਾਮ ਦਾ ਐਲਾਨ ਹੀ ਨਹੀਂ ਕੀਤਾ ਗਿਆ ਹੈ। ਇਸ ਸ਼੍ਰੇਣੀ ਤਹਿਤ ਚਾਰ ਵਰ੍ਹਿਆਂ ਦੇ ਪੁਰਸਕਾਰ ਦੇਣ ਲਈ 40 ਲੱਖ ਦੇ ਫੰਡਾਂ ਦੀ ਲੋੜ ਹੈ। ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਦੀ ਰਕਮ ਵੀ ਢਾਈ ਲੱਖ ਤੋਂ ਪੰਜ ਲੱਖ ਰੁਪਏ ਕੀਤੀ ਗਈ ਹੈ ਪਰ ਵਾਧੇ ਮਗਰੋਂ ਇਹ ਪੁਰਸਕਾਰ ਕਿਸੇ ਨੂੰ ਨਹੀਂ ਦਿੱਤਾ ਗਿਆ।

ਸਰਕਾਰੀ ਵੇਰਵਿਆਂ ਅਨੁਸਾਰ ਭਾਸ਼ਾ ਵਿਭਾਗ ਨੂੰ ਸਾਰੇ ਪੁਰਸਕਾਰਾਂ ਦਾ ਬਕਾਇਆ ਭੁਗਤਾਉਣ ਵਾਸਤੇ 3.50 ਕਰੋੜ ਦੀ ਜ਼ਰੂਰਤ ਹੈ। ਭਾਸ਼ਾ ਵਿਭਾਗ ਤਰਫ਼ੋਂ ਸ਼੍ਰੋਮਣੀ ਹਿੰਦੀ ਸਾਹਿਤਕਾਰ, ਉਰਦੂ ਸਾਹਿਤਕਾਰ, ਸੰਸਕ੍ਰਿਤ, ਪੰਜਾਬੀ ਕਵੀ, ਪੰਜਾਬੀ ਗਿਆਨ ਸਾਹਿਤਕਾਰ/ ਅਲੋਚਨਾ, ਪੰਜਾਬੀ ਸਾਹਿਤਕਾਰ (ਵਿਦੇਸ਼ੀ), ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ), ਪੰਜਾਬੀ ਬਾਲ ਸਾਹਿਤ ਲੇਖਕ, ਪੰਜਾਬੀ ਪੱਤਰਕਾਰ, ਪੰਜਾਬੀ ਸਾਹਿਤਕ ਪੱਤਰਕਾਰ, ਸ਼੍ਰੋਮਣੀ ਰਾਗੀ/ ਢਾਡੀ/ ਕਵੀਸ਼ਰ ਪੁਰਸਕਾਰ, ਪੰਜਾਬੀ ਰੇਡੀਓ/ ਟੈਲੀਵੀਜ਼ਨ/ ਥੀਏਟਰ/ ਨਾਟਕ ਪੁਰਸਕਾਰ ਅਤੇ ਪੰਜਾਬੀ ਗਾਇਕ/ਸੰਗੀਤਕਾਰ ਪੁਰਸਕਾਰ ਹਰ ਵਰ੍ਹੇ ਦਿੱਤੇ ਜਾਂਦੇ ਹਨ। ਵਿਭਾਗ ਨੇ ਪਿਛਲੇ ਸਾਲ ਤੋਂ ਸ਼੍ਰੋਮਣੀ ਪੰਜਾਬੀ ਆਲੋਚਕ/ ਖੋਜ ਸਾਹਿਤਕਾਰ, ਸ਼੍ਰੋਮਣੀ ਰਾਗੀ ਪੁਰਸਕਾਰ ਅਤੇ ਸ਼੍ਰੋਮਣੀ ਪੰਜਾਬੀ ਟੈਲੀਵੀਜ਼ਨ/ ਰੇਡੀਓ/ ਫਿਲਮ ਪੁਰਸਕਾਰ ਦੇਣ ਦਾ ਫ਼ੈਸਲਾ ਕੀਤਾ ਹੈ।

# ਪਰਿਵਾਰ ਅਤੇ ਜਾਤੀ ਤੱਕ ਸੀਮਤ ਹੈ ਭਾਰਤ



ਡਾ. ਉਦਿਤ ਰਾਜ
ਐਮ.ਪੀ. (ਲੋਕ ਸਭਾ)
ਸਹਾਇਕ ਕੌਮੀ ਕਾਰਜਕਾਰਨੀ
ਭਾਰਤੀ ਜਨਤਾ ਪਾਰਟੀ

ਕੁਝ ਤਾਂ ਗੜਬੜ ਹੈ ਕਿ ਅਣਗਿਣਤ ਵਿਚਾਰ, ਯੋਜਨਾਵਾਂ, ਭਾਸ਼ਣ, ਪ੍ਰੋਗਰਾਮ ਬਣਦੇ ਹਨ ਪਰ ਧਰਾਤਲ ਤੱਕ ਪਹੁੰਚ ਨਹੀਂ ਪਾਉਂਦੇ। ਸਰਕਾਰ ਨੇ ਬਹੁਤ ਸਾਰੀਆਂ ਚੰਗੀਆਂ ਯੋਜਨਾਵਾਂ ਚਲਾਈਆਂ ਪਰ ਜ਼ਮੀਨ 'ਤੇ ਉਤਾਰਨ ਦੀ ਚੁਣੌਤੀ ਸਭ ਤੋਂ ਵੱਡੀ ਹੈ। ਹੈਰਾਨੀ ਦੀ ਗੱਲ ਹੈ, ਲੋਕ ਕਹਿੰਦੇ ਤਾਂ ਹਨ ਪਰ ਕਰ ਕਿਉਂ ਨਹੀਂ ਪਾਉਂਦੇ, ਇਹ ਇਕ ਵੱਡਾ ਭੇਦ ਹੈ। ਲੋਕ ਦੇਸ਼ ਭਗਤੀ ਦੀ ਗੱਲ ਕਹਿੰਦੇ ਥੱਕਦੇ ਨਹੀਂ ਹਨ ਕਿ ਸਾਡੇ ਤੋਂ ਚੰਗੇ ਵਿਚਾਰ ਵਾਲੇ ਦੁਨੀਆਂ ਵਿਚ ਹੋਰ ਕੋਈ ਹਨ ਨਹੀਂ। ਸਾਦਗੀ ਸਾਡੀ ਸੰਸਕ੍ਰਿਤੀ ਹੈ। ਸਭ ਨੂੰ ਉਮੀਦ ਸਰਕਾਰ ਤੋਂ ਹੀ ਰਹਿੰਦੀ ਹੈ, ਜੋ ਵੀ ਕਰੇ ਉਹੀ ਕਰੇ। ਪਿਛਲੇ ਮਹੀਨੇ ਸਿਡਨੀ ਵਿਚ ਭਾਰਤੀਆਂ ਨੂੰ ਸੰਬੋਧਿਤ ਕਰਦਿਆਂ ਇਕ ਸਵਾਲ ਉਠਿਆ ਕਿ ਭਾਰਤ ਹਾਲੇ ਸਵੱਛ ਕਿੱਥੇ ਹੋਇਆ, ਪ੍ਰਧਾਨ ਮੰਤਰੀ ਨੇ ਕੀ ਕੀਤਾ? ਜਵਾਬ ਦਿੱਤਾ ਕਿ ਪ੍ਰਧਾਨ ਮੰਤਰੀ ਨੇ ਸ਼ੁਰੂਆਤ ਵਿਚ ਝਾੜੂ ਹੱਥ ਵਿਚ ਪਕੜੀ ਅਤੇ ਸਫਾਈ ਮੁਹਿੰਮ ਚਲਾਈ। ਸਾਰੇ ਸਾਂਸਦ ਅਤੇ ਮੰਤਰੀਆਂ ਨੇ ਵੀ ਅਜਿਹਾ ਕੀਤਾ। ਇਹ ਘਰ-ਘਰ ਸਫਾਈ ਕਰਨ ਤਾਂ ਨਹੀਂ ਜਾਣਗੇ, ਸਾਰਿਆਂ ਨੂੰ ਆਪਣੇ ਘਰ ਅਤੇ ਖੇਤਰ ਦੀ ਸਫਾਈ ਕਰਨੀ ਹੈ। ਇਸ ਵਿਚ ਸਰਕਾਰ ਵੱਲੋਂ ਕੋਈ ਕਮੀ ਨਹੀਂ ਹੈ। ਜਦੋਂ ਦੇਸ਼ ਅਤੇ ਸਮਾਜ ਦੀ ਗੱਲ ਆਉਂਦੀ ਹੈ ਤਾਂ ਲੋਕਾਂ ਦੀ ਜ਼ਿੰਮੇਵਾਰੀ ਅਤੇ ਯੋਗਦਾਨ ਕਿੱਥੇ ਗਾਇਬ ਹੋ ਜਾਂਦਾ ਹੈ। ਖੁਦ ਦੇ ਕੰਮ ਦੇ ਲਈ ਵੀ ਸਰਕਾਰ ਤੋਂ ਆਸ। ਸਪਸ਼ਟ ਸਵਾਲ ਹੈ ਕਿ ਕੀ ਇਸ ਨਾਲ ਤਬਦੀਲੀ ਆ ਜਾਵੇਗੀ।

ਦੇਸ਼ ਅਤੇ ਸਮਾਜ ਦੇ ਲਈ ਜਦੋਂ-ਜਦੋਂ ਕੁਝ ਕਰਨ ਦਾ ਮੌਕਾ ਮਿਲਦਾ ਹੈ, ਤਾਂ ਲੋਕਾਂ ਦੇ ਕੋਲ ਵਕਤ ਅਤੇ ਸਾਧਨਾਂ ਦੀ ਕਮੀ ਹੋ ਜਾਂਦੀ ਹੈ ਪਰ ਨਿੱਜੀ ਸਵਾਰਥ ਵਿਚ ਅਜਿਹਾ ਨਹੀਂ ਹੁੰਦਾ। ਕਿਤੇ ਪਰਿਵਾਰ ਅਤੇ ਜਾਤੀ ਪੋਸ਼ਣ, ਸਾਧਨ ਅਤੇ ਸਮੇਂ ਨੂੰ ਤਾਂ ਨਹੀਂ ਨਿਕਲ ਜਾਂਦੇ। ਇਹੀ ਸਭ ਖਰਚ ਹੋ ਜਾਂਦਾ ਹੈ ਤਾਂ ਸਮਾਜ ਅਤੇ ਦੇਸ਼ ਦੇ ਲਈ ਬਚਦਾ ਹੀ ਨਹੀਂ। ਇਹੀ ਕੰਮ ਕਰਦੀ ਹੈ ਰਾਸ਼ਟਰੀਅਤਾ ਦੀ ਭਾਵਨਾ। ਇਹ ਨਹੀਂ ਕਿਹਾ ਜਾ ਰਿਹਾ ਕਿ ਆਪਣੇ ਪਰਿਵਾਰ ਅਤੇ ਜਾਤੀ ਦੇ ਬਾਰੇ ਨਾ ਸੋਚੋ ਅਤੇ ਨਾ ਕਰੋ। ਦੇਸ਼ ਦੇ ਲਈ ਨਾ ਕਰ ਸਕੋ ਤਾਂ ਵੀ ਚੱਲ ਜਾਵੇਗਾ ਪਰ ਤਕਲੀਫ਼ ਨਹੀਂ ਹੋਣੀ ਚਾਹੀਦੀ। ਮਜ਼ਦੂਰ ਹੈ ਤਾਂ ਮੰਗ ਕਰਦੇ ਹਨ, ਚਾਹੇ ਜੋ ਮਜਬੂਰੀ ਹੋਵੇ, ਸਾਡੀਆਂ ਮੰਗਾਂ ਪੂਰੀਆਂ ਹੋਣ। ਸਰਕਾਰ ਦੇ ਕੋਲ ਸਾਧਨ ਨਾ ਵੀ ਹੋਣ ਅਤੇ ਕਰਨ ਵਿਚ ਮਜਬੂਰ ਹੋਣ ਤਾਂ ਵੀ ਇਹਨਾਂ ਦੀਆਂ ਮੰਗਾਂ ਜਿਵੇਂ ਮਜ਼ਦੂਰੀ ਅਤੇ ਹੋਰ ਸਹੂਲਤਾਂ ਦੇਣੀਆਂ ਹੀ ਪੈਣਗੀਆਂ। ਦੁਨੀਆਂ ਦੇ ਕਿਸ ਦੇਸ਼ ਵਿਚ ਅਜਿਹੇ ਲੋਕ ਹੋਣਗੇ ਜੋ ਕਹਿੰਦੇ ਹੋਣ ਕਿ ਚਾਹੇ ਜੋ ਮਜਬੂਰੀ ਹੋਵੇ ਪਰ ਸਾਡੀ ਜ਼ਰੂਰਤ ਨੂੰ ਪੂਰਾ ਕਰੋ। ਇਹ ਰਾਸ਼ਟਰ ਅਤੇ ਸਮਾਜ ਦੀ ਕੀਮਤ ਤੇ ਨਿੱਜੀ ਸਵਾਰਥ ਦੀ ਪੂਰਤੀ ਨਹੀਂ ਹੈ ਤਾਂ ਕੀ ਹੈ? ਭਾਰਤੀ ਸੰਚਾਰ ਨਿਗਮ ਲਿਮਟਿਡ ਦੀਆਂ ਸਾਰੀਆਂ ਯੂਨੀਅਨਾਂ ਇਕੱਠੀਆਂ ਹੋ ਕੇ ਸੰਮੇਲਨ ਕਰ ਰਹੀਆਂ ਸਨ ਅਤੇ ਉਸ ਵਿਚ ਮੈਨੂੰ ਵੀ ਬੁਲਾਇਆ ਗਿਆ। ਮੈਂ ਸਵਾਲ ਕੀਤਾ ਕਿ ਕੀ ਕਦੀ ਯੂਨੀਅਨਾਂ ਭਾਰਤੀ ਸੰਚਾਰ ਨਿਗਮ ਲਿਮਟਿਡ ਦੇ ਘਾਟੇ ਦੇ ਬਾਰੇ ਵੀ ਧਰਨੇ ਪ੍ਰਦਰਸ਼ਨ ਕਰਦੀਆਂ ਹਨ। ਬੀ. ਐਸ. ਐਨ. ਐਲ. ਦੀ ਸੇਵਾ ਠੀਕ ਨਹੀਂ ਰਹਿੰਦੀ ਅਤੇ ਨਿੱਜੀ ਟੈਲੀਕਾਮ ਕੰਪਨੀਆਂ ਦੇ ਕੁਝ ਕਰਮਚਾਰੀਆਂ ਦੀ ਗੰਢ ਤਰੁੱਪ ਨਾਲ ਇਹ ਹੁੰਦਾ ਹੈ। ਸਮੇਂ ਤੇ ਆਧੁਨਿਕ ਉਪਕਰਨ ਨਾ ਲਗਾਉਣ ਨਾਲ, ਨਿੱਜੀ ਕੰਪਨੀਆਂ ਬਿਹਤਰ ਸੇਵਾਵਾਂ ਦੇ ਜਾਂਦੀਆਂ ਹਨ। ਯੂਨੀਅਨ ਇਸ ਨੂੰ ਲੈ ਕੇ ਅੰਦੋਲਨ ਤਾਂ ਨਹੀਂ ਕਰਦੀ। ਮੇਰੀ ਇਹ ਗੱਲ ਨੇਤਾਵਾਂ ਨੂੰ ਮਾੜੀ ਲੱਗੀ ਹੋਵੇਗੀ। ਅੱਜ ਤੱਕ ਸ਼ਾਇਦ ਹੀ ਭਾਰਤ ਵਿਚ ਯੂਨੀਅਨ ਕਰਮਚਾਰੀਆਂ ਅਤੇ ਲੀਡਰਾਂ ਦੀ ਲੁੱਟ ਦੇ ਖ਼ਿਲਾਫ਼ ਅੰਦੋਲਨ ਕੀਤਾ ਹੋਵੇਗਾ ਪਰ ਆਪਣੀਆਂ ਸਹੂਲਤਾਂ ਦੇ ਲਈ ਹਰ ਰੋਜ਼ ਮੈਮੋਰੰਡਮ ਅਤੇ ਹੜਤਾਲਾਂ। ਇਸ ਉਦਾਹਰਣ ਤੋਂ ਇਹ ਗੱਲ ਸਮਝ ਵਿਚ ਆਉਂਦੀ ਹੈ ਕਿ ਸ਼ਕਤੀ, ਭਾਵਨਾ ਅਤੇ ਸਮਰਪਣ ਆਪਣੀ ਜ਼ਰੂਰਤ ਦੇ ਲਈ ਹੀ ਇਸਤੇਮਾਲ ਹੋ ਜਾਂਦੇ ਹਨ ਤਾਂ ਸਮਾਜ ਅਤੇ ਦੇਸ਼ ਦਾ ਹਿੱਤ ਦੂਜੀ ਪਹਿਲੂ ਤੇ ਪਹੁੰਚ ਜਾਂਦਾ ਹੈ।

ਕੁਝ ਲੋਕ ਦੇਸ਼ ਦੇ ਉਪਰ ਅਹਿਸਾਨ ਜਦੋਂ ਕਰਨ ਦੀ ਗੱਲ ਕਰਦੇ ਹਨ ਤਾਂ ਹੋਰ ਕਸ਼ਟ ਹੋ ਜਾਂਦਾ ਹੈ। ਜੇਕਰ ਕਿਸੇ ਦੇ ਬਾਪ, ਦਾਦਾ, ਪੜਦਾਦਾ ਚੰਗੇ ਕੰਮ ਕਰਦੇ ਹੋਣ ਜਿਵੇਂ ਖਿਡਾਰੀ, ਆਜ਼ਾਦੀ ਘੁਲਾਟੀਏ, ਫੌਜੀ ਤਾਂ ਉਹਨਾਂ ਦਾ ਅਹਿਸਾਨ ਦੇਸ਼ ਦੇ ਉਪਰ ਚੜ੍ਹ ਜਾਂਦਾ ਹੈ ਕਿ ਸਰਕਾਰ ਉਹਨਾਂ ਦੀਆਂ ਔਲਾਦਾਂ ਦੀ ਦੇਖਭਾਲ ਕਰੇ। ਧਿਆਨ ਚੰਦ ਹਾਕੀ ਦੇ ਬੜੇ ਚੰਗੇ ਖਿਡਾਰੀ ਸਨ ਪਰ ਹੁਣ ਉਹਨਾਂ ਦੇ ਵਾਰਸ ਸਧਾਰਨ ਜ਼ਿੰਦਗੀ ਗੁਜ਼ਾਰ ਰਹੇ ਹਨ ਤਾਂ ਅਖ਼ਬਾਰ ਵਿਚ ਛਪਦਾ ਹੈ ਕਿ ਦੇਖੋ ਇਕ ਵੱਡੇ ਖਿਡਾਰੀ ਦੇ ਬੱਚਿਆਂ ਦੀ ਕੀ ਦੁਰਦਸ਼ਾ ਹੈ। ਇਸ ਨਾਲ ਸਮਾਜ ਅਤ ਸਰਕਾਰ ਕੀ ਕਰੇ? ਕਿਸੇ ਆਜ਼ਾਦੀ ਘੁਲਾਟੀਏ ਦਾ ਮੁੰਡਾ ਜਾਂ ਪੋਤਾ ਮਜ਼ਦੂਰੀ ਕਰ ਰਿਹਾ ਹੈ ਤਾਂ ਮੀਡੀਆ ਜ਼ੋਰ-ਜ਼ੋਰ ਨਾਲ ਚਿਲਾਉਂਦਾ ਹੈ ਕਿ ਇਕ ਆਜ਼ਾਦੀ ਘੁਲਾਟੀਏ ਦੇ ਬਲੀਦਾਨ ਦਾ ਹਸ਼ਰ। ਫੌਜ ਵਿਚ ਭਰਤੀ ਹੋਣ ਦੇ ਲਈ ਕਿੰਨੇ ਮੁਕਾਬਲੇ ਹਨ, ਇਹ ਸਭ ਜਾਣਦੇ ਹਨ।

ਭਰਤੀ ਦੇ ਵਕਤ ਇੰਨੀ ਭੀੜ ਹੋ ਜਾਂਦੀ ਹੈ ਕਿ ਇੰਤਜ਼ਾਮ ਲਈ ਪੁਲਿਸ ਬੁਲਾਈ ਜਾਂਦੀ ਹੈ। ਜਿਸਦੀ ਨਿਯੁਕਤੀ ਹੋ ਜਾਂਦੀ ਹੈ, ਉਸਦੇ ਪਰਿਵਾਰ ਦੀ ਖੁਸ਼ੀ ਦਾ ਠਿਕਾਣਾ ਨਹੀਂ ਹੁੰਦਾ। ਅਜਿਹੇ ਲੋਕ ਗਰੀਬ ਅਤ ਮਾਮੂਲੀ ਪਰਿਵਾਰ ਦੇ ਹੀ ਹੁੰਦੇ ਹਨ ਅਤੇ ਇਹ ਨੌਕਰੀ ਗੁਜ਼ਾਰੇ ਦਾ ਸਹਾਰਾ ਹੈ। ਬਿਨਾਂ ਤਨਖਾਹ ਦੇ ਤਾਂ ਕੋਈ ਕੰਮ ਨਹੀਂ ਕਰਦਾ। ਦੁਸ਼ਮਣ ਦੇ ਹੱਥੋਂ ਜੇਕਰ ਜ਼ਖਮੀ ਜਾਂ ਮੌਤ ਹੋ ਜਾਂਦੀ ਹੈ ਤਾਂ ਨਿਸ਼ਚਿਤ ਤੌਰ ਤੇ ਦੇਸ਼ ਦੇ ਲਈ ਬਲੀਦਾਨ ਹੈ। ਇਹਨਾਂ ਦੀ ਤਨਖਾਹ ਅਤੇ ਸਹੂਲਤਾਂ ਦੇਸ਼ ਦੀ ਜਨਤਾ ਦੇ ਪੈਸੇ ਨਾਲ ਦਿੱਤੀ ਜਾਂਦੀ ਹੈ, ਮੁਫ਼ਤ ਵਿਚ ਸੇਵਾ ਤਾਂ ਨਹੀਂ ਕਰਦੇ। ਹਾਲ ਹੀ ਵਿਚ ਬਾਰਡਰ ਤੇ ਇਕ ਫੌਜੀ ਦੀ ਮੌਤ ਹੋ ਗਈ, ਜਦੋਂ ਹਰਿਆਣੇ ਦੇ ਪਿੰਡ ਵਿਚ ਮ੍ਰਿਤਕ ਦੇਹ ਪਹੁੰਚੀ ਤਾਂ ਪਿੰਡ ਦੇ ਲੋਕਾਂ ਵਿਚ ਰੋਸ ਇਸ ਕਰਕੇ ਪੈਦਾ ਹੋਇਆ ਕਿ ਸਰਕਾਰ ਦੇ ਮੰਤਰੀ ਨਹੀਂ ਪਹੁੰਚੇ। ਸਰਕਾਰ ਨੇ ਕਾਹਲੀ ਵਿਚ ਕਿਸੇ ਨੂੰ ਭੇਜਿਆ। ਮੌਤ ਬਲੀਦਾਨ ਤਾਂ ਏ ਪਰ ਇਹ ਦੇਸ਼ ਦੇ ਉਪਰ ਅਹਿਸਾਨ ਨਹੀਂ ਏ। ਆਪਣੀ ਮਰਜ਼ੀ ਨਾਲ ਸਰਕਾਰ ਦਾ ਪ੍ਰਤੀਨਿਧੀ ਜਾਣਾ ਬਣਦਾ ਏ। ਕਰਜ਼ ਤਾਂ ਉਦੋਂ ਚੜ੍ਹਦਾ ਏ ਜਦੋਂ ਕੰਮ ਮੁਫ਼ਤ ਵਿਚ ਕੀਤਾ ਗਿਆ ਹੋਵੇ।

ਇਸ ਵਿਚਾਰੇ ਮੁਲਕ 'ਤੇ ਅਹਿਸਾਨ ਹੀ ਲੱਦਿਆ ਜਾਂਦਾ ਰਿਹਾ ਏ, ਜਿਵੇਂ ਕਿ ਲੋਕਾਂ ਦੀ ਜ਼ਿੰਮੇਵਾਰੀ ਹੀ ਨਹੀਂ ਏ। ਅਮੀਰ ਆਦਮੀ ਟੈਕਸ ਦੇ ਕੇ ਅਹਿਸਾਨ ਕਰਦਾ ਏ ਕਿ ਉਸਨੇ ਜਿਵੇਂ ਉਤਪਾਦਨ ਕੀਤਾ ਹੋਵੇ ਅਤੇ ਖੁਦ ਨੂੰ ਹੀ ਸਾਰਾ ਮਾਲ ਵੇਚ ਦਿੱਤਾ ਹੋਵੇ। ਕੱਚੇ ਮਾਲ ਨਾਲ ਉਤਪਾਦਨ ਤੱਕ ਕਿਸਾਨਾਂ ਅਤੇ ਮਜ਼ਦੂਰਾਂ ਦਾ ਜਿਵੇਂ ਯੋਗਦਾਨ ਹੀ ਨਾ ਹੋਵੇ। ਖਰੀਦ ਤਾਂ ਆਮ ਜਨਤਾ ਕਰਦੀ ਏ, ਤਾਂ ਹੀ ਆਮਦਨੀ ਹੁੰਦੀ ਏ ਅਤੇ ਜੋ ਟੈਕਸ ਦਿੰਦਾ ਏ ਉਹ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਏ ਨਾ ਕਿ ਅਹਿਸਾਨ ਕਰਦਾ ਏ। ਕੀ ਦੇਸ਼ ਦੇ ਪ੍ਰਤੀ ਇਹਨਾਂ ਦੀ ਜ਼ਿੰਮੇਵਾਰੀ ਨਹੀਂ ਹੁੰਦੀ। ਵਾਰ-ਵਾਰ ਕਹਿਣਾ ਕਿ ਇਹ ਟੈਕਸ ਪੇਅਰ ਮਨੀ ਏ ਇਹ ਅੱਧਾ ਸੱਚ ਏ।

ਇਸੇ ਸੋਚ ਦਾ ਦੂਜਾ ਪਹਿਲੂ ਇਹ ਏ ਕਿ ਸਰਕਾਰੀ ਅਤੇ ਦੂਜੇ ਦੀ ਸੰਪਤੀ ਦੇ ਪ੍ਰਤੀ ਘੱਟ ਤੋਂ ਘੱਟ ਲਗਾਅ। ਕਿਸਾਨ, ਮਜ਼ਦੂਰ ਅਤੇ ਵਿਦਿਆਰਥੀ ਆਦਿ ਆਪਣੀ ਮੰਗ ਦੇ ਸੰਘਰਸ਼ ਦੇ ਦੌਰਾਨ ਸਰਕਾਰੀ ਸੰਪਤੀ ਨੂੰ ਬੜੀ ਬੇਰਹਿਮੀ ਨਾਲ ਨਸ਼ਟ ਕਰਨ ਤੋਂ ਝਿਜਕਦੇ ਨਹੀਂ।

ਸਮਾਜ ਅਤੇ ਦੇਸ਼ ਦੇ ਪ੍ਰਤੀ ਇੰਨਾ ਰੋਸ ਉਦੋਂ ਝਲਕਦਾ ਏ ਜਦੋਂ ਕੋਈ ਨਿੱਜੀ ਵਹੀਕਲ ਨਾਲ ਦੁਰਘਟਨਾ ਕਰ ਜਾਂਦਾ ਏ ਤਾਂ ਭੀੜ ਸਰਕਾਰੀ ਸੰਪਤੀ ਨੂੰ ਸਾੜਨ ਅਤੇ ਤੋੜਨ ਵਿਚ ਪਿੱਛੇ ਨਹੀਂ ਰਹਿੰਦੀ।

ਲੋੜ ਏ ਜਾਤੀ ਦੇ ਬੰਧਨ ਨੂੰ ਤੋੜਨ ਅਤੇ ਨਿੱਜੀ ਸਵਾਰਥ ਤੋਂ ਉਪਰ ਉੱਠਣ ਦੀ। ਅੰਤ ਸਾਡੇ ਦੁੱਖਾਂ ਦਾ ਇਲਾਜ ਕੇਵਲ ਸਰਕਾਰ ਦੇ ਯਤਨਾਂ ਨਾਲ ਹੀ ਸੰਭਵ ਨਹੀਂ।

# ਮੈਂ ਅਬ ਨਹੀਂ ਕਹੂੰਗਾ, ਨਾ ਖਾਊਂਗਾ ਨਾ ਖਾਨੇ ਦੂੰਗਾ-ਮੋਦੀ ਸਾਹਿਬ ਦਾ ਇਹ ਬਿਆਨ ਵੀ ਕਾਲੇ ਧਨ ਦੀ ਵਾਪਸੀ ਵਾਂਗ ਚੁਣਾਵੀ ਜੁਮਾਲਾ ਹੈ?



ਮਹਿੰਦਰ ਚੌਧਰੀ
ਫੇਅਰਫੀਲਡ (ਕੈਲੇਫੋਰਨੀਆ)
mohinderchaudhry@gmail.com

ਬੀਤੇ ਸਾਲ ਹੋਈਆਂ ਲੋਕ ਸਭਾ ਚੋਣਾ ਦੌਰਾਨ ਮੋਦੀ ਸਾਹਿਬ ਨੇ ਆਪਣੇ ਪਿਛੋਕੜ ਨੂੰ ਚਾਹ ਵਾਲਾ ਦੱਸ ਕੇ ਆਪਣੀ ਪਛਾਣ ਇੱਕ ਗਰੀਬ/ ਆਮ ਆਦਮੀ ਦੀ ਦੱਸੀ ਸੀ। ਕਾਂਗਰਸ ਦੇ ਸ਼ਾਸਨਕਾਲ ਦੇ ਦੌਰਾਨ ਹੋਏ ਸਕੈਮ/ ਘੋਟਾਲੇ/ ਵੱਢੀ ਖੋਰੀ ਤੇ ਟਿੱਪਣੀਆ ਕਰਦਿਆਂ ਬਹੁਤ ਹੌਂਸਲੇ ਨਾਲ ਆਪਣੀ ਵਚਨਬੱਧਤਾ ਨੂੰ ਦੋਹਰਾਊਂਦੇ ਹੋਏ ਇਹ ਐਲਾਨ ਕੀਤਾ ਸੀ ਕਿ ਮੈਂ ਨਾ ਖਾਊਂਗਾ ਨਾ ਖਾਨੇ ਦੂੰਗਾ । ਮੈਨੇਂ ਬੀਤੀ ਸਰਕਾਰ ਦੁਆਰਾ ਕਿਏ ਗਏ ਸਕੈਮੋਂ/ਘੋਟਾਲੋਂ ਕੋ ਝਾੜੂ ਸੇ ਸਾਫ ਕਰ ਦਿਆ ਹੈ । ਮੁਝੇ ਡੇਢ ਸਾਲ ਪਹਿਲੇ ਭਾਰਤ ਕਾ ਨਾਗਰਿਕ ਕਹਲਾਨੇ ਮੇਂ ਸ਼ਰਮ ਆਤੀ ਥੀ ਆਦੀ.। ਕੀ ਉਪਰੋਕਤ ਬਿਆਨ ਵੀ ਮਹਿਜ ਇੱਕ ਚੁਣਾਵੀ ਜੁਮਾਲਾ ਹਨ?

ਇਸਦਾ ਫੈਸਲਾ ਪਾਠਕ ਲੱਗਭੱਗ 15 ਮਹੀਨੇ ਦੌਰਾਨ ਵਾਪਰੀਆਂ ਘਟਨਾਵਾਂ ਦਾ ਮੂਲਾਂਕਣ ਕਰਨ ਉਪਰੰਤ ਖੁਦ ਕਰ ਸਕਦੇ ਹਨ। ਸਕੈਮ/ਘੋਟਾਲੇ/ਵੱਢੀ ਖੋਰੀ ਸਿਰਫ ਅਤੇ ਸਿਰਫ ਕਾਂਗਰਸ ਸਰਕਾਰ ਦੇ ਰਾਜਨੀਤਿਕ ਜੀਵਨ ਦਾ ਸੱਭਿਆਚਾਰ ਹੀ ਨਹੀਂ ਸਗੋਂ ਸਾਰੇ ਰਾਜਨੀਤਿਕ ਦਲਾਂ ਸਮੇਤ ਭਾਰਤੀ ਨਾਗਰਿਕਾਂ ਦੇ ਆਰਥਿਕ ਜੀਵਨ ਦੇ ਰਗ ਰਗ ਵਿੱਚ ਸਮਾਂ ਚੁੱਕਾ ਹੈ। ਸ਼੍ਰੀ ਨਰਿੰਦਰ ਮੋਦੀ ਜੀ ਦੇ ਭ੍ਰਿਸ਼ਟਾਚਾਰ ਵਿਰੋਧੀ ਦੇਸ਼ (ਵਿਦੇਸ਼ਾਂ ਵਿੱਚ ਨਹੀਂ) ਦਿੱਤੇ ਬਿਆਨਾਂ ਦੀ ਤਾਰੀਫ ਅਤੇ ਤਾਇਦ ਕਰਦਾ ਹਾਂ ਕਿ ਇਸ ਕੋਹੜ ਰੂਪੀ ਬੁਰਾਈ ਨੂੰ ਖਤਮ ਕਰਨ ਸੰਬੰਧੀ ਲੋਕਾਂ ਨੂੰ ਜਾਗਰਿਤ ਕੀਤਾ ਹੈ ਪਰੰਤੂ ਇਹ ਜਾ-ਗਰਿਤੀ ਕੇਵਲ ਅਤੇ ਕੇਵਲ ਉਦੋਂ ਹੀ ਪ੍ਰਭਾਵਸ਼ਾਲੀ ਹੋ ਸਕਦੀ ਹੈ ਜਦੋਂ ਇਸਦੀ ਸ਼ੁਰੂਆਤ ਆਪਣੇ ਹੀ ਘਰ ਤੋਂ ਕੀਤੀ ਜਾਵੇ।

ਵਿਆਪਨ ਭਰਤੀ ਸਕੈਮ
(ਨਾ ਖਾਨੇ ਦੂੰਗਾ ਦੀ ਪਹਿਲੀ ਉਦਾਹਰਣ)

ਭਾਰਤ ਦੇ ਮੱਧ ਪ੍ਰਦੇਸ਼ ਪ੍ਰਾਂਤ ਵਿੱਚ ਕਾਫੀ ਲੰਬੇ ਅਰਸੇ ਤੋਂ ਭਾਜਪਾ ਦੇ ਸ਼ਿਵਰਾਜ ਚੌਹਾਨ ਦੀ ਆਗਵਾਈ ਵਿੱਚ ਸਰਕਾਰ ਹੈ। 2009 ਵਿੱਚ ਪ੍ਰਾਂਤ ਵਿੱਚ ਮੈਡੀਕਲ ਕਾਲਜਾਂ ਵਿੱਚ ਭਰਤੀ ਸੰਬੰਧੀ ਇੱਕ ਸਕੈਮ ਉਜਾਗਰ ਹੋਇਆ ਸੀ ਜਿਸਦਾ ਸੰਬੰਧ 76 ਲੱਖ ਵਿਦਿਆਰਥੀਆਂ, 167 ਪ੍ਰੀਖਿਆ ਕੇਂਦਰਾਂ ਸਮੇਤ ਕਰੋੜਾਂ ਰੁਪਏ ਦੇ ਆਦਾਨ ਪ੍ਰਦਾਨ ਨਾਲ ਸੀ । ਇਹ ਘੁਟਾਲਾ ਆਪਣੀ ਤੋਰ ਤੁਰਦਾ ਰਿਹਾ ਅਤੇ ਇੱਕ ਵਾਰ ਫਿਰ 2013 ਚ ਬਹੁਤ ਵੱਡੀ ਪੱਧਰ ਤੇ ਉਜਾਗਰ ਹੋਇਆ । ਇਸ ਵਿੱਚ ਵੱਡੀ ਪੱਧਰ ਤੇ ਸਰਕਾਰੀ ਅਫਸਰਾਂ, ਰਾਜਨੀਤਿਕ ਆਗੂਆਂ ਸਮੇਤ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਦੇ ਸਾਥੀ ਕੈਬਿਨੇਟ ਮੰਤਰੀ, ਉਹਨਾਂ ਦੇ ਨਿੱਜੀ ਸਕੱਤਰ, ਮੱਧ ਪ੍ਰਦੇਸ਼ ਭਾਜਪਾ ਦਾ ਖਜਾਨਚੀ ਆਦਿ ਦਾ ਨਾਮ ਮੁੱਖ ਦੋਸ਼ੀਆਂ ਵਿੱਚ ਸ਼ਾਮਿਲ ਹੋਇਆ। 2000 ਤੋਂ ਵੱਧ ਵਿਅਕਤੀ ਇਸ ਸਕੈਮ ਦੇ ਸੰਬੰਧ ਵਿੱਚ ਗ੍ਰਿਫਤਾਰ ਅਤੇ 47 ਤੋਂ ਵੱਧ ਕਥਿਤ ਦੋਸ਼ੀ ਅਤੇ ਗਵਾਹਾਂ ਦੀ ਭੇਦਭਰੀ ਹਾਲਤਾਂ ਵਿੱਚ ਮੌਤ ਹੋ ਚੁੱਕੀ ਹੈ। ਕੀ ਇਹ ਸਭ ਕੁੱਝ ਮੁੱਖ ਮੰਤਰੀ ਦੀ ਸਿੱਧੀ ਜਾਂ ਅਸਿੱਧੀ ਸਹਿਮਤੀ ਤੋਂ ਬਿਨਾ ਹੋ ਸਕਦਾ ਹੈ?

ਵਸੁੰਧਰਾ ਰਾਜੇ ਬਨਾਮ ਲਲਿਤ ਮੋਦੀ ਸਕੈਮ
(ਦੂਜੀ ਉਦਾਹਰਣ)

ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਦੀ, ਦੇਸ਼ ਦੇ ਮੋਸਟ ਵਾਂਟਿਡ, ਅਰਬਾਂ ਰੁਪਏ ਦੇ ਆਰਥਿਕ ਘੋਟਾਲੇ ਦੇ ਭਗੌੜੇ ਦੋਸ਼ੀ ਦੀ ਮਦਦ ਕਰਨਾ, ਕਿ ਨਾ ਖਾਨੇ ਦੂੰਗਾ ਦੀ ਕੈਟੇਗਰੀ ਵਿੱਚ ਸ਼ਾਮਿਲ ਨਹੀਂ ਹੁੰਦਾ? ਕਿ ਇਹ ਬਗ਼ੈਰ ਲੈਣ ਦੇਣ ਦੇ ਮਦਦ ਹੋਈ? ਵਸੁੰਧਰਾ ਰਾਜੇ ਦੇ ਸਪੁੱਤਰ ਦੁਸ਼ਿਅੰਤ ਸਿੰਘ ਨੂੰ ਅਸੀਮਿਤ ਵਪਾਰਿਕ ਲਾਭ ਲਲਿਤ ਮੋਦੀ ਵੱਲੋਂ ਸ਼ੇਅਰਾਂ ਦੇ ਆਦਾਨ ਪ੍ਰਦਾਨ Dholepur Palace ਬੋਲਪੁਰ ਦੇ ਸਰਕਾਰੀ ਮਹਿਲ ਤੇ ਕਬਜੇ ਦੇ ਦੋਸ਼ ਜਗ ਜਾਹਿਰ ਹਨ ।

ਸੁਸ਼ਮਾ ਸਵਰਾਜ ਬਨਾਮ ਲਲਿਤ ਮੋਦੀ
(ਤੀਸਰੀ ਉਦਾਹਰਣ)

ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਆਪਣੀ ਭਤੀਜੀ ਦੇ ਇੰਗਲੈਂਡ ਵਿੱਚ ਦਾਖਿਲੇ ਦੇ ਏਵਜ ਵਿੱਚ ਦੇਸ਼ ਦੇ ਭਗੌੜੇ ਨੂੰ, ਸਫਰ ਦਸਤਾਵੇਜ, ਇੰਗਲੈਂਡ ਸਰਕਾਰ ਨੂੰ, ਸਿਫਾਰਿਸ਼ ਕਰ ਕੇ Saffar dastavez (travel documents) ਦੁਆਉਣ ਦੇ ਦੋਸ਼ ਵਿਸ਼ੇਸ਼ ਚਰਚਾ ਦਾ ਮੁੱਦਾ ਹਨ । ਸੁਸ਼ਮਾ ਸਵਰਾਜ ਵੱਲੋਂ ਸੰਸਦ ਵਿੱਚ ਦਿੱਤਾ ਬਿਆਨ – ਮੈਨੇ ਕੋਈ ਗੁਨਾਹ ਨਹੀਂ ਕਿਯਾ....

ਮੈਨੇ ਇੰਗਲੈਂਡ ਸਰਕਾਰ ਸੇ, ਲਲਿਤ ਮੋਦੀ ਕੋ ਸਫਰ ਦਸਤਾਵੇਜ ਦਿਲਵਾਨੇ ਕੀ ਸਿਫਾਰਿਸ਼ ਨਹੀਂ ਕੀ...
ਮੈਨੇ ਸਿਰਫ ਇੰਸਾਨਿਅਤ ਕਾ ਫਰਜ ਪੂਰਾ ਕਿਯਾ ਹੈ.....
(mere bharat mahan desh ch ,har saal lakhan grib log, bggair (without) cancer de ellaz (treatment) de, marr (die) jande han. Kee Sushma ji dee "Insaniat da Faraz" unhan te laggoo nahi hunda? Kyon ke oh, desh de most wanted, arthik (economic) gunahan de bhaggorhe nahin hann?.

ਮੈਨੇ ਤੋ ਇੰਗਲੈਂਡ ਸਰਕਾਰ ਸੇ ਸਿਰਫ ਯਹ ਕਹਾ ਥਾ ਕਿ ਅਗਰ ਆਪ ਲਲਿਤ ਮੋਦੀ ਕੋ ਸਫਰ ਕਰਨੇ ਕੇ ਦਸਤਾਵੇਜ ਦੇਤੇ ਹੋ ਤੋ ਇਸਸੇ ਭਾਰਤ ਕੇ ਸੰਬੰਧ ਆਪਸੇ ਖਰਾਬ ਨਹੀਂ ਹੋਂਗੇ ।

ਕੀ ਇਹ ਫਿੱਕਰਾ ਸਿਫਾਰਿਸ਼ ਨਹੀਂ ਹੈ? ਜੇ ਹੈ ਤਾਂ ਕਾਂਗਰਸ ਦੇ ਰਾਸ਼ਟਰੀ ਉਪ-ਪ੍ਰਧਾਨ ਰਾਹੁਲ ਗਾਂਧੀ ਵੱਲੋਂ ਸੁਸ਼ਮਾ ਸਵਰਾਜ ਤੋਂ ਇਹ ਪੁੱਛਣਾ, ਕਿ ਇਸ ਸਿਫਾਰਿਸ਼ ਲਈ ਲਲਿਤ ਮੋਦੀ ਤੋਂ ਕਿੰਨੇ ਕਰੋੜ ਰੁਪਏ ਲਏ ਗਏ ਹਨ। ਗਲਤ ਨਹੀਂ ਹੈ?

ਛੱਤੀਸਗੜ ਚਾਵਲ ਘੋਟਾਲਾ (ਚੌਥੀ ਉਦਾਹਰਣ)

ਛੱਤੀਸਗੜ ਦੀ ਭਾਜਪਾ ਸਰਕਾਰ ਦੇ ਮੁੱਖ ਮੰਤਰੀ ਤੇ 36000 ਕਰੋੜ ਰੁਪਏ ਦੇ ਚਾਵਲ ਘੋਟਾਲੇ ਦੇ ਦੋਸ਼ ਲੱਗੇ ਹਨ ।

ਵਿਨੋਦ ਤਾਵੜੇ 191 ਕਰੋੜ ਅੱਗ ਬੁਝਾਊ ਯੰਤਰ ਘੋਟਾਲਾ
(ਪੰਜਵੀਂ ਉਦਾਹਰਣ)

ਮਹਾਂਰਾਸ਼ਟਰ ਦੀ ਭਾਜਪਾ ਸਰਕਾਰ ਦੇ ਸਿੱਖਿਆ ਮੰਤਰੀ ਵਿਨੋਦ ਤਾਵੜੇ ਤੇ 191 ਕਰੋੜ ਰੁਪਏ ਦੇ ਅੱਗ ਬੁਝਾਉ ਯੰਤਰ, ਮਿੱਥੇ ਹੋਏ ਨਿਯਮਾਂ ਨੂੰ ਛਿੱਕੇ ਟੰਗ ਕੇ ਠੇਕਾ ਦੇਣ ਦਾ ਸਕੈਮ ਵੀ ਉਜਾਗਰ ਹੋਇਆ ।

ਪੰਕਜਾ ਮੁੰਡੇ ਚੈਕ ਡੈਮ ਘੋਟਾਲਾ (ਛੇਵੀਂ ਉਦਾਹਰਣ)

ਮਹਾਂਰਾਸ਼ਟਰ ਸਰਕਾਰ ਦੀ ਭਾਜਪਾ ਸਰਕਾਰ ਦੀ ਇੱਕ ਹੋਰ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਪੰਕਜਾ ਮੁੰਡੇ ਨੇ, ਸਰਕਾਰੀ ਨਿਯਮਾਂ ਨੂੰ ਟਿੱਚ ਨਾ ਸਮਝਦੇ ਹੋਏ ਜੈਨਾ ਜਿਲੇ ਦੇ ਚੈਕ ਡੈਮਾਂ ਦੇ ਅਰਬਾਂ ਰੁਪਏ ਦੇ ਠੇਕਿਆਂ ਦੇ ਘੋਟਾਲੇ ਦੀ ਕਥਿਤ ਦੋਸ਼ੀ ਹੈ ।

ਡਰੱਗ ਧੰਦੇ ਚ ਲਿਪਤ ਪੰਜਾਬ ਦੇ ਭਾਜਪਾ ਆਗੂ
(ਸੱਤਵੀਂ ਉਦਾਹਰਣ)

ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਦੇ ਕਥਿਤ ਸਾਥੀ ਭਾਜਪਾ ਆਗੂ ਜਿਹਨਾਂ ਤੇ ਕਿਸੇ ਹੋਰ ਨੇ ਨਹੀਂ, ਸਗੋਂ ਫਿਰੋਜਪੁਰ ਤੋਂ ਭਾਜਪਾ ਦੇ ਸਾਬਕਾ ਸੰਸਦੀ ਸਕੱਤਰ ਨੰਨੂ ਨੇ ਹੀ ਗੈਰ ਕਾਨੂੰਨੂ ਡਰਗ ਟਰੇਡ ਚ ਸ਼ਾਮਿਲ ਹੋਣ ਦੇ ਦੋਸ਼ ਲਗਾਏ ਗਏ ਹਨ । ਟ੍ਰਿਬਿਊਨ ਚ ਛਪੀ ਖਬਰ ਅਨੁਸਾਰ ਨੰਨੂ ਨੇ ਡਰਗ ਧੰਦੇ ਚ ਲਿਪਤ ਭਾਜਪਾ ਆਗੂਆਂ ਦੀ ਸੂਚੀ, ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਰਮਾ ਨੂੰ ਭੇਜੀ ਹੈ।

Punjab Bhajpa pardhan Kamal Sharma da OSD Arvinder Singh Chinna alias Pothi atte nijji sakattar Jaspal Singh alias Jimmi te, drug smuggler Amritpal Singh toan (from), kannooni karwai toan bachan layi, 15 lakh rupe (Rs.) dee rishwat lain da dosh, atte DC dafftarr de karamchari Manoj Kumar toan vee kathit(alledgely) 15 lakh rupey dee, nakklee (fake) Asslla (arms) case toan bachauon (to save) vasste rishwatt layee hai.

ਚੋਣ ਮੁਹਿੰਮ ਦੌਰਾਨ, ਮੋਦੀ ਸਾਹਿਬ ਨੇ, ਦੇਸ਼ ਵਾਸੀਆਂ ਨੂੰ ਇਹ ਵਚਨ ਦਿੱਤਾ ਸੀ ਕਿ ਭਾਜਪਾ ਸਰਕਾਰ ਬਣਨ ਉਪਰੰਤ, ਤਿੰਨ ਮਹੀਨਿਆਂ ਦੇ ਅੰਦਰ, ਵਿਦੇਸ਼ਾਂ ਤੋਂ ਕਾਲਾ ਧਨ ਦੇਸ਼ ਵਿੱਚ ਲਿਆਂਦਾ ਜਾਵੇਗਾ ਅਤੇ ਹਰ ਦੇਸ਼ਵਾਸੀ ਦੇ ਖਾਤੇ ਵਿੱਚ 15-15 ਲੱਖ ਰੁਪਏ ਜਮਾਂ ਕਰਵਾ ਦਿੱਤੇ ਜਾਣਗੇ । ਤਿੰਨ ਮਹੀਨੇ ਉਪਰੰਤ ਜਦੋਂ ਲੋਕਾਂ ਨੇ ਵਚਨ ਕੀਤੇ 15 ਲੱਖ ਰੁਪਏ ਮੰਗੇ ਤਾਂ, ਮੋਦੀ ਸਾਹਿਬ ਨੇ ਆਪਣੇ ਸਿਪਹ ਸਾਲਾਰ ਅਮਿਤ ਸ਼ਾਹ ਤੋਂ ਬਿਆਨ ਦੁਆ ਕੇ ਛੁਟਕਾਰਾ ਪਾਇਆ ਸੀ ਕਿ ਇਹ ਤਾਂ ਇੱਕ ਚੁਨਾਵੀ ਜੁਮਲਾ ਸੀ।

ਉਪਰੋਕਤ ਘੋਟਾਲਿਆਂ/ਸਕੈਮਾਂ ਦੇ ਦੋਸ਼ਾਂ ਦੇ ਚਲਦਿਆਂ, ਕੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਚੁੱਪੀ ਤੋੜਨਗੇ? ਜਾਂ !

ਮੋਦੀ ਸਾਹਿਬ, ਸਕੈਮਾਂ/ਘੋਟਾਲਿਆਂ ਨੂੰ ਵੀ ਇੱਕ ਚੁਨਾਵੀ ਜੁਮਲਾ ਕਰਾਰ ਦੇ ਦੇਣਗੇ ।

ਜੇ ਹਾਂ ! ਤਾਂ ਇਹ ਕਹਿਣਾ ਬੰਦ ਕਰ ਦੇਣ ਕਿ ਮੈਂ ਖਾਨੇ ਨਹੀਂ ਦੂੰਗਾ ।

# ਦਲਿਤਾਂ ਲਈ ਵੀ ਬਿਨਾਂ ਸ਼ਰਤ ਬਿਜਲੀ-ਪਾਣੀ ਮੁਆਫ਼ ਕਰਨ 'ਤੇ ਜ਼ੋਰ

ਫਤਹਿਗੜ੍ਹ ਸਾਹਿਬ- ਦਲਿਤ ਸਮਾਜ ਮੋਰਚੇ ਵੱਲੋਂ ਸੂਬਾ ਪ੍ਰਧਾਨ ਦਰਬਾਰਾ ਸਿੰਘ ਜੱਲ੍ਹਾ ਦੀ ਅਗਵਾਈ ਹੇਠ ਇਕ ਮੀਟਿੰਗ ਕੀਤੀ ਗਈ ਜਿਸ ਵਿਚ ਮੋਰਚੇ ਦੇ ਸਮੂਹ ਅਹੁਦੇਦਾਰਾਂ ਤੇ ਵਰਕਰਾਂ ਨੇ ਭਾਗ ਲਿਆ। ਮੀਟਿੰਗ ਵਿਚ ਦਲਿਤ ਸਮਾਜ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਸਰਕਾਰਾਂ ਨੇ ਦਲਿਤ ਨੂੰ ਵੋਟ ਬੈਂਕ ਵਜੋਂ ਹੀ ਵਰਤਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਕਾਰਨ ਦਲਿਤਾਂ ਸਿਰ ਵੀ ਭਾਰੀ ਕਰਜ਼ੇ ਚੜ੍ਹੇ ਹੋਏ ਹਨ ਤੇ ਅਨੇਕਾਂ ਦਲਿਤ-ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ, ਪਰ ਇਸ ਸਬੰਧੀ ਕੋਈ ਵੀ ਬੋਲਣ ਲਈ ਤਿਆਰ ਨਹੀਂ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਪੰਜਾਬ ਵਿਚ ਮੋਟਰਾਂ ਦੇ ਬਿਲ ਤਾਂ ਬਿਨਾਂ ਸ਼ਰਤ ਮੁਆਫ਼ ਕੀਤੇ ਹਨ ਪਰ ਦਲਿਤਾਂ ਲਈ ਬਿਜਲੀ ਅਤੇ ਪਾਣੀ ਦੇ ਬਿਲ ਮਾਫ਼ ਕਰਨ ਲਈ ਬਹੁਤ ਸਖ਼ਤ ਸ਼ਰਤਾਂ ਰੱਖੀਆਂ ਹੋਈਆਂ ਹਨ ਤੇ ਸਰਕਾਰਾਂ ਵਿਚ ਭਾਈਵਾਲ ਦਲਿਤ ਵਿਧਾਇਕ ਅਤੇ ਰਾਜਨੀਤਿਕ ਆਗੂ ਵੀ ਦਲਿਤਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਦੀ ਬਜਾਏ ਹਾਕਮਾਂ ਦੇ ਹੱਥ-ਠੋਕੇ ਬਣ ਕੇ ਰਹਿ ਗਏ ਹਨ। ਉਨ੍ਹਾਂ ਮੰਗ ਕੀਤੀ ਕਿ ਦਲਿਤਾਂ ਨੂੰ ਦੇਣ ਵਾਲੀਆਂ ਸਕੀਮਾਂ ਉੱਪਰ ਲਗਾਈਆਂ ਸ਼ਰਤਾਂ ਖਤਮ ਕੀਤੀਆਂ ਜਾਣ ਅਤੇ ਕਿਸਾਨਾਂ ਦੀ ਤਰਜ਼ 'ਤੇ ਬਿਜਲੀ-ਪਾਣੀ ਦੇ ਬਿਲ ਮੁਆਫ਼ ਕਰਕੇ ਦਲਿਤਾਂ ਨੂੰ ਲਾਭ ਦਿੱਤਾ ਜਾਵੇ। ਇਸ ਮੌਕੇ ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਨਬੀਪੁਰ, ਜਨਰਲ ਸਕੱਤਰ ਕਿੰਦਰ ਸਿੰਘ ਭੱਲਮਾਜਰਾ, ਜਗਦੀਸ਼ ਕੁਮਾਰ ਬਸੀ, ਮਨਪ੍ਰੀਤ ਸਿੰਘ ਜੱਲ੍ਹਾ, ਡਾ. ਬੰਟੀ ਮਲਕੋ ਮਾਜਰਾ, ਰਘਬੀਰ ਸਿੰਘ ਬਧੌਛੀ, ਨਿਰਮਲ ਸਿੰਘ ਭਮਾਰਸੀ, ਜਸਵਿੰਦਰ ਸਿੰਘ ਘੁੰਡਰ ਆਦਿ ਮੌਜੂਦ ਸਨ।

# ਮਹਿਫ਼ਲ ਸੱਚੇ ਵਿਚਾਰਾਂ ਦੀ

**ਪਰਮਜੀਤ ਸਿੰਘ ਸੇਖੋਂ (ਦਾਖਾ)**
ਪ੍ਰਧਾਨ, ਦਲ ਖਾਲਸਾ ਅਲਾਇੰਸ
ਕੋਆਰਡੀਨੇਟਰ, ਅਮੈਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (510-774-5909)



685- ਆਪਾਂ ਹੀ ਡੋਲ ਜਾਂਦੇ ਹਾਂ ਉਂਝ ਗੁਰੂ ਸਾਹਿਬ ਤਾਂ ਹਰ ਸਮੇਂ ਆਪਣੇ ਅੰਗ ਸੰਗ ਰਹਿੰਦੇ ਹਨ।

686- ਪੁਰਾਣੇ ਸਮਿਆਂ 'ਚ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪਹਿਲਾਂ ਮਾਵਾਂ ਆਪਣੇ ਬੱਚਿਆਂ ਦੀਆਂ ਦਸਤਾਰਾਂ ਚੁੰਮ-ਦੀਆਂ ਹੋਈਆਂ ਬੱਚਿਆਂ ਦੀ ਸੋਹਣੀ ਦਸਤਾਰ ਤੇ ਮਾਣ ਕਰ-ਦੀਆਂ ਸਨ ਪਰ ਉਸ ਦੇ ਬਿਲਕੁਲ ਉਲਟ ਅੱਜ ਦੀਆਂ ਮਾਵਾਂ ਬੱਚਿਆਂ ਦੇ ਕੇਸਾਂ ਨੂੰ ਸੰਭਾਲਣਾ ਵੀ ਬੋਝ ਸਮਝਦੀਆਂ ਹਨ।

687- ਆਪਣੇ ਵਿਰਸੇ ਨੂੰ ਭੁਲਾ ਦੇਣ ਤੋਂ ਵੱਡੀ ਅਕ੍ਰਿਤਘਣਤਾ ਹੋਰ ਕੀ ਹੋ ਸਕਦੀ ਹੈ ?

689- ਸਿੱਖੀ ਸਰੂਪ ਦੇ ਸੁੰਦਰ ਮੁਨਾਰਿਆਂ ਨੂੰ, ਕੈਂਚੀ ਬਲੇਡ ਦੇ ਨਾਲ ਨੇ ਢਾਈ ਫਿਰਦੇ। ਕਈ ਗੁਰਸਿੱਖਾਂ ਦੇ ਪੁੱਤ ਪਤਿਤ ਹੋ ਕੇ ਬਾਪ ਦੀ ਚਿੱਟੀ ਪੱਗ ਨੂੰ ਦਾਗ ਨੇ ਲਾਈ ਫਿਰਦੇ।

690- ਅੱਜ ਲੋੜ ਹੈ, ਗੌਰਵਮਈ ਸਿੱਖ ਵਿਰਸੇ ਨੂੰ ਸੰਭਾਲਣ ਦੀ।

691- ਅੱਜ ਲੋੜ ਹੈ, ਸਿੱਖੀ ਵਾਲੀ ਅਣਖ ਅਤੇ ਗੈਰਤ ਨੂੰ ਕਾਇਮ ਰੱਖਣ ਦੀ।

693- ਦੁਨੀਆਂ ਤਾਂ ਲੜਦੀ ਏ ਤਖਤ ਜਾਂ ਤਾਜ ਲਈ, ਦਸ਼ਮੇਸ਼ ਪਿਤਾ ਲੜਿਆ ਪੱਗ ਦੀ ਲਾਜ ਲਈ।

694- ਦਸ਼ਮੇਸ਼ ਪਿਤਾ ਜੀ ਦੀਆਂ ਕੁਰਬਾਨੀਆਂ ਨੂੰ ਭੁਲਾਇਆ ਤਾਂ ਨਹੀਂ ਜਾ ਸਕਦਾ ਪਰ ਅਫਸੋਸ ਕਿ ਅੱਜ ਦਾ ਸਿੱਖ ਨਜ਼ਰਅੰਦਾਜ਼ ਜ਼ਰੂਰ ਕਰਨ ਲੱਗ ਗਿਆ ਹੈ।

695- ਸਿੱਖ ਦੀ ਇੱਜ਼ਤ ਤੇ ਅਣਖ ਦੀ ਪ੍ਰਤੀਕ ਦਸਤਾਰ ਨੂੰ ਆਪਣੇ ਸਿਰ ਸਜਾਈਏ ਅਤੇ ਆਪਣੇ ਸਿੱਖ ਵਿਰਸੇ ਨੂੰ ਬਚਾਉਣ ਵਿੱਚ ਆਪਣਾ ਬਣਦਾ ਯੋਗਦਾਨ ਪਾਈਏ।

696- ਸਜਾ ਦਸਤਾਰ ਤੇ ਸਜ ਸਰਦਾਰ

697- ਸਿੱਖ ਸ਼ਹੀਦੀਆਂ ਦਾ ਆਧੁਨਿਕ ਮਨੁੱਖ ਨੂੰ ਸੰਦੇਸ਼ ਹੈ ਕਿ ਜਿਥੇ ਆਪਣੇ ਧਰਮ ਦਾ ਸਨਮਾਨ ਕਰਨਾ ਫਰਜ਼ ਹੈ, ਉਥੇ ਹੋਰਨਾਂ ਦਾ ਅਪਮਾਨ ਕਰਨਾ ਮਨੁੱਖਤਾ ਵਿਰੁੱਧ ਜ਼ੁਲਮ ਹੈ।

698- ਸਿੱਖ ਸ਼ਹੀਦੀਆਂ ਦੇ ਸਦਕਾ ਔਰੰਗਜੇਬ ਦਾ ਹਿੰ-ਦੂਸਤਾਨ ਨੂੰ ਦਾਰ-ਉਲ-ਇਸਲਾਮ ਭਾਵ ਇਸਲਾਮ ਦੀ ਧਰਤੀ ਬਣਾਉਣ ਦਾ ਸੁਪਨਾ ਪੂਰਾ ਨਾ ਹੋ ਸਕਿਆ।

699- ਸਾਹਿਬਜ਼ਾਦਿਆਂ ਨੇ ਮਨੁੱਖਤਾ ਦੀ ਨੌਜਵਾਨ ਪੀੜ੍ਹੀ ਲਈ ਆਮ ਕਰਕੇ ਤੇ ਸਿੱਖ ਨੌਜਵਾਨ ਵਰਗ ਲਈ ਵਿਸ਼ੇਸ਼ ਕਰਕੇ ਇੱਕ ਅਮੀਰ ਵਿਰਾਸਤ ਛੱਡੀ ਹੈ।

700- ਮਨੁੱਖ ਛੋਟੀ ਉਮਰ ਵਿੱਚ ਵੀ ਸ਼ਖਸੀਅਤ ਦੀ ਪਰਮ ਬੁਲੰਦੀ ਨੂੰ ਛੋਹ ਸਕਦਾ ਹੈ।

701- ਸਾਹਿਬਜ਼ਾਦਿਆਂ ਦੀ ਸ਼ਖਸੀਅਤ, ਜੁੱਰਅਤ, ਦਲੇਰੀ, ਬਹਾਦਰੀ, ਸੰਤੁਲਨ, ਚੜ੍ਹਦੀ ਕਲਾ, ਸੂਝ ਸਿਆਣਪ ਆਦਿ ਮਾਨਵੀ ਗੁਣਾਂ ਦੀ ਖਾਣ ਹੈ।

702- ਸਿੱਖ ਮਾਪਿਆਂ ਦਾ ਫਰਜ਼ ਹੈ ਕਿ ਘਰਾਂ ਵਿੱਚ ਗੁਰਸਿੱਖਾਂ ਵਰਗਾ ਵਾਤਾਵਰਣ ਉਸਾਰਿਆ ਜਾਵੇ ਤਾਂ ਕਿ ਘਰ ਗੁਰਮਤਿ ਦੀਆਂ ਟਕਸਾਲਾਂ ਬਣਨ ਜਿਸ ਵਿਚੋਂ ਬੱਚਿਆਂ ਦੀ ਸੁਰਤ, ਮਤ, ਮਨ ਤੇ ਬੁੱਧੀ ਗੁਰਮਤਿ ਅਨੁਸਾਰ ਘੜੀ ਜਾ ਸਕੇ।

703- ਸਿੱਖ ਜਿਉਂ ਜਿਉਂ ਅਮੀਰ ਹੋ ਰਹੇ ਹਨ, ਸਿੱਖੀ ਗਰੀਬ ਹੋ ਰਹੀ ਹੈ।

704- ਚੋਣਾਂ ਦੌਰਾਨ ਲੋਕਾਂ ਦਾ ਇੱਕਠ ਕਰਨ ਲਈ ਕਲਾਕਾਰਾਂ ਨੂੰ ਬੁਲਾਰੇ ਵਜੋਂ ਹੀ ਤਾਂ ਵਰਤਿਆ ਜਾਂਦਾ ਹੈ।

705- ਚਾਲਾਕ ਸਿਆਸਤਦਾਨ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾਉਣ ਲਈ ਧਰਮੀ ਆਗੂਆਂ ਨੂੰ ਵੀ ਆਪਣੇ ਬੁਲਾਰਿਆਂ ਦੀ ਤਰ੍ਹਾਂ ਹੀ ਵਰਤਦੇ ਹਨ।

706- ਸ਼ਿਕਾਰ ਲਈ ਤਿੱਤਰ ਵੀ ਹਨ, ਸਹੇ ਵੀ ਹਨ ਪਰ ਬਟੇਰ ਦੇ ਮਾਸ ਨੂੰ ਵਧੀਆ ਕਿਉਂ ਸਮਝਿਆ ਜਾਂਦਾ ਹੈ ?

707- ਅੱਜ ਤਾਂ ਦੁੱਧ ਘਿਉ ਨੂੰ ਲੋਕੀਂ ਸੁੰਘਣ ਲੱਗ ਪਏ ਹਨ। ਪੁਰਾਤਨ ਸਮੇਂ ਵਿੱਚ ਤਾਂ ਦੁੱਧ ਘਿਓ ਖੁਰਾਕ ਦਾ ਇਕ ਜ਼ਰੂਰੀ ਅੰਗ ਸੀ।

708- ਜੁੱਤੀ ਅਤੇ ਕੁੱਤੀ ਦੋਵੇਂ ਭਾਈ ਦੀਆਂ ਖੈਰ ਖਵਾਹ ਹਨ। ਜੁੱਤੀ ਪੈਰਾਂ ਦੀ ਰਾਖੀ ਕਰਦੀ ਹੈ ਅਤੇ ਕੁੱਤੀ ਮਾਲ ਭਾਂਢੇ ਦਾ ਖਿਆਲ ਰੱਖਦੀ ਹੈ।

709- ਅਮੀਰਾਂ ਦੇ ਕੁੱਤਿਆਂ ਨੂੰ ਬਿਸਕੁਟ ਨੇ ਪੋਲੇ, ਗਰੀਬਾਂ ਦੇ ਬੱਚਿਆਂ ਨੂੰ ਕੱਚੇ ਹੀ ਛੋਲੇ।

710- ਅਮੀਰਾਂ ਦੀ ਥਾਲੀ ਵਲੈਤੀ ਮੁਰੱਬਾ, ਗਰੀਬਾਂ ਦੇ ਠੂਠੇ ਵਿੱਚ ਮਿਰਚਾਂ ਦਾ ਥੱਬਾ।

712- ਸਮਾਂ ਸਥਾਨ ਹਰ ਮੇਲੇ ਨੂੰ ਲੋਕ ਲੋੜਾਂ ਅਨੁਸਾਰ ਢਾਲ ਲੈਂਦੇ ਹਨ।

713- ਆਜ਼ਾਦੀ ਤੋਂ ਬਾਅਦ ਹਿੰਦੂ ਕੋਡ ਬਿਲ ਨੇ ਆਪਸੀ ਸਾਝਾਂ ਵਿੱਚ ਕੁੜੱਤਣ ਲੈ ਆਂਦੀ ਹੈ।

715- ਜਦੋਂ ਸਿੱਖ ਕੌਮ ਦੀ ਮਿੰਨੀ ਪਾਰਲੀਮੈਂਟ ਸਦਾਉਣ ਵਾਲੀ ਸ਼੍ਰੋ ਗੁ ਪ੍ਰ ਕਮੇਟੀ ਦੀਆਂ ਚੋਣਾਂ ਵਿੱਚ ਵੀ ਸ਼ਰਾਬ ਅਤੇ ਨਸ਼ਿਆਂ ਦੀ ਵਰਤੋਂ ਦੀਆਂ ਖਬਰਾਂ ਛਪਦੀਆਂ ਹਨ ਤਾਂ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ।

717- ਪੰਜਾਬੀਆਂ ਦੇ ਪ੍ਰੋਗਰਾਮਾਂ ਵਿੱਚ, ਬੋਲ ਕਬੋਲ ਤੇ ਇੱਕ ਖੰਘੂਰੇ ਦੀ ਹੀ ਲੋੜ ਹੁੰਦੀ ਹੈ ਕਿ ਖੁਸ਼ੀ ਨੂੰ ਗ੍ਰਹਿਣ ਲਗਦਿਆਂ ਦੇਰ ਨਹੀਂ ਲੱਗਦੀ।

718- ਸਿੱਖ ਰਾਜ ਸਮੇਂ ਪਗੜੀ "ਦਸਤਾਰ" ਦਾ ਮਹੱਤਵ ਬਹੁਤ ਵਧਿਆ ਹੈ।

719- ਹਿੰਦੂਸਤਾਨ ਨੂੰ ਆਜ਼ਾਦੀ ਦਿਵਾਉਣ ਵਾਲੇ ਦੇਸ਼ ਭਗਤਾਂ ਵਿੱਚ ਪਗੜੀ ਵਾਲੇ ਸਿੰਘ ਸਰਦਾਰ ਸਭ ਤੋਂ ਪਹਿਲੀ ਕਤਾਰ ਵਿੱਚ ਰਹੇ।

720- ਤੂੰ ਮਨ ਭਾਵੇਂ ਨਾ ਮਨ, ਦਸਤਾਰ ਵਾਲਾ ਸ਼ੋਭਦੈ, ਜਿਉਂ ਤਾਰਿਆਂ ਵਿੱਚ ਚੰਨ।

721- ਦਸਤਾਰ ਸਿਰ ਦਾ ਤਾਜ, ਦਸਤਾਰ ਵਾਲਾ ਕਰ ਰਿਹਾ ਸਭ ਦੇ ਦਿਲਾਂ ਤੇ ਰਾਜ।

722- ਦਸਤਾਰ ਹੈ ਬਲਤਾਣ, ਦਸਤਾਰ ਵਾਲੇ ਹੀ ਰੱਖਦੇ ਸਭ ਤੋਂ ਵੱਖਰੀ ਸ਼ਾਨ।

723- ਦਸਤਾਰ ਵਾਲੇ ਸਰਦਾਰ, ਧਰਮ ਦੀ ਰੱਖਿਆ ਵਾਸਤੇ, ਸਭ ਕੁੱਝ ਦੇਣ ਵਾਰ।

724- ਦਸਤਾਰਾਂ ਦੇ ਵੱਖ ਵੱਖ ਰੰਗ, ਵੱਖ ਵੱਖ ਚਿੰਨ ਬਣ ਚੁੱਕੇ ਹਨ। ਸ਼੍ਰੋ ਅ ਦਲ ਨਾਲ ਸਬੰਧਿਤ ਵਿਅਕਤੀ ਨੀਲੇ ਪੀਲੇ ਕਾਲੇ ਰੰਗ ਦੀ, ਕਾਂਗਰਸੀ ਚਿੱਟੇ ਰੰਗ ਦੀ, ਸਿੱਖ ਫੌਜੀ ਹਰੇ ਰੰਗ ਦੀ, ਨਾਮਧਾਰੀ ਸਫੈਦ ਰੰਗ ਦੀ, ਦਸਤਾਰ ਬੰਨਦੇ ਹਨ।

725- ਪ੍ਰਮਾਤਮਾ ਦੀ ਬਖਸ਼ਿਸ਼ ਦੁਆਰਾ ਤੁਹਾਡੇ ਘਰ ਖੁਸ਼ੀ ਦੇ ਮੌਕੇ ਆਉਂਦੇ ਹਨ। ਜੇ ਤੁਸੀਂ ਇਹ ਖੁਸ਼ੀਆਂ ਆਪਣੇ ਸਨੇਹੀਆਂ ਨਾਲ ਸਾਂਝੀਆਂ ਕਰਦੇ ਹੋ ਤਾਂ ਇਹ ਖੁਸ਼ੀਆਂ ਕਈ ਗੁਣਾਂ ਵੱਧ ਜਾਂਦੀਆਂ ਹਨ।

726- ਜਿਸ ਤਰ੍ਹਾਂ ਸਿੱਖ ਖੁਸ਼ੀਆਂ ਦੇ ਮੌਕੇ ਲੱਡੂ ਵੰਡਦੇ ਹਨ ਇਸੇ ਤਰ੍ਹਾਂ ਹੀ ਗੋਰੇ ਕੇਕ ਕੱਟਦੇ ਹਨ।

727- ਸਿੱਖਾਂ ਦਾ ਇਹ ਸੁਭਾਅ ਹੈ ਕਿ ਸਿੱਖਾਂ ਦੀਆਂ ਰਵਾਇਤਾਂ ਦੇ ਨਾਲ ਨਾਲ ਜਿਹੜੇ ਵੀ ਦੇਸ਼ ਵਿੱਚ ਰਹਿੰਦੇ ਹਨ ਉਥੇ ਦੀਆਂ ਚੰਗੀਆਂ ਰਵਾਇਤਾਂ ਵੀ ਅਪਨਾ ਲੈਂਦੇ ਹਨ।

728- ਦਸਤਾਰ ਸਜਾਉਣ ਲਈ ਗੁਰਸਿੱਖਾਂ ਨੇ ਮਹਾਨ ਕੁਰਬਾ-ਨੀਆਂ ਕੀਤੀਆਂ ਹਨ ਇਸ ਲਈ ਦਸਤਾਰ ਦੀ ਸ਼ਾਨ ਨੂੰ ਕਾਇਮ ਰੱਖਣਾ ਆਪਣਾ ਮੁੱਢਲਾ ਫਰਜ਼ ਹੈ।

729- ਭਗਤੀ ਸ਼ਕਤੀ ਦਾ ਬਣੀ ਹੈ ਦਸਤਾਰ ਸੰਗਮ, ਰੂਪ ਇਸ ਦਾ ਯੋਗ ਤੇ ਰਾਜ ਦਾ ਏ। ਇਹ ਵੇਸ ਹੈ ਸੂਰਮੇ ਤੇ ਫੱਕਰਾਂ ਦਾ, ਇਹ ਤੇਜ਼ ਅਨੋਖਾ ਸਿਰਤਾਜ ਦਾ ਏ।

730-ਪੱਗ ਇਕ ਸਾਧਰਨ ਦੋ ਅੱਖਰਾਂ ਦਾ ਸ਼ਬਦ ਨਹੀਂ, ਇਹ ਇਕ ਗੁੰ-ਜਲਦਾਰ ਸੰਕਲਪਨਾ ਹੈ।

731- ਪੱਗ ਬੰਨ੍ਹਣ ਦੀ ਪਿਰਤ ਮਨੁੱਖ ਦੀਆਂ ਸਚਿਆਰੀਆਂ ਮਾਨਸਿਕ ਵਿਸ਼ੇਸ਼ਤਾਈਆਂ ਨੂੰ ਦ੍ਰਿੜ ਕਰਾਉਣ ਦਾ ਉਸੇਸ਼ ਸੀ ਅਤੇ ਘਟੀਆ ਮਾਨਸਿਕ ਲੱਛਣਾਂ ਨੂੰ ਨੱਥ ਪਾਉਣ ਦਾ ਯਤਨ।

732- ਜਿਸ ਨੇ ਵੀ ਸਿੱਖਾਂ 'ਚ ਆਗੂ ਬਣਨਾ ਹੈ, ਉਹ ਬੜਾ ਹੀ ਠਰੰਮੇ ਵਾਲਾ, ਬੜਾ ਹੀ ਸੂਝਵਾਨ, ਅਕਲ ਵਾਲਾ, ਵੰਡ ਛੱਕਣ ਵਾਲਾ ਤੇ ਪੱਗ ਵਾਲਾ ਹੋਵੇ।

733- ਕਾਮ, ਕਰੋਧ, ਲੋਭ, ਮੋਹ, ਹੰਕਾਰ, ਇਹ ਸਭ ਮਾਰਨੇ ਨਹੀਂ ਹਨ, ਸਿਰਫ ਜਕੜਨੇ ਹਨ ਤਾਂ ਕਿ ਆਪਾਂ ਇਨ੍ਹਾਂ ਤੋਂ ਸਹੀ ਕੰਮ ਲੈ ਸਕੀਏ।

734- ਮਨ ਇੰਨਾ ਚੰਚਲ ਹੈ ਕਿ ਇਸ ਨੂੰ ਕੰਟਰੋਲ ਕਰਨਾ ਬਹੁਤ ਔਖਾ ਹੈ।

735- ਜੇ ਕਰ ਮਨ, ਮਨੁੱਖ ਉੱਪਰ ਕਾਬੂ ਪਾ ਲਵੇ ਤਾਂ ਉਹ ਖਤਮ ਹੋ ਜਾਂਦਾ ਹੈ।

736- ਜੇ ਕਰ ਮਨੁੱਖ, ਮਨ ਉੱਪਰ ਕਾਬੂ ਪਾ ਲਵੇ ਤਾਂ ਇਸ ਤੋਂ ਸਹੀ ਸੇਧ ਲੈ ਸਕਦਾ ਹੈ।

737- ਮਨੁੱਖ ਨੂੰ ਕੁਦਰਤ ਨੇ ਖੁਦਗਰਜ਼ ਪੈਦਾ ਕੀਤਾ ਹੈ।

738- ਸ਼ੇਰ ਸ਼ਿਕਾਰ ਇੱਕਠੇ ਕਰਦੇ ਹਨ ਅਤੇ ਖਾਣ ਵੇਲੇ ਲੜਦੇ ਹਨ।

739- ਮਨੁੱਖ ਨੂੰ ਕੁਦਰਤ ਨੇ ਸਿੱਖਣ ਦੀ ਸ਼ਕਤੀ ਦਿੱਤੀ ਹੈ।

740- ਸਾਰੇ ਸੰਸਾਰ ਵਿੱਚ ਸਰਬ ਸਾਂਝੀ ਸੋਚ ਹਰ ਮਨੁੱਖ ਪਾਸ ਆਜ਼ਾਦੀ ਨਾਲ ਪੈਦਾ ਹੁੰਦੀ ਹੈ।

741- ਮਨੁੱਖ ਨੂੰ ਆਪਣੇ ਆਪ ਹੀ ਆਪਣੇ ਤਜ਼ਰਬਿਆਂ ਤੋਂ ਅਤੇ ਭੁੱਲਾਂ ਤੋਂ ਅਹਿਸਾਸ ਹੁੰਦਾ ਰਹਿੰਦਾ ਹੈ।

742- ਹੀਰਿਆਂ ਜੜੇ ਤਾਜ ਦਾ, ਖੰਭਾਂ ਨਾਲ ਬਣਾਏ ਤਾਜ ਦਾ ਅਤੇ ਆਗੂ ਦੇ ਲਗੇ ਫੁੱਲ ਦਾ ਸਾਈਕਾਲੋਜੀਕਲੀ ਇੱਕੋ ਜਿਨਾਂ ਹੀ ਮੁੱਲ ਹੈ।

743- ਤਖਤ ਸੰਭਾਲ ਕੇ ਵੀ ਤਖਤਾਂ ਵਾਲੇ ਆਰਾਮ ਨਾਲ ਸੌਂ ਨਹੀਂ ਸਕਦੇ।

(ਚਲਦਾ)

**A & S**
**Auto Repair & Services**
**Specializing in Brakes & Axles**
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673

# ਭਾਈ ਰਾਜੋਆਣਾ ਤੇ ਫਾਂਸੀ: ਲੰਬੇ ਕਾਨੂੰਨੀ ਦਾਅ-ਪੇਚਾਂ 'ਚੋਂ ਲੰਘਣਾ ਪਵੇਗਾ

ਚੰਡੀਗੜ੍ਹ - ਬਲਵੰਤ ਸਿੰਘ ਰਾਜੋਆਣਾ ਵੱਲੋਂ ਰਹਿਮ ਦੀ ਅਪੀਲ ਦੇ ਜਲਦੀ ਨਿਪਟਾਰੇ ਦੀ ਮੰਗ ਕਰਨ ਅਤੇ ਦੋ ਹੋਰ ਕੈਦੀਆਂ ਦੀ ਫਾਂਸੀ ਦੀ ਸਜ਼ਾ ਬਰਕਰਾਰ ਰਹਿਣ ਕਰਕੇ ਫਾਂਸੀ ਦਾ ਮਾਮਲਾ ਮੁੜ ਚਰਚਾ ਵਿਚ ਹੈ। ਕਾਨੂੰਨੀ ਨੁਕਤਾ ਨਿਗਾਹ ਤੋਂ ਇਹ ਤਿੰਨੋਂ ਹੀ ਫਾਂਸੀ ਵਾਲੇ ਕੈਦੀ ਅਜੇ ਅਜਿਹੇ ਘੇਰੇ ਵਿਚ ਨਹੀਂ ਆ ਸਕਣਗੇ ਕਿਉਂਕਿ ਰਾਜੋਆਣਾ ਦੀ ਫਾਂਸੀ ਮੁਆਫੀ ਲਈ ਸ਼੍ਰੋਮਣੀ ਕਮੇਟੀ ਦੀ ਰਾਸ਼ਟਰਪਤੀ ਕੋਲ ਪਈ ਰਹਿਮ ਦੀ ਅਪੀਲ ਦਾ ਖਾਰਜ ਹੋਣਾ ਅਜੇ ਉਸ ਦੀ ਫਾਂਸੀ ਦਾ ਕਾਰਨ ਨਹੀਂ ਬਣ ਸਕਦਾ। ਇਸ ਤੋਂ ਪਹਿਲਾਂ ਸਹਿ ਦੋਸ਼ੀਆਂ ਦੀ ਹਰੇਕ ਅਪੀਲ ਦਾ ਨਿਪਟਾਰਾ ਹੋਣਾ ਵੀ ਜ਼ਰੂਰੀ ਹੈ। ਰਾਸ਼ਟਰਪਤੀ ਵੱਲੋਂ 28 ਮਾਰਚ 2012 ਨੂੰ ਰਾਜੋਆਣਾ ਦੀ ਫਾਂਸੀ 'ਤੇ ਰੋਕ ਲਾਉਣ ਮੌਕੇ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਕਿਸੇ ਵੀ ਸਹਿ ਦੋਸ਼ੀ ਦੀ ਕੋਈ ਵੀ ਅਪੀਲ ਕਿਸੇ ਅਦਾਲਤ ਵਿਚ ਬਕਾਇਆ ਨਹੀਂ ਹੋਣੀ ਚਾਹੀਦੀ।

ਹੁਕਮਾਂ ਅਨੁਸਾਰ ਰਾਸ਼ਟਰਪਤੀ ਦਫ਼ਤਰ ਤੋਂ ਅਪੀਲ ਖਾਰਜ ਹੋਣ ਦੀ ਸੂਰਤ ਵਿਚ ਜੇਕਰ ਕੈਦੀ ਦੇ ਕਿਸੇ ਸਹਿ ਦੋਸ਼ੀ ਦੀ ਕੋਈ ਅਪੀਲ ਕਿਸੇ ਅਦਾਲਤ ਵਿਚ ਵਿਚਾਰ ਅਧੀਨ ਹੈ, ਤਾਂ ਉਸ ਦੇ ਨਿਪਟਾਰੇ ਤੱਕ ਫਾਂਸੀ ਦੀ ਕਾਰਵਾਈ 'ਤੇ ਅਮਲ ਨਹੀਂ ਹੋ ਸਕੇਗਾ ਕਿਉਂਕਿ ਅਪੀਲ ਖਾਰਜ ਹੋਣ ਉਪਰੰਤ ਜੇਕਰ ਸਹਿ ਦੋਸ਼ੀ ਦੀ ਕਿਸੇ ਅਪੀਲ ਦੌਰਾਨ ਕੈਦੀ ਨੂੰ ਫਾਂਸੀ ਮੁਆਫੀ ਜਾਂ ਰਿਹਾਈ ਆਦਿ ਦਾ ਲਾਭ ਮਿਲਦਾ ਹੈ ਤਾਂ ਉਹ ਮਾਮਲਾ ਅਮਲ ਵਿਚ ਲਿਆਉਣਾ ਹੋਵੇਗਾ।

31 ਅਗਸਤ 1995 ਦੀ ਇਸ ਘਟਨਾ ਸਬੰਧੀ 31 ਜੁਲਾਈ 2007 ਨੂੰ ਰਾਜੋਆਣਾ ਸਮੇਤ ਜਗਤਾਰ ਸਿੰਘ ਹਵਾਰਾ ਨੂੰ ਫਾਂਸੀ ਅਤੇ ਪਰਮਜੀਤ ਸਿੰਘ ਭਿਓਰਾ, ਲਖਵਿੰਦਰ ਸਿੰਘ, ਗੁਰਮੀਤ ਸਿਘ ਅਤੇ ਸ਼ਮਸ਼ੇਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ। ਬਾਅਦ 'ਚ ਹਾਈਕੋਰਟ ਨੇ ਹਵਾਰਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਸੀ। ਉਂਜ ਹਵਾਰਾ ਅਤੇ ਸਮੇਤ ਕੁਝ ਹੋਰਨਾਂ ਵੱਲੋਂ ਉਮਰ ਕੈਦ ਨੂੰ ਉਪਰਲੀ ਅਦਾਲਤ ਵਿਚ ਚੁਣੌਤੀ ਦਿੱਤੀ ਹੋਈ ਹੈ। ਸੀਬੀਆਈ ਨੇ ਹਵਾਰਾ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਨ ਖਿਲਾਫ਼ ਰਿੱਟ ਪਾਈ ਹੋਈ ਹੈ। ਜਗਤਾਰ ਸਿੰਘ ਤਾਰਾ ਦੇ ਖਿਲਾਫ਼ ਅਜੇ ਕੇਸ ਚੱਲ ਰਿਹਾ ਹੈ। ਯਾਦ ਰਹੇ ਕਿ ਰਾਜੋਆਣਾ ਨੇ ਜੁਰਮ ਕਬੂਲਣ ਸਮੇਤ ਕੋਈ ਵੀ ਕਾਨੂੰਨੀ ਚਾਰਾਜੋਈ ਨਾ ਕਰਨ ਦਾ ਪ੍ਰਣ ਵੀ ਕੀਤਾ ਹੋਇਆ ਹੈ। ਜਦੋਂ 31 ਮਾਰਚ 2012 ਨੂੰ ਫਾਂਸੀ ਦੇਣ ਦਾ ਦਿਨ ਮੁਕੱਰਰ ਕੀਤਾ ਗਿਆ ਸੀ, ਤਾਂ ਵੀ ਉਹ ਅਪੀਲ ਨਾ ਪਾਉਣ ਲਈ ਬਜ਼ਿੱਦ ਰਿਹਾ। ਫਿਰ ਸ਼੍ਰੋਮਣੀ ਕਮੇਟੀ ਵੱਲੋਂ ਹੀ ਰਹਿਮ ਦੀ ਅਪੀਲ ਪਾਈ ਗਈ ਸੀ, ਜਿਸ ਦੇ ਜਲਦੀ ਨਿਪਟਾਰੇ ਲਈ ਹੀ ਉਸ ਨੇ ਰਾਸ਼ਟਰਪਤੀ ਨੂੰ ਪੱਤਰ ਲਿਖਿਆ ਹੈ।

### ਅਭੀ ਵਰਮਾ ਕਤਲ ਕੇਸ

ਫਰਵਰੀ 2005 ਵਿਚ 16 ਸਾਲਾ ਅਭੀ ਵਰਮਾ ਦੇ ਕਤਲ ਸਬੰਧੀ ਜਸਵੀਰ ਸਿੰਘ ਵਾਲੀਆ,ਉਸ ਦੀ ਪਤਨੀ ਸੋਨੀਆ ਤੇ ਬਿਕਰਮ ਸਿੰਘ ਨੂੰ ਹੁਸ਼ਿਆਰਪੁਰ ਅਦਾਲਤ ਤੋਂ 21 ਦਸੰਬਰ 2006 ਨੂੰ ਫਾਂਸੀ ਦੀ ਸਜ਼ਾ ਹੋਈ ਸੀ। ਉਂਜ ਉਪਰਲੀ ਅਦਾਲਤ ਤੋਂ ਸੋਨੀਆ ਦੀ ਸਜ਼ਾ ਉਮਰ ਕੈਦ ਵਿਚ ਬਦਲ ਗਈ ਸੀ ਪਰ ਦੋਸ਼ੀਆਂ ਨੇ ਉਪਰਲੀ ਅਦਾਲਤ ਵਿਚ ਚੁਣੌਤੀ ਦਿੱਤੀ ਸੀ ਕਿ ਧਾਰਾ 364 ਏ ਅਧੀਨ ਫਾਂਸੀ ਦੀ ਸਜ਼ਾ ਨਹੀਂ ਕੀਤੀ ਜਾ ਸਕਦੀ। ਅਜੇ ਨਿਪਟਾਰਾ ਵੀ ਨਹੀਂ ਸੀ ਹੋਇਆ ਕਿ ਦੋਵਾਂ ਨੂੰ 5 ਮਈ 2012 ਨੂੰ ਫਾਂਸੀ ਦੇ ਦੇਣ ਦਾ ਦਿਨ ਮੁਕੱਰਰ ਹੋ ਗਿਆ। ਹਾਈ ਕੋਰਟ ਜਾਣ 'ਤੇ ਹਫਤੇ ਵਿਚ ਦੋ ਵਾਰ ਫਾਂਸੀ ਟਲੀ ਤੇ ਫੇਰ ਧਾਰਾ 364 ਏ ਸਬੰਧੀ ਅਪੀਲ ਵਿਚਾਰ ਅਧੀਨ ਹੋਣ ਦੇ ਹਵਾਲੇ ਨਾਲ ਸੁਪਰੀਮ ਕੋਰਟ ਨੇ ਵੀ ਇੱਕ ਦਿਨ ਪਹਿਲਾਂ ਫਾਂਸੀ 'ਤੇ ਰੋਕ ਲਾ ਦਿੱਤੀ ਸੀ।

ਪਰ ਹੁਣ ਬਕਾਇਆ ਅਪੀਲ ਵੀ ਸੁਪਰੀਮ ਕੋਰਟ ਨੇ ਖਾਰਜ ਕਰ ਦਿੱਤੀ ਹੈ ਜਿਸ ਕਰਕੇ ਅਭੀ ਵਰਮਾ ਦੇ ਵਾਰਸਾਂ ਵੱਲੋਂ ਮੁੜ ਫਾਂਸੀ ਦੇ ਹੁਕਮ ਜਾਰੀ ਕਰਵਾਉਣ ਲਈ ਕਾਨੂੰਨੀ ਚਾਰਾਜੋਈ ਦੀ ਗੱਲ ਆਖੀ ਹੈ। ਉਂਜ ਫਾਂਸੀ ਦੇ ਹੁਕਮ ਆਉਣ 'ਤੇ 2012 ਵਿਚ ਹੀ ਇਨ੍ਹਾਂ ਦੋਵਾਂ ਵੱਲੋਂ ਰਾਸ਼ਟਰਪਤੀ ਕੋਲ ਵੀ ਰਹਿਮ ਦੀ ਅਪੀਲ ਪਾਈ ਗਈ ਸੀ, ਜੋ ਅਜੇ ਵਿਚਾਰ ਅਧੀਨ ਹੈ। ਮਾਹਿਰਾਂ ਵੱਲੋਂ ਇੱਕ ਹੋਰ ਨਵੀਂ ਸੇਧ ਦਾ ਹਵਾਲਾ ਵੀ ਦਿੱਤਾ ਜਾ ਰਿਹਾ ਹੈ। ਇਸ ਤਰਾਂ ਇਹ ਮਾਮਲਾ ਲੰਬੀ ਕਾਨੂੰਨੀ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ।

### ਮੁਆਫ਼ੀ ਦੇ ਬਾਵਜੂਦ ਹੋਈ ਸੀ ਫਾਂਸੀ

ਰਾਸ਼ਟਰਪਤੀ ਦਫ਼ਤਰ ਵੱਲੋਂ ਅਜਿਹੇ ਆਦੇਸ਼ ਯੂ.ਪੀ ਨਾਲ ਸਬੰਧਤ 1982 ਦੇ ਇੱਕ ਕੇਸ ਨੂੰ ਆਧਾਰ ਬਣਾ ਕੇ ਦਿੱਤੇ ਗਏ ਸਨ ਜਿਸ ਦੌਰਾਨ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰਨ ਵਾਲੇ ਦੋ ਕੈਦੀਆਂ ਵਿਚੋਂ ਇੱਕ ਕੈਦੀ ਨੂੰ ਨਿਰਧਾਰਤ ਸਮੇਂ 'ਤੇ ਫਾਂਸੀ ਲਾ ਦਿੱਤਾ ਗਿਆ ਸੀ ਪਰ ਦੂਜੇ ਵੱਲੋਂ ਫਾਂਸੀ ਦੀ ਸਜ਼ਾ ਨੂੰ ਉਪਰਲੀ ਅਦਾਲਤ ਵਿਚ ਚੁਣੌਤੀ ਦੇ ਦਿੱਤੀ ਗਈ ਜਿਸ ਦੀ ਸੁਣਵਾਈ ਉਪਰੰਤ ਹੋਏ ਨਿਪਟਾਰੇ ਦੌਰਾਨ ਸਮੁੱਚਾ ਕੇਸ ਹੀ ਪਲਟ ਗਿਆ। ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰਨ ਵਾਲੇ ਦੋਵਾਂ ਕੈਦੀਆਂ ਦੀ ਫਾਂਸੀ ਦੀ ਸਜ਼ਾ ਮੁਆਫ਼ ਹੋ ਗਈ ਸੀ।


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਮਹਾਨ ਮਾਨਵੀ ਕ੍ਰਾਂਤੀ ਦਾ ਮੁਜੱਸਮਾ



ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

ਮੈਂ ਸਿੱਖ ਹਾਂ, ਨਹੀਂ ਹਾਂ, ਇਹ ਪ੍ਰਸ਼ਨ ਮੇਰੇ ਲਈ ਕੋਈ ਮਹੱਤਵਪੂਰਨ ਨਹੀਂ ਰੱਖਦਾ। ਇਕ ਤਾਂ ਮੈਂ ਭਾਰਤ ਵਿਚ ਭਾਰਤ ਦੇ ਮੂਲਵਾਸੀ ਅਛੂਤ ਸ਼ੂਦਰਾਂ ਦੀ ਸੰਤਾਨ ਹਾਂ ਜੋ ਸਿੰਧੂ ਸਭਿਅਤਾ ਦੇ ਮਾਲਕ ਸਨ, ਦੂਸਰਾ ਮੈਂ ਪਿਛਲੇ 45 ਸਾਲ ਤੋਂ ਸਮਾਜਿਕ ਬਰਾਬਰੀ ਦੀ ਜੰਗ ਲੜ ਰਿਹਾ ਹਾਂ। ਮੇਰੇ ਲਈ ਇਹ ਗੱਲ ਮਹੱਤਵ ਵਾਲੀ ਹੈ। ਇਸ ਸੰਘਰਸ਼ ਦੌਰਾਨ ਹੀ ਮੈਂ ਸਮਝ ਸਕਿਆ ਕਿ ਗੁਰੂ ਗ੍ਰੰਥ ਪਾਠ ਪੂਜਾ, ਨਰਕ ਸੁਰਗ ਜਾਂ ਆਤਮਾ ਪ੍ਰਮਾਤਮਾ ਦਾ ਮਸਲਾ ਤਾਂ ਬਿਲਕੁਲ ਵੀ ਨਹੀਂ ਹੈ। ਇਹ ਮਨੁੱਖੀ ਪ੍ਰੀਤ, ਭਾਈਚਾਰੇ, ਬਰਾਬਰੀ ਅਤੇ ਸਾਂਝੀਵਾਲਤਾ ਦਾ ਪੂਰਨ ਸੰਦੇਸ਼, ਉਪਦੇਸ਼ ਅਤੇ ਸੰਗਰਾਮ ਦਾ ਇਤਿਹਾਸ ਹੈ, ਜਿਸਦਾ ਮੁੱਖ ਨਿਸ਼ਾਨਾ ਬ੍ਰਾਹਮਣਵਾਦ, ਜਾਤੀਵਾਦ, ਊਚ ਨੀਚ, ਛੂਤ-ਛਾਤ, ਵੇਦ ਸ਼ਾਸਤਰ, ਹਿੰਦੂ ਧਰਮ ਗ੍ਰੰਥ, ਦੇਵੀ ਦੇਵਤੇ, ਤੀਰਥ ਵਰਤ, ਪੁੰਨਦਾਨ, ਇਸ਼ਨਾਨ, ਪਾਖੰਡ, ਨਗਨਤਾ, ਝੂਠ, ਫਰੇਬ, ਬਦਅਕਲੀ, ਅਪਰਾਧ, ਠੱਗੀ, ਅਧਰਮ, ਕਾਮ ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਬਦਤਮੀਜੀਆਂ ਆਦਿ ਹਨ। ਗੁਰੂ ਗ੍ਰੰਥ ਅਜਿਹਾ ਉਦੇਸ਼ ਹੈ ਜੋ ਮਨੁੱਖ ਨੂੰ ਦਇਆ, ਪ੍ਰੇਮ, ਸਦਾਚਾਰ, ਉਪਕਾਰ, ਕਲਿਆਣ, ਬਰਾਬਰੀ, ਸਬਰ, ਸੰਤੋਖ, ਸੁਕਿਰਤ, ਵੰਡ ਛਕਣ, ਸਾਂਝੀਵਾਲਤਾ, ਪਾਰਬ੍ਰਹਮੀ ਤੱਤ ਗਿਆਨ, ਨਿਰਮਲਤਾ ਆਦਿ ਸਿਖਾਉਂਦਾ ਹੈ। ਅਤੇ ਇਸੇ ਧਰਤੀ ਤੇ ਇਸੇ ਜੀਵਨ ਵਿਚ ਮਨੁੱਖ ਨੂੰ ਮਨ ਦੇ ਵਕਾਰਾਂ ਤੋਂ ਮੁਕਤ ਕਰਦਾ ਨਿਰਵਾਣ ਪਦ ਦਿੰਦਾ ਹੈ। ਜਿਸ ਦਾ ਮਰਨ ਮਗਰੋਂ ਕਿਸੇ ਜੀਵਨ ਨਾਲ ਕੋਈ ਸਬੰਧ ਨਹੀਂ।

ਗੁਰੂ ਗ੍ਰੰਥ ਮੁਕਤੀ ਦਾ ਮਾਰਗ ਹੈ, ਜੋ ਜਿਉਂਦਿਆਂ ਹੁੰਦੀ ਹੈ। ਜੋ ਬ੍ਰਾਹਮਣੀ ਗਵਾਲ ਜੰਜਾਲ ਤੋਂ ਛੁਟਕਾਰਾ ਦਿਵਾਉਂਦਾ ਹੈ। ਜੋ ਮਨੁੱਖ ਨੂੰ ਇਕ ਸਮਾਨ ਤੱਤਵੀ ਰੂਪ ਵਿਚ ਪੈਦਾ ਕਰਨ ਦਾ ਰਸਾਇਣੀ ਵਿਗਿਆਨ ਹੈ। ਰਸਾਇਣੀ ਰਾਮ। ਗੁਰੂ ਗ੍ਰੰਥ ਸਿੱਖਾਂ ਦੀ ਦੌਲਤ ਨਹੀਂ ਪੂਰੀ ਮਨੁੱਖਤਾ ਦਾ ਖ਼ਜ਼ਾਨਾ ਹੈ। ਸਿੱਖਾਂ ਨੇ, ਜਿਸਨੂੰ ਕੈਦ ਕਰ ਰੱਖਿਆ ਹੈ ਅਤੇ ਬ੍ਰਾਹਮਣੀ ਤਰਜ਼ ਦੀ ਬੁੱਧੀ ਨਾਲ ਚਿੱਕੜ ਜਾਲ ਵਿਛਾ ਕੇ ਬੰਦੇ ਨੂੰ ਕੁਮੱਤ ਨਾਲ ਲਬੇੜ ਰੱਖਿਆ ਹੈ। 90 ਫੀਸਦੀ ਪੁਜਾਰੀ, ਸਾਧ ਸੰਤ ਤੇ ਰਾਗੀ ਭਾਈ ਤੇ ਕਥਾਕਾਰ ਇਹੋ ਬ੍ਰਾਹਮਣੀ ਧੰਦਾ ਕਰਦੇ ਹਨ ਤੇ ਉਹ ਸੰਸਾਰ ਜੋ 19ਵੀਂ ਸਦੀ ਦੇ ਅੱਧ ਤੱਕ ਮੁਕਤ ਸੀ, ਉਸਨੂੰ ਫਿਰ ਬ੍ਰਾਹਮਣੀ ਕੂੜ ਕਿਰਿਆ ਵਿਚ ਫਸਾ ਰੱਖਿਆ ਹੈ। ਇੰਝ ਲੱਗਦਾ ਹੈ ਕਿ ਬਹੁਗਿਣਤੀ ਸਿੱਖ ਬ੍ਰਾਹਮਣੀ ਵਿਵਸਥਾ ਦੇ ਪ੍ਰਤੀਨਿਧ ਹਨ ਜੋ ਪੂਜਦੇ ਗੁਰੂ ਗ੍ਰੰਥ ਨੂੰ ਹਨ ਤੇ ਮੰਨਦੇ ਮੰਨੂ ਬ੍ਰਾਹਮਣ ਨੂੰ ਹਨ, ਜਿਹਨਾਂ ਨੇ ਮਨਾਂ ਵਿਚ ਇਹ ਵਸਾ ਰੱਖਿਆ ਹੈ ਕਿ ਦਾੜ੍ਹੀ ਕੇਸ ਵਾਲਾ ਤੇ ਦਸਤਾਰ ਸਜਿਆ ਬੰਦਾ ਹੀ ਗੁਰੂ ਦਾ ਸਿੱਖ ਹੈ, ਬਾਕੀ ਤਾਂ ਘੋਨੇ-ਮੋਨੇ ਦੁੱਕੀ-ਤਿੱਕੀ ਹਨ। ਇਹ ਸੋਚ ਉਹਨਾਂ ਦੀ ਹੈ ਜੋ ਗੁਰੂ ਗ੍ਰੰਥ ਨੂੰ ਆਪਣੀ ਮਲਕੀਅਤ ਸਮਝਦੇ ਹਨ ਤੇ ਬ੍ਰਾਹਮਣੀ ਧਾਰਨਾਵਾਂ ਦੀ ਗੰਗਾ ਵਿਚ ਤੈਰਦੇ ਹਨ।

ਮੈਂ ਇਹ ਸਭ ਗੁਰੂ ਗ੍ਰੰਥ ਬਾਰੇ ਲਿਖਣ ਤੋਂ ਪਹਿਲਾਂ ਲਿਖਣਾ ਬਹੁਤ ਜ਼ਰੂਰੀ ਸਮਝਿਆ ਹੈ। ਕਿਉਂਕਿ ਇਸ ਤਰ੍ਹਾਂ ਦੀ ਗੰਧਲੀ ਸੋਚ ਨੇ, ਕਰੋੜਾਂ ਭਾਰਤੀਆਂ ਨੂੰ ਗੁਰੂ ਗ੍ਰੰਥ ਤੋਂ, ਸਤਿਗੁਰੂ ਦੇ ਧਰਮ ਤੋਂ, ਉਸਦੇ ਆਸ਼ੇ ਤੋਂ ਉਦੇਸ਼ ਤੋਂ, ਸਮਝ ਬੂਝ ਤੋਂ, ਅਕਲ ਮੱਤ ਤੋਂ ਬਹੁਤ ਦੂਰ, ਬਹੁਤ ਦੂਰ ਕਰ ਦਿੱਤਾ ਹੈ ਕਿ ਮੇਰੇ ਗੁਰੂ, ਗੁਰੂ ਗ੍ਰੰਥ ਨੂੰ ਪੋਟਾ ਪੋਟਾ ਸਮਝਣ ਅਤੇ ਪਿਆਰਨ ਤੇ ਸਤਿਕਾਰਨ ਵਾਲਾ ਬੰਦਾ ਵੀ ਅਕਸਰ ਕਹਿੰਦਾ ਹੈ ਕਿ ਸਿੱਖ ਹੋਣ ਤੇ ਮੈਨੂੰ ਕੋਈ ਮਾਣ ਨਹੀਂ। ਹਾਂ ਗੁਰੂ ਗ੍ਰੰਥ ਬਾਕੀਆਂ ਵਾਂਗ ਹੀ ਮੇਰਾ ਵੀ ਹੈ। ਹਜ਼ਾਰਾਂ ਸ਼ਬਦ ਹਰ ਸਮੇਂ ਮੇਰੇ ਜਿਹਨ ਵਿਚ ਘੁੰਮਦੇ ਹਨ ਜੋ ਸਾਡੀ ਆਜ਼ਾਦੀ ਮੁਕਤੀ ਅਤੇ ਛੁਟਕਾਰੇ ਦਾ ਸੰਘਰਸ਼ੀ ਦਰਸ਼ਨ ਹਨ। ਗੁਰੂ ਗ੍ਰੰਥ ਸੰਸਾਰ ਦੀ ਵੀ ਮਹਾਨ ਪੁਸਤਕ ਵਾਂਗ ਮੇਰੇ ਲਈ ਮਹਾਨ ਹੈ। ਪੂਜਣ ਜਾਂ ਪਾਠ ਕਰਨ ਵਾਸਤੇ ਨਹੀਂ। ਨਰਕ ਸੁਰਗ ਜਾਂ ਕਿਸੇ ਪ੍ਰਮਾਤਮਾ ਦੀ ਤਲਬ ਵਾਸਤੇ ਨਹੀਂ। ਭਵਸਾਗਰ ਜਾਂ ਪੁਨਰ ਜਨਮ ਦੇ ਡਰ ਕਰਕੇ ਨਹੀਂ, ਇਸ ਕਰਕੇ ਕਿ ਇਸ ਅੰਦਰ ਭਾਰਤ ਦੀ ਹੀ ਨਹੀਂ ਦੁਨੀਆਂ ਦੀ ਅਰਬਾਂ ਵਿਚ ਆਬਾਦੀ ਦੀ ਬਰਾਬਰੀ ਤੇ ਆਜ਼ਾਦੀ ਦਾ ਪ੍ਰਸ਼ਨ ਤਰਦਾ ਹੈ ਜੋ ਰੰਗ, ਨਸਲ, ਜਾਤ-ਪਾਤ ਤੇ ਊਚ ਨੀਚ ਦਾ, ਗੁਰਬਤ ਦਾ, ਬਦਮਾਸ਼ੀਆਂ ਦਾ, ਦੂਸਰਿਆਂ ਦੇ ਅਪਰਾਧ ਹੰਕਾਰ, ਕਾਮ ਕ੍ਰੋਧ, ਲੋਭ, ਅੱਤਿਆਚਾਰ, ਦਬੰਗਪੁਣੇ, ਹੁੜਦੰਗ, ਜ਼ੁਲਮ, ਲੁੱਟਮਾਰ, ਨਫ਼ਰਤ ਤੇ ਜਬਰ ਜੋਰ ਦਾ ਸ਼ਿਕਾਰ ਹਨ। ਇਹ ਕਸੂਰ ਸਿੱਖਾਂ ਦਾ ਹੈ ਕਿ ਉਹ ਦੁਨੀਆਂ ਨੂੰ ਇਹ ਸੱਚ ਦੱਸ ਨਹੀਂ ਸਕੇ। ਤੇ ਮਾਇਆ ਦੇ ਗੱਫਿਆਂ ਵਿਚ ਐਸੇ ਉਲਝੇ ਕਿ ਗੁਰੂ ਘਰਾਂ ਨੂੰ ਵੀ ਸੋਨੇ ਦੀਆਂ ਚਾਦਰਾਂ ਵਿਚ ਲਪੇਟ ਕੇ ਕੌਮ ਨੂੰ, ਮਨੁੱਖਤਾ ਨੂੰ ਸੁੱਕਣੇ ਪਾ ਛੱਡਣ ਦਾ ਭੈਅ ਨਹੀਂ ਮੰਨਿਆ। ਸੰਸਾਰ ਵਿਚ ਅਗਰ ਸਭ ਤੋਂ ਆਲੀਸ਼ਾਨ ਧਰਮ ਸਥਾਨ ਹਨ ਤਾਂ ਉਹ ਸਿੱਖਾਂ ਕੋਲ ਹਨ ਤੇ ਸਿੱਖਾਂ ਪਾਸ ਸਭ ਕੁਝ ਹੁੰਦਿਆਂ ਵੀ, ਸਾਂਝੇ ਸਕੂਲ ਨਹੀਂ, 13-13 ਤੋਲਦੇ ਹਸਪਤਾਲ ਨਹੀਂ। ਆਦਰਸ਼ ਲੋਕ ਨਹੀਂ। ਕੋਈ ਅਜਿਹਾ ਮਾਡਲ ਨਹੀਂ ਕਿ ਸੰਸਾਰ ਰੀਸ ਕਰੇ।

ਸਾਡਾ ਗੁਰੂ ਗ੍ਰੰਥ ਇੰਝ ਲੱਗਦਾ ਹੈ ਜਿਵੇਂ ਸਿੱਖਾਂ ਦੇ ਅਡੰਬਰਾਂ ਦੀ ਭੀੜ ਵਿਚ ਗੁਆਚ ਗਿਆ ਹੈ। ਉਹ ਸਾਡੇ ਸਿਰਾਂ 'ਤੇ ਹੁੰਦਿਆਂ ਵੀ ਸਾਡੇ ਮਨਾਂ ਤੇ ਸਵਾਰ ਨਹੀਂ ਹੈ। ਮਨ ਖੋਟੇ ਹਨ, ਤਨ ਚੋਰ ਹਨ। ਮੇਰੀ ਇਸ ਪੀੜਾ ਅੰਦਰ ਕੋਈ ਈਰਖਾ ਨਹੀਂ ਉਹ ਦਰਦ ਹੈ ਜੋ ਮੈਨੂੰ ਇਹ ਵੇਖਣ ਲਈ ਖੜ੍ਹਾ ਹੈ ਕਿ ਅਸੀਂ ਮਹਾਨ ਦੌਲਤਾਂ ਦੇ ਮਾਲਕ ਵੀ, ਨਿਰੇ ਮਲੰਗ ਕਿਉਂ ਹਾਂ? ਅਸੀਂ ਮਹਾਨ ਸੱਭਿਆਤਾਵਾਂ ਦੇ ਮਾਲਕ, ਆਪਣੀ ਹੀ ਧਰਤੀ ਤੇ, ਪੁਰਖਿਆਂ ਦੀ ਸਰਜ਼ਮੀਨ ਤੇ ਬਿਗਾਨਿਆਂ ਦੇ ਗੁਲਾਮ ਕਿਉਂ ਹਾਂ? ਸਾਡੇ ਪੁਰਖੇ ਸਾਡੀ ਆਜ਼ਾਦੀ ਖਾਤਰ ਉੱਠੇ ਲੜੇ ਮਰੇ, ਉਹਨਾਂ ਰੱਜ ਕੇ ਖੂਨ ਵਹਾਇਆ, ਤਦ ਵੀ ਅਸੀਂ ਮੂਰਖਾਂ ਨੇ ਆਪਣਿਆਂ ਖਜ਼ਾਨਿਆਂ ਨੂੰ, ਅਸਮਤਾਂ ਨੂੰ, ਅਣਖਾਂ ਨੂੰ, ਭਾਈਚਾਰੇ ਨੂੰ, ਆਪਣੀ ਪ੍ਰੀਤ ਨੂੰ ਪ੍ਰੇਮ ਨੂੰ, ਮੁਕਤੀ ਨੂੰ, ਉਚਾਈ ਨੂੰ ਸਭ ਕੁਝ ਨੂੰ ਦੁਸ਼ਮਣ ਦੇ ਹੀ ਪੈਰਾਂ 'ਤੇ ਰੱਖ ਕੇ ਗੋਡੇ ਟੇਕ ਦਿੱਤੇ।

ਕਰੀਬ ਦੂਜੀ ਪੂਰਵ ਸਦੀ ਤੋਂ ਬਾਅਦ ਸਾਡੇ ਪੁਰਖਿਆਂ ਦਾ ਰਾਜ ਖੁਸਿਆ ਤੇ ਫਿਰ ਕਰੀਬ 8ਵੀਂ ਸਦੀ ਤੱਕ ਪੁਸਯਮਿੱਤਰ, ਮਿਹਰਕੁਲ, ਸੁਸ਼ਾਕ ਤੇ ਸ਼ੰਕਰਾਚਾਰੀਆਂ ਤੇ ਪਰਸ਼ੂਰਾਮ ਵਰਗੇ ਬ੍ਰਾਹਮਣ ਰਾਜਿਆਂ ਨੇ ਸਾਡੀ, ਸਾਡੀ ਵਿੱਦਿਆ ਦੀ, ਗਿਆਨ ਦੀ, ਪਛਾਣ ਦੀ, ਇਤਿਹਾਸ ਦੀ, ਵਿਦੇਸ਼ੀਆਂ ਨਾਲ ਮਿਲ ਕੇ ਐਸੀ ਤਬਾਹੀ ਕੀਤੀ ਕਿ ਸੰਸਾਰ ਪ੍ਰਸਿੱਧ ਤੇ ਬੇਮਿਸਾਲ ਨਾਲੰਦਾ ਦੀ ਪੁਸਤਕਾਲਾ ''ਰਤਨ ਸਾਗਰ'' ਤੱਕ ਨੂੰ ਅੱਗ ਲਾ ਦਿੱਤੀ ਜੋ 6 ਮਹੀਨੇ ਤੱਕ ਬਲਦੀ ਰਹੀ। ਫਿਰ 84000 ਇਤਿਹਾਸਕ ਸਤੂਪ ਤਬਾਹ ਕੀਤੇ ਤੇ ਇਉਂ ਅਸੀਂ ਮਾਲਕਾਂ ਤੋਂ ਇਕ ਵਾਰ ਫਿਰ ਗੁਲਾਮ ਦੀ ਭੀੜ ਬਣੇ ਗੋਡਿਆਂ ਭਾਰ ਹੋ ਗਏ। ਜਦੋਂ 12ਵੀਂ, 13ਵੀਂ ਸਦੀ ਵਿਚ ਭਾਰਤ ਉੱਤੇ ਗੁਲਾਮ ਵੰਸ਼ੀ ਅਲਤਮਸ਼, ਕੁਤਬਦੀਨ ਵਰਗਿਆਂ ਦੀ ਸੱਤਾ ਆਈ ਤਦ ਸਾਡੇ ਪੁਰਖੇ ਉੱਠੇ ਤੇ ਉਤਰ ਪੱਛਮੀ ਭਾਰਤ 'ਚੋਂ ਆਜ਼ਾਦੀ ਦਾ ਬਿਗਲ 'ਗਗਨ ਦਮਾਮਾ' ਵੱਜਿਆ। ਇਤਿਹਾਸ ਮੁੜ ਰਚਿਆ ਗਿਆ। ਆਜ਼ਾਦੀ ਦਾ ਦਰਸ਼ਨ 400 ਸਾਲ ਤੱਕ ਲਿਖਿਆ ਜਾਂਦਾ ਰਿਹਾ ਤੇ ਫਿਰ ਇਕ ਦਿਨ ਗੁਰੂ ਅਰਜਨ ਨੇ ਥਾਂ-ਥਾਂ ਸੰਭਾਲਿਆ ਖ਼ਜ਼ਾਨਾ ਲਿਆ ਕੇ ਕਰੀਬ 1000 ਸਾਲ ਬਾਅਦ ਉਸ ਗ੍ਰੰਥ ਦੀ ਰਚਨਾ ਕੀਤੀ ਜਿਸਨੂੰ:

ਦੇਖਿਆ ਜਾ ਸਕਦਾ ਸੀ
ਪੜ੍ਹਿਆ ਜਾ ਸਕਦਾ ਸੀ
ਸੁਣਿਆ ਜਾ ਸਕਦਾ ਸੀ
ਗਾਇਆ ਤੇ ਬੋਲਿਆ ਜਾ ਸਕਦਾ ਸੀ।

ਤਦ ਬ੍ਰਾਹਮਣ ਦਾ ਰਾਜਵੰਸ਼ ਨਹੀਂ ਸੀ ਚੱਲ ਰਿਹਾ। ਇਸ ਕਰਕੇ ਕੰਨਾਂ 'ਚ ਸਿੱਕਾ ਨਹੀਂ ਪਿਆ, ਜੀਭ ਨਹੀਂ ਕੱਟੀ ਗਈ, ਅੱਖਾਂ ਨਹੀਂ ਕੱਢੀਆਂ ਗਈਆਂ, ਧੌਣ ਨਹੀਂ ਕੱਟੀ ਗਈ। ਫਿਰ ਵੀ ਗੁਰੂ ਨੂੰ ਭਿਆਨਕ ਮੌਤ ਝੱਲਣੀ ਪਈ ਕਿਉਂਕਿ ਉਸਨੇ ਭਾਰਤ ਦੇ ਸ਼ੂਦਰਾਂ ਦੀ ਆਜ਼ਾਦੀ ਅਤੇ ਬਰਾਬਰੀ ਦੇ ਇਤਿਹਾਸਕ ਚਿੰਤਨ ਦਾ ਗ੍ਰੰਥ ਲਿਖ ਕੇ ਨਾਨਕਿਆਂ ਦੇ ਰਤਨ ਸਾਗਰ ਨੂੰ ਮੁੜ ਜੀਵਤ ਕਰ ਦਿੱਤਾ ਸੀ। ਲੋਕ ਨਹੀਂ ਜਾਣਦੇ ਕਿ ਪਿਛਲੇ 12-1300 ਸਾਲ ਅੰਦਰ ਜਾਂ ਤਾਂ ਬ੍ਰਾਹਮਣਾਂ ਦੇ ਗ੍ਰੰਥ ਜੀਵਤ ਸਨ ਜਾਂ ਫਿਰ ਕੁਰਾਨ। ਮੁਗਲ ਰਾਜ ਵਿਚ ਬ੍ਰਾਹਮਣ ਵਰਗ ਨੇ ਰਾਜਪੂਤੀ ਖੂਨੀ ਮਿਲਾ ਦਿੱਤਾ ਸੀ। ਤਦ ਵੀ ਬ੍ਰਾਹਮਣ ਸ਼ੂਦਰਾਂ ਨੂੰ ਭਿਆਨਕ ਸਜਾਵਾਂ ਨਹੀਂ ਸੀ ਦੇ ਸਕਦੇ। ਉਹ ਫਿਰ ਵੀ ਜੋ ਕਰ ਸਕੇ, ਇਹੀ ਸੀ ਕਿ ਬ੍ਰਾਹਮਣੀ ਵਿਵਸਥਾ ਵਿਰੁੱਧ ਮਨੁੱਖੀ ਬਰਾਬਰੀ, ਆਜ਼ਾਦੀ ਅਤੇ ਪ੍ਰੇਮ ਭਾਈਚਾਰੇ ਨੂੰ ਸਮਰਪਿਤ ਗ੍ਰੰਥ ਤਿਆਰ ਕਰ ਦੇਣ ਦੇ ਬਦਲੇ, ਸੌ ਢੰਗ ਵਰਤ ਕੇ ਗੁਰੂ ਜੀ ਦੀ ਬਲੀ ਲੈ ਸਕੇ। ਉਹ ਬਲੀ ਵੀ ਲੈਂਦੇ ਹਨ, ਬਰਬਾਦੀ ਵੀ ਕਰਦੇ ਹਨ, ਦੋਸ਼ ਵੀ ਕਿਸੇ ਦੂਸਰੇ ਦੇ ਮੂੰਹ ਤੇ ਮਲ ਦਿੰਦੇ ਹਨ।

ਗੁਰੂ ਗ੍ਰੰਥ ਜਿਸਨੂੰ ਸੰਸਾਰ ਦਾ ਕੋਈ ਵੀ ਮਨੁੱਖ ਪੜ੍ਹ ਸਕਦਾ ਸੀ, ਸੁਣ ਸਕਦਾ ਸੀ, ਚਾਹੇ ਉਹ ਅਛੂਤ, ਮੁਸਲਮਾਨ, ਮੁਗਲ, ਗੁਲਾਮ ਕੋਈ ਵੀ ਸੀ, ਉਸ 'ਤੇ ਆਪਦਾ ਅਧਿਕਾਰ ਰੱਖਦਾ ਸੀ। ਜਦੋਂ ਕਿ ਬ੍ਰਾਹਮਣ ਦੇ ਗ੍ਰੰਥ ਕੇਵਲ ਬ੍ਰਾਹਮਣ ਲਈ ਸਨ ਤੇ ਕੁਰਾਨ ਨੂੰ ਭਾਸ਼ਾ ਕਾਰਨ ਬਹੁਤ ਲੋਕ ਸਮਝ ਨਹੀਂ ਸਨ ਸਕਦੇ।

712 ਤੋਂ ਬਾਅਦ ਕਾਸਿਮ ਦੁਆਰਾ ਸਿੰਧ ਦੀ ਜਿੱਤ ਉਪਰੰਤ ਅਛੂਤ, ਸ਼ੂਦਰ ਲੱਖਾਂ ਵਿਚ ਮੁਸਲਮਾਨ ਬਣੇ। ਜਿਹਨਾਂ ਵਿਚ ਜੱਟ ਵੀ ਸਨ। ਉਹਨਾਂ ਨੇ ਹੀ ਸਾਲ ਬਾਅਦ ਪੂਰਾ ਭਾਰਤ ਜਿੱਤਿਆ, ਕਿਉਂਕਿ ਬ੍ਰਾਹਮਣਾਂ ਕੋਲ ਲੜਨ ਨੂੰ ਕੱਲੇ ਕਸ਼ੱਤਰੀ ਸਨ। ਜੋ ਸਤੇ ਹੋਏ ਸ਼ੂਦਰਾਂ ਦਾ ਮੁਕਾਬਲਾ ਨਹੀਂ ਸੀ ਕਰ ਸਕਦੇ। ਜੋ ਸ਼ੂਦਰ ਬ੍ਰਾਹਮਣਾਂ ਕਸ਼ੱਤਰੀਆਂ ਤੋਂ ਬੁਰੀ ਤਰ੍ਹਾਂ ਤੰਗ ਸਨ, ਉਹਨਾਂ ਨੇ ਕਾਸਿਮ ਦਾ ਸਾਥ ਦੇ ਕੇ ਬ੍ਰਾਹਮਣਾਂ ਕਸ਼ੱਤਰੀਆਂ ਦੀ ਕੰਡੀ ਤੋੜੀ। ਇਸਲਾਮੀ ਰਾਜ 13ਵੀਂ ਸਦੀ ਦੇ ਗੁਲਾਮ ਵੰਸ਼ ਤੱਕ ਰਿਹਾ। ਜਦੋਂ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਸ਼ੁਰੂ ਹੋਈ, 400 ਸਾਲ ਬਾਅਦ ਗੁਰੂ ਅਰਜਨ ਦੇਵ ਜੀ ਨੇ 1200 ਸਾਲ ਦੀ ਬੰਜਰ ਤੇ ਬੇਕਿਰਕ ਭੂਮੀ ਤੇ ਗੁਰੂ ਗ੍ਰੰਥ ਸਾਹਿਬ ਵਰਗੇ ਸਾਂਝੇ ਗ੍ਰੰਥ ਦੀ ਰਚਨਾ ਕੀਤੀ, ਜਿਸਨੇ ਬਾਕੀ ਗੁਲਾਮ ਸ਼ੂਦਰਾਂ ਨੂੰ ਬ੍ਰਾਹਮਣੀ ਦਾਬੇ ਹੇਠੋਂ ਖਿੱਚਿਆ ਤੇ ਆਪਣੇ ਪਾਰਬ੍ਰਹਮੀ ਸਿਧਾਂਤ ਨਾਲ ਜੋੜਿਆ। ਸਭ ਨੂੰ ਇਕੱਠੇ ਕੀਤਾ। ਊਚ ਨੀਚ ਦਾ ਫਸਤਾ ਵੱਢਿਆ। ਵਿੱਦਿਆ ਦਾ ਅਧਿਕਾਰ ਸਾਂਝਾ ਕੀਤਾ। ਸੁਣਨਾ, ਪੜ੍ਹਨਾ, ਦੇਖਣਾ, ਬੋਲਣਾ, ਗਾਉਣਾ ਤੇ ਜਾਨਣਾ ਅਧਿਕਾਰ ਬਣਾਇਆ। ਜੋ ਬ੍ਰਾਹਮਣੀ ਵਿਵਸਥਾ ਨੂੰ 90 ਡਿਗਰੀ 'ਤੇ ਸਿੱਧਾ ਕੱਟਦਾ ਸੀ। ਲੋਕਾਂ ਨੂੰ ਪ੍ਰੇਮ ਮਿਲਿਆ। ਉਹ ਭਾਈਬੰਦ ਬਣੇ। ਛੂਤ ਛਾਤ ਤੋਂ ਮੁਕਤ ਹੋਏ। ਸਭ ਲਈ ਦਰਵਾਜ਼ੇ ਖੁੱਲ੍ਹ ਗਏ। ਉੱਚੇ ਨੀਵੇਂ ਭਾਈ ਵੀਰ ਬਣ ਗਏ, ਸੰਗਤ ਜੁੜੀ, ਪੰਗਤ ਲੱਗੀ ਤੇ ਇਕ ਮਜੀਠੀ ਰੰਗ ਚੜ੍ਹਨ ਲੱਗਾ। ਗੁਰੂ ਗ੍ਰੰਥ ਆਪਣੇ ਆਪ ਵਿਚ ਹੀ ਇਕ ਸਮਾਜਿਕ ਇਨਕਲਾਬ ਸੀ। ਉਸਦੀ ਸਜ਼ਾ ਭੁਗਤੀ ਗੁਰੂ ਨੇ। ਬਲੀ ਦੇ ਕੇ, ਤਸੀਹੇ ਝੱਲ ਕੇ। ਮੂੰਹ ਕਾਲਾ ਰਾਜੇ ਦਾ ਹੋ ਗਿਆ। ਕਰਤੂਤ ਕਿਸੇ ਦੀ, ਸਜ਼ਾ ਕਿਸੇ ਨੂੰ।

ਮੈਂ ਬਤੌਰ ਸਿੱਖ ਜਨਮ ਹੀ ਨਹੀਂ ਲਿਆ, ਪੰਜਾਬੀ ਦਾ ਅਧਿਆਪਕ ਰਿਹਾ ਹਾਂ। ਹਜ਼ਾਰਾਂ ਪੁਸਤਕਾਂ ਪੜ੍ਹੀਆਂ ਹਨ ਅਤੇ 21-22 ਪੁਸਤਕਾਂ ਲਿਖੀਆਂ ਹਨ। ਭਾਰਤੀ ਲੋਕ ਨੀਚ ਕਿਵੇਂ ਬਣੇ ਸਮੇਤ। ਇਸ ਲਈ ਮੇਰਾ ਕਹਿਣਾ ਹੈ ਕਿ ਸਿੱਖਾਂ ਨੇ ਗੁਰੂ ਦੀ ਬਲੀ ਨੂੰ ਸ਼ਹੀਦੀ ਦਾ ਨਾਂ ਦੇ ਕੇ, ਦੁਸ਼ਮਣ ਜਮਾਤ 'ਤੇ ਪਰਦਾ ਪਾ ਦਿੱਤਾ। ਸਿੱਖ ਸ਼ਹੀਦੀ ਵਾਲੇ ਦਿਨ ਠੰਢੇ ਤੇ ਮਿੱਠੇ ਪਾਣੀ ਦੀਆਂ ਹਜ਼ਾਰਾਂ ਛਬੀਲਾਂ ਲਾ ਕੇ, ਭਿਆਨਕ ਇਤਿਹਾਸਕ ਕਾਂਡ ਦਾ ਬਿਸਤਰਾ ਗੋਲ ਕਰ ਦਿੰਦੇ ਹਨ। ਜਦੋਂ ਕਿ ਚਾਹੀਦਾ ਇਹ ਸੀ ਕਿ ਉਸ ਦਿਨ ਨੂੰ ਗੁਰੂ ਗ੍ਰੰਥ ਦੀ ਮਹਾਨ ਰਚਨਾ ਅਤੇ ਉਸ ਖਾਤਰ ਲਈ ਬਲੀ ਨਾਲ ਜੋੜ ਕੇ ਇਤਿਹਾਸ ਤੋਂ ਜਾਣੂ ਕਰਵਾਇਆ ਜਾਂਦਾ। ਭਾਵੇਂ ਸਿੱਖਾਂ ਲਈ ਇਹ ਸਭ ਕਰਨਾ ਸੌਖਾ ਨਹੀਂ, ਕਿਉਂਕਿ ਸਿੱਖਾਂ ਅੰਤਰ ਜਾਤ ਪਾਤ ਉਸੇ ਤਰ੍ਹਾਂ ਹੈ, ਜਿਵੇਂ ਹਿੰਦੂਆਂ ਵਿਚ। ਹਿੰਦੂ ਕਿਤੇ ਵੀ ਜਾਵੇ, ਰਹੇ ਆਪਣੀ ਜਾਤ ਗੋਤ ਆਪਦੇ ਨਾਲ ਛੱਜ ਵਾਂਗ ਘੜੀਸ ਕੇ ਲੈ ਜਾਂਦਾ ਹੈ ਤੇ ਫਿਰ ਖੜਕਾ ਕੇ ਬੂਹੇ ਨਾਲ ਲਟਕਾ ਦਿੰਦਾ ਹੈ। ਉਵੇਂ ਸਿੱਖ ਹਨ। ਇਹ ਰੋੜੇ, ਖੱਤਰੀ ਜੱਟ ਜੋ ਵੀ ਹੋਣ ਗੋਤ ਨੂੰ ਹਨੂੰਮਾਨ ਵਾਂਗ ਉਠਾ ਕੇ ਰੱਖਦੇ ਹਨ। ਅਜਿਹੇ ਲੋਕ ਗੁਰੂ ਗ੍ਰੰਥ ਸਾਹਿਬ ਦਾ ਸਹੀ ਇਤਿਹਾਸ ਨਹੀਂ ਦੱਸ ਸਕਦੇ ਕਿਉਂਕਿ ਗੁਰੂ ਗ੍ਰੰਥ ਸਾਹਿ ਮੌਰੀਅਨ ਸ਼ੂਦਰ ਰਾਜ ਦੇ 12-1300 ਸਾਲ ਬਾਅਦ ਰਚਿਆ ਗਿਆ। ਉਹ ਇਤਿਹਾਸ ਹੈ ਜੋ ਬ੍ਰਾਹਮਣਸ਼ਾਹੀ ਤੋਂ ਮੁੜ ਮੁਕਤ ਕਰਦੈ। ਵਿਚਾਰਧਾਰਾ ਨਾਲ ਭਰਿਆ ਪਿਆ ਹੈ ਜੋ ਆਜ਼ਾਦੀ ਦੇ ਸੰਗਰਾਮ ਦੇ ਵਰਤਾਰਿਆਂ ਦਾ ਸਮੂਹ ਹੈ ਜੋ ਮਨੁੱਖ ਨੂੰ ਪਹਿਲੇ ਸ਼ਬਦ ਤੋਂ ਹੀ ਇਕ ਮੰਨ ਕੇ ਤੁਰਦਾ ਹੈ। 90 ਫੀਸਦੀ ਸਿੱਖ ਚਾਹੇ ਨੀਵੀਂ ਜਾਤ ਦੇ ਵੀ ਹੋਣ, ਆਪਣੀ ਜਾਤ ਦੀ ਪੂਛ ਨੀਵੀਂ ਨਹੀਂ ਕਰਦੇ।

ਮੈਂ ਗੁਰੂ ਗ੍ਰੰਥ ਨੂੰ ਪਿਆਰ ਕਰਦਾ ਹਾਂ, ਪੂਜਣ ਲਈ ਨਹੀਂ, ਆਜ਼ਾਦੀ ਲਈ, ਬਰਾਬਰੀ ਲਈ, ਮਨੁੱਖੀ ਪ੍ਰੇਮ ਲਈ, ਭਾਈ ਵੀਰ ਬਣਨ ਲਈ। ਕੁਮੱਤ, ਕੁਬੱਧ, ਕੁਮਾਰਗ, ਅਧਰਮ, ਦੁਸ਼ਟਤਾ, ਊਚ ਨੀਚ, ਜਾਤ ਵਰਣ, ਗਵਾਰਪੁਣਾ, ਮੂਰਖਤਾਵਾਂ, ਲੱਚਰਤਾਵਾਂ, ਹੰਕਾਰ, ਕਾਮ ਕ੍ਰੋਧ ਲੋਭ ਮੋਹ ਤੇ ਦਵੈਤ, ਸਾੜ, ਈਰਖਾ ਛੱਡ ਕੇ, ਵਧੀਆ ਤੇ ਨਿਰਮਲ ਮਨੁੱਖ ਬਣ ਜਾਣ ਲਈ। ਮੈਂ ਜਾਣਦਾ ਹਾਂ ਕਿ ਗੁਰੂ ਗ੍ਰੰਥ ਅੰਦਰ ਕੀ ਹੈ। ਤੇ ਗੁਰੂ ਗ੍ਰੰਥ ਦਾ ਮਾਰਗ ਕੀ ਹੈ, ਕਿਹਨਾਂ ਲਈ ਹੈ, ਕਿਸ ਲਈ ਹੈ। ਕਿਸੇ ਵੀ ਮਹਾਂ-ਗਿਆਨ ਨੂੰ ਇਸ ਕਰਕੇ ਨਹੀਂ ਤਿਆਗਿਆ ਜਾਂਦਾ ਕਿ ਇਸ 'ਤੇ ਚੰਗੇ ਲੋਕਾਂ ਦਾ ਕਬਜ਼ਾ ਨਹੀਂ ਹੈ। ਹੀਰਾ ਤਾਂ ਹੀਰਾ ਹੈ। ਸਥਾਨ ਨਾਲ ਇਸਨੂੰ ਫਰਕ ਨਹੀਂ ਪੈਂਦਾ। ਸਿੱਖ ਕੀ ਹਨ, ਇਸ ਪ੍ਰਸ਼ਨ ਨਾਲ ਹੀ ਸਾਡਾ ਵਾਸਤਾ ਨਹੀਂ। ਸਾਡਾ ਵਾਸਤਾ ਹੈ ਗੁਰੂ ਗ੍ਰੰਥ ਦੀਆਂ ਸਿਆਣਪਾਂ ਅਤੇ ਮਨੁੱਖੀ ਨਿਰਮਾਤਾ ਦੇ ਉਦੇਸ਼ ਨਾਲ। ਜਿੱਥੇ ਦੁਸ਼ਟਤਾ ਕਰਨ ਲਈ ਸੂਈ ਭਰ ਵੀ ਥਾਂ ਨਹੀਂ। ਸੂਈ ਭਰ ਵੀ ਨਹੀਂ।

ਮੇਰਾ ਭਰੋਸਾ ਸੰਤ ਗੁਰੂ ਦੀਆਂ ਉਤਮ ਸਿਆਣਪਾਂ 'ਤੇ ਹੈ ਤੇ ਇਸ ਮਹਾਨਤਾ 'ਤੇ ਕਿ 12-1400 ਸਾਲ ਬਾਅਦ ਮੁੜ ਸੁਰਜੀਤ ਹੋਈਆਂ ਵਿਦਵਤਾਵਾਂ, ਬੁੱਧੀਮਾਨੀਆਂ, ਮੱਤਾਂ, ਸਿਆਣਪਤਾਂ, ਨਿਰਮਲਤਾਵਾਂ ਦੇ ਇਕ ਗ੍ਰੰਥ ਵਜੋਂ ਸਾਡੀ ਅਗਵਾਈ ਕੀਤੀ। ਅਸੀਂ ਨਿਕੰਮੇ ਨਿਕਲੇ, ਨਿਕੰਮੇ ਹਾਂ, ਜਾਤੀਵਾਦੀ ਤੇ ਹੰਕਾਰੀ ਹਾਂ। ਲੁਟੇਰੇ ਤੇ ਮਾਇਆਧਾਰੀ ਹੀ ਨਹੀਂ, ਪਾਖੰਡੀ ਹਾਂ, ਅਡੰਬਰੀ ਹਾਂ, ਅੰਧ ਵਿਸ਼ਵਾਸੀ ਤੇ ਮੰਦਬੁੱਧੀ ਹਾਂ। ਅਸੀਂ ਹੀਰਿਆਂ ਨੂੰ ਕੱਚ ਬਣਾ ਧਰਿਆ। ਪ੍ਰੰਤੂ ਜੌਹਰੀਆਂ ਵਾਸਤੇ ਹੀਰੇ ਕੱਚ ਨਹੀਂ ਹੁੰਦੇ। ਗੁਰੂ ਗ੍ਰੰਥ ਸਾਡੀ ਆਜ਼ਾਦੀ, ਬਰਾਬਰੀ, ਨਿਰਮਲਤਾ, ਭਾਈਚਾਰੇ, ਪ੍ਰੀਤ ਪ੍ਰੇਮ ਤੇ ਸਿਆਣਪਤਾ ਦੀ ਗੰਢ ਸੀ ਜੋ ਅੱਧ ਵੀ ਹੈ। ਅਸੀਂ ਮੂਰਖ ਹੋ ਜਾਈਏ ਤਾਂ ਗੁਰੂ ਦਾ ਕਸੂਰ ਨਹੀਂ। ਸੁਧਰਨ ਲਈ ਕੁਝ ਵੀ ਬਾਕੀ ਨਹੀਂ ਰਿਹਾ, ਫਿਰ ਵੀ ਗੁਰੂ ਗ੍ਰੰਥ ਹਰ ਇਕ ਮਾਨਵਤਾਵਾਦੀ ਯੁੱਗ ਦੀ ਅਗਵਾਈ ਕਰਦਾ ਰਹੇਗਾ।



ਸ੍ਰੀ ਸੋਮ ਨਾਥ ਭਾਟੀਆ ਜੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ, ਕੈਲੇਫੋਰਨੀਆ ਦੇ ਨਵੇਂ ਪ੍ਰਧਾਨ ਬਣੇ ਹਨ। ਅਗਲੇ ਅੰਕ ਵਿਚ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

# ਛੋਟੀ ਉਮਰੇ ਗੀਤਕਾਰੀ ਵਿੱਚ ਪ੍ਰਵਾਨ ਚੜ੍ਹਿਆ ਨਾਂਉ- ਪ੍ਰੀਤ ਮਾਨਸਾ



ਪ੍ਰੀਤਮ ਲੁਧਿਆਣਵੀ
+91-9876428641




ਗੀਤਕਾਰੀ ਖੇਤਰ ਵਿੱਚ, ਛੋਟੀ ਉਮਰੇ ਵੱਡੀਆਂ ਪੁਲਾਂਘਾਂ ਪੁੱਟਕੇ, ਗੀਤਕਾਰਾਂ ਦੀ ਕਤਾਰ ਵਿੱਚ ਪ੍ਰਵਾਨ ਚੜਿਆ ਇਕ ਹੋਰ ਨਾਂਉ ਹੈ-ਪ੍ਰੀਤ ਮਾਨਸਾ। ਮਾਨਸਾ ਸ਼ਹਿਰ ਦੇ ਜੰਮਪਲ ਇਸ ਨੌਜਵਾਨ ਨੂੰ ਗੀਤਕਾਰੀ ਦੀ ਚੇਟਕ ਦਸਵੀਂ ਜਮਾਤ ਵਿੱਚ ਪੜਦਿਆਂ, ਚੜਦੀ ਜਵਾਨੀ ਵਿੱਚ ਹੀ ਲੱਗ ਗਈ ਸੀ। ਹੁਣ ਤੱਕ ਉਸ ਦੇ ਦਰਜਨਾਂ ਗੀਤ ਰਿਕ-ਾਰਡ ਹੋ ਚੁੱਕੇ ਹਨ, ਪਰ ਜਿਹਨਾਂ ਗੀਤਾਂ ਨੇ ਉਸ ਨੂੰ ਵਧੀਆ ਗੀਤਕਾਰਾਂ ਦੀ ਕਤਾਰ ਵਿੱਚ ਖੜਾ ਕੀਤਾ, ਉਸ ਦੇ ਉਹ ਗੀਤ ਹਨ 'ਪ੍ਰਪੋਜ' ਅਤੇ ''ਕੈਦਾ ਕੱਚੀ ਦਾ''। ਆਪਣੇ ਨਾਮ ਨਾਲ ਆਪਣੇ ਸ਼ਹਿਰ ਦਾ ਨਾਂਉ ਜੋੜਕੇ ਆਪਣੇ ਸ਼ਹਿਰ ਨੂੰ ਪੂਰੀ ਦੁਨੀਆਂ ਵਿੱਚ ਮਸ਼ਹੂਰ ਕਰਨ ਦੇ ਚਾਹਵਾਨ ਪ੍ਰੀਤ ਨੇ ਸੰਗਦਿਲ ਸੰਤਾਲੀ ਅਤੇ ਫਤਿਹ ਸ਼ੇਰਗਿਲ ਦੀ ਗੀਤਕਾਰੀ ਤੋਂ ਪ੍ਰੇਰਿਤ ਹੋਕੇ ਲਿਖਣ ਦੀ ਸ਼ੁਰੂਆਤ ਕੀਤੀ। ਉਸ ਦੇ ਗੀਤ ਹੁਣ ਤੱਕ ਗਾਇਕ ਰੇਸ਼ਮ ਸਿੰਘ ਅਨਮੋਲ, ਮਨਪ੍ਰੀਤ ਸੰਧੂ, ਦੀਪ ਢਿੱਲੋਂ, ਨੀਤੂ ਭੱਲਾ, ਮਿੰਟੂ ਧੂਰੀ, ਰਾਜਾ ਸਿੱਧੂ, ਮਨਮੋਹਨ ਸਿੱਧੂ, ਸੁਖਵੀਰ ਸੰਧੂ, ਜੁਗਨੀ ਢਿੱਲੋਂ, ਬਲਜਿੰਦਰ ਬਾਵਾ, ਗੁਰਸਿਮਰਨ ਮਹਿਰਾ ਆਦਿ ਦੀ ਆਵਾਜ਼ ਵਿੱਚ ਰਿਕਾਰਡ ਹੋ ਚੁੱਕੇ ਹਨ। ਆਉਣ ਵਾਲੇ ਦਿਨਾਂ ਵਿੱਚ ਉਸ ਦੇ ਲਿਖੇ ਗੀਤ, ਰਾਏ ਜੁਝਾਰ, ਰਿਮਜ਼ ਜੇ., ਐਸ. ਬੀ. ਅਰਮਾਨ, ਮਨਜੀਤ ਰੂਪੋਵਾਲੀਆ, ਸੰਗਰਾਮ, ਦੀਪ ਢਿੱਲੋਂ, ਪ੍ਰੀਤ ਬਰਾੜ ਅਤੇ ਦੀਪਕ ਢਿੱਲੋਂ ਆਦਿ ਹੋਰ ਵੀ ਨਾਮੀ ਕਲਾਕਾਰਾਂ ਦੀ ਆਵਾਜ਼ ਵਿੱਚ ਆ ਰਹੇ ਹਨ। ਹੰਸਾ ਸਿੰਘ ਪਿਤਾ ਦੇ ਘਰ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਪੱਚੀ ਵਰੇ ਪਹਿਲਾਂ ਮਾਨਸਾ ਜਿਲੇ ਵਿੱਚ ਜਨਮੇ ਇਸ ਪ੍ਰੀਤ ਦੀ ਕਲਮ ਇਥੇ ਹੀ ਬੱਸ ਨਹੀਂ, ਜੱਸੀ ਗਿੱਲ, ਗਿੱਪੀ ਗਰੇਵਾਲ ਅਤ ਕੌਰ ਬੀ. ਵਰਗੇ ਉੱਚ-ਕੋਟੀ ਦੇ ਕਲਾਕਾਰਾਂ ਦੀ ਆਵਾਜ਼ ਵਿੱਚ ਗੀਤ ਰਿਕਾਰਡ ਕਰਵਾਉਣ ਦਾ ਸੁਪਨਾ ਵੀ ਬਹੁਤ ਜਲਦੀ ਹੀ ਪੂਰਾ ਹੋਣ ਵਾਲਾ ਹੈ, ਉਸ ਦਾ। ਇਸਤੋਂ ਇਲਾਵਾ, ਕੀਤੇ ਜਾ ਰਹੇ ਉਸ ਦੇ ਉਪਰਾਲੇ ਇਹ ਵੀ ਦੱਸਦੇ ਹਨ ਕਿ ਉਸ ਦੇ ਲਿਖੇ ਗੀਤ ਨਿਕਟ ਭਵਿੱਖ ਵਿੱਚ ਦੋ ਪੰਜਾਬੀ ਫਿਲਮਾਂ ਵਿੱਚ ਵੀ ਉਸਦੇ ਪ੍ਰਸ਼ੰਸਕਾਂ ਨੂੰ ਸੁਨਣ ਨੂੰ ਮਿਲਣਗੇ।

ਇਕ ਸਵਾਲ ਦਾ ਜੁਵਾਬ ਦਿੰਦਿਆਂ ਪ੍ਰੀਤ ਮਾਨਸਾ ਨੇ ਦੱਸਿਆ ਕਿ ਅੱਜ ਕੱਲ ਉਹ ਗੁਰੂ ਨਾਨਕ ਕਾਲਜ, ਬੁਢਲਾਡਾ ਵਿਖੇ, ਸੰਗੀਤਕ ਵਿੱਦਿਆ ਪ੍ਰੋ: ਨਰਿ-ੰਦਰਪਾਲ ਸਿੰਘ ਅਤੇ ਪ੍ਰੋ: ਮਨਪ੍ਰੀਤ ਸਿੰਘ ਤੋਂ ਹਾਸਲ ਕਰ ਰਿਹਾ ਹੈ। ਆਪਣੇ ਪ੍ਰੀਵਾਰ ਨਾਲ ਸ਼ਹਿਰ ਮਾਨਸਾ ਵਿਖੇ ਰਹਿ ਰਿਹਾ ਪ੍ਰੀਤ ਇਸ ਮੁਕਾਮ ਤਕ ਪਹੁੰਚਣ ਲਈ ਆਪਣੇ ਵੱਡੇ ਵੀਰ ਦੀਪ ਮਾਨਸਾ ਦੇ ਨਾਲ-ਨਾਲ ਕੁਲਵਿੰਦਰ ਗੁਰੂ, ਮਲਕੀਤ ਖੋਖਰ, ਸੋਨੂੰ ਕੈਲੋ ਅਤੇ ਅੰਮ੍ਰਿਤਪਾਲ ਗੋਗਾ ਵਰਗੇ ਪਿਆਰੇ ਦੋਸਤਾਂ ਦੇ ਭਰਪੂਰ ਸਹਿਯੋਗ ਲਈ ਉਹਨਾ ਉਤੇ ਰੱਬ ਵਰਗਾ ਮਾਣ ਕਰਦਾ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਭ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਅਤਿ ਧੰਨਵਾਦੀ ਹਾਂ ਜਿਹਨਾਂ ਨੇ ਗੁਰਦੁਆਰਾ ਸਾਹਿਬ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਫਿਰ ਦੁਬਾਰਾ ਸੇਵਾ ਕਰਨ ਦਾ ਮਾਣ ਬਖਸ਼ਿਆ

# ਭੁਪਿੰਦਰ ਸਿੰਘ (ਬੌਬ) ਢਿੱਲੋਂ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਭ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ






ਲਹਿੰਬਰ ਸਿੰਘ ਸੰਧੂ

ਮਹਿੰਗਾ ਸਿੰਘ ਸਰਪੰਚ

ਸੰਧੂ ਬ੍ਰਦਰਜ਼- ਲਹਿੰਬਰ ਸਿੰਘ ਸੰਧੂ ਅਤੇ ਮਹਿੰਗਾ ਸਿੰਘ ਸਰਪੰਚ

## ਮਹਿੰਗਾ ਸਿੰਘ ਸਰਪੰਚ ਅਤੇ ਲਹਿੰਬਰ ਸਿੰਘ ਸੰਧੂ ਅਤੇ ਸਮੂਹ ਪਰਿਵਾਰ

# ਸੈਨਹੋਜੇ ਗੁਰਦੁਆਰਾ ਸਾਹਿਬ ਦੀਆਂ ਵਕਾਰੀ ਚੋਣਾਂ ਵਿੱਚ ਮੌਜੂਦਾ ਪ੍ਰਬੰਧਕਾਂ ਦੀ ਹੂੰਝਾ ਫੇਰ ਜਿੱਤ

**ਸੈਨਹੋਜੇ:** –ਦੁਨੀਆ ਭਰ ਵਿੱਚ ਸਿੱਖੀ ਦੇ ਪ੍ਰਚਾਰ ਦਾ ਵੱਡਾ ਕੇਂਦਰ ਬਣ ਚੁੱਕੇ ਅਤੇ ਉੱਤਰੀ ਅਮਰੀਕਾ ਦੇ ਸਭ ਤੋ ਵੱਡੇ ਗੁਰਦੁਆਰਾ ਸੈਨਹੋਜੇ ਦੀਆਂ ਲੰਘੇ ਐਤਵਾਰ ਹੋਈਆਂ ਚੋਣਾਂ ਵਿੱਚ ਮੌਜੂਦਾ ਪ੍ਰਬੰਧਕ ਕਮੇਟੀ ਦੇ ਉਮੀਦਵਾਰਾ ਨੇ ਸੁਧਾਰ ਕਮੇਟੀ ਦੇ ਉਮੀਦਵਾਰਾ ਨੂੰ ਤਕਰੀਬਨ 1500 ਤੋਂ ਵੱਧ ਫਰਕ ਨਾਲ ਹਰਾ ਕੇ ਹੂੰਝਾ ਫੇਰ ਜਿੱਤ ਹਾਸਲ ਕੀਤੀ ਹੈ। ਇਸ ਚੋਣ ਵਿੱਚ ਮੌਜੂਦਾ ਪ੍ਰਬੰਧਕ ਕਮੇਟੀ ਦੇ ਸਾਰੇ ਉਮੀਦਵਾਰ ਜਿਨਾ ਵਿੱਚ ਹਰਦੇਵ ਸਿੰਘ ਤੱਖਰ, ਭੁਪਿੰਦਰ ਸਿੰਘ ਢਿੱਲੋ,ਪ੍ਰੀਤਮ ਸਿੰਘ ਗਰੇਵਾਲ, ਸੁਖਦੇਵ ਸਿੰਘ ਬੈਣੀਬਾਲ, ਰਾਜਿੰਦਰ ਸਿੰਘ ਮੰਗਰ,ਡਾ ਗੁਰਿੰਦਰਪਾਲ ਸਿੰਘ, ਸੁਰਜੀਤ ਸਿੰਘ ਬੈਂਸ, ਸਰਬਜੋਤ ਸਿੰਘ ਸਵੱਦੀ, ਕਿਰਪਾਲ ਸਿੰਘ ਅਟਵਾਲ, ਭਾਈ ਧਰਮ ਸਿੰਘ, ਬਲਬੀਰ ਸਿੰਘ ਬੈਂਸ, ਗੁਰਬਖਸ਼ ਸਿੰਘ ਢਿੱਲੋਂ, ਨਰਿੰਦਰਪਾਲ ਸਿੰਘ, ਸੋਹਣ ਸਿੰਘ ਧਨੋਤਾ,ਨੀਟੂ ਸਿੰਘ ਕਾਹਲੋਂ, ਨਰਿੰਦਰ ਕੌਰ ਮਹੇੜੂ, ਪ੍ਰਿਤਪਾਲ ਕੌਰ, ਡਾ ਬਲਬੀਰ ਸਿੰਘ ਬੈਂਸ, ਇਕਬਾਲਜੀਤ ਕੌਰ ਹੰਸਰਾ, ਗੁਰਪ੍ਰੀਤ ਸਿੰਘ ਸੇਠੀ ਅਤੇ ਬਹਾਦਰ ਸਿੰਘ ਦਿਉਲ ਵੱਡੇ ਫਰਕ ਨਾਲ ਚੋਣ ਜਿੱਤ ਗਏ ਹਨ।

ਇਸ ਸਮੇਂ ਗੁਰਦੁਆਰਾ ਸਾਹਿਬ ਦੇ ਜਰਨਲ ਸਕੱਤਰ ਅਤੇ ਸਲੇਟ ਦੇ ਮੁੱਖੀ ਭੁਪਿੰਦਰ ਸਿੰਘ ਢਿੱਲੋਂ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਨੇ ਸੱਚ ਅਤੇ ਕੱਚ ਦਾ ਨਿਤਾਰਾ ਕਰਕੇ ਸਾਡੇ ਵੱਲੋਂ ਕੀਤੇ ਕੰਮਾਂ ਤੇ ਮੋਹਰ ਲਾਈ ਹੈ। ਉਨ੍ਹਾਂ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਅਸੀਂ ਆਪਣੇ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਜ਼ਲਦੀ ਪੂਰੇ ਕਰਾਂਗੇ।

ਭਾਈ ਢਿੱਲੋਂ ਨੇ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਪੰਥ, ਗੁਰੂ ਗਰੰਥ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋ ਕੇ ਪਹਿਲਾਂ ਵਾਂਗ ਹੀ ਹਰ ਪੰਥਕ ਕਾਰਜ਼ ਵਿੱਚ ਵੱਧ ਚੱੜ ਕੇ ਹਿੱਸਾ ਲੈਂਦੀ ਰਹੇਗੀ।




















# ਸੈਨਹੋਜੇ ਗੁਰਦੁਆਰਾ ਸਾਹਿਬ ਦੀਆਂ ਵਕਾਰੀ ਚੋਣਾਂ ਦੇ ਕੁਝ ਝਲਕਾਰੇ






















# ਸੈਨਹੋਜੇ ਗੁਰਦੁਆਰਾ ਸਾਹਿਬ ਦੀਆਂ ਵਕਾਰੀ ਚੋਣਾਂ ਦੇ ਕੁਝ ਝਲਕਾਰੇ























# ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਵਕਾਰੀ ਚੋਣਾਂ ਦੇ ਕੁਝ ਝਲਕਾਰੇ
























# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਭ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਖੁਸ਼ੀ ਵਿਚ 6 ਸਤੰਬਰ (ਦਿਨ ਐਤਵਾਰ) ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ 4 ਸਤੰਬਰ (ਦਿਨ ਸ਼ੁੱਕਰਵਾਰ) ਨੂੰ ਆਰੰਭ ਕੀਤਾ ਜਾਵੇਗਾ ਅਤੇ ਐਤਵਾਰ ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਪੰਥ ਦੇ ਪ੍ਰਸਿੱਧ ਰਾਗੀ/ਢਾਡੀ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਨਗੇ ਅਤੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਪੰਥਕ ਵਾਰਾਂ ਨਾਲ ਨਿਹਾਲ ਕਰਨਗੇ। ਪ੍ਰਬੰਧਕ ਕਮੇਟੀ ਵੱਲੋਂ ਸਾਰਿਆਂ ਨੂੰ ਬੇਨਤੀ ਹੈ ਕਿ ਗੁਰੂ ਘਰ ਹਾਜ਼ਰੀ ਲਗਵਾਉਣ ਦੀ ਕਿਰਪਾਲਤਾ ਕਰਨ।

**6221-16th Street Rio Linda (Sacramento) California- 95673 (Ph) 916-992-1710**






## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਭ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

### ਵੱਲੋਂ: ਸਮੂਹ ਪ੍ਰਬੰਧਕ ਕਮੇਟੀ

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823
ਦਲਵਿੰਦਰ ਰੱਲ੍ਹ (ਕੈਸ਼ੀਅਰ)
530-933-3938

ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ
ਗੁਰੂ ਘਰ ਦਾ ਫੋਨ ਨੰਬਰ
**530-674-2564**

ਪ੍ਰਸ਼ੋਤਮ ਸੂਦ (ਚੇਅਰਮੈਨ)
530-845-4508
ਰਾਮ ਸੇਵਕ ਭਾਟੀਆ
530-701-4370

**SHRI GURU RAVIDASS TEMPLE 1480 HAYNE AVENUE, YUBA CITY, CA 95993**



Grant Line Insurance Agency, Inc.
DBA Sky High Insurance Agency
One stop shop for all your Insurance needs
License#0J06225
Costco
West Grant Line Rd
205
Lowell
ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।
ਹਫਤੇ ਦੇ 6 ਦਿਨ
ਸੋਮਵਾਰ ਤੋਂ ਸ਼ਨੀਚਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ
Call for Free Quote
209-263-0860
3244 W. Grant Line Rd., Tracy, CA 95304
Email: info@skyhighinsuranceagency.com
Website: www.skyhighinsuranceagency.com
ਜਸਵੀਰ ਕੌਰ ਬਰੋਕਰ 925-895-8140
ਮਨਦੀਪ ਬਿਆੜਾ ਏਜੰਟ 209-666-0032
ਗਗਨਦੀਪ ਸਿੰਘ ਏਜੰਟ 925-724-7070
ਹਰਮਨ ਸਿੰਘ ਏਜੰਟ 510-415-8154




Golden State Truck Sales Inc.
ਗੋਲਡਨ ਸਟੇਟ ਟਰੱਕ ਸੇਲਜ਼ ਇੰਕ.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।
Buy Quality Used Trucks
ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ
ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।
Call : Dharminder Singh
Cell : 530-870-6600
Fax : 530-405-1429
Email: myfuturetruck@gmail.com
2535 Front St. West Sacramento, CA 95691

## 'ਗੁਰੂ ਗ੍ਰੰਥ ਸਾਹਿਬ' ਜੀ ਦੇ 'ਸੰਪੂਰਨਤਾ' ਤੇ 'ਪਹਿਲੇ ਪ੍ਰਕਾਸ਼' ਪੁਰਬ ਨੂੰ ਸਮਰਪਿਤ

# 'ਸ਼ਬਦਾਂ ਦੀ ਵਿਦਵਤਾ ਹੀ 'ਸ਼ਬਦ ਗੁਰੂ' ਹੈ'



ਪ੍ਰੋ: ਐਚ.ਐਲ.ਕਪੂਰ
01- 916- 587-4002

'ਪੰਜਾਬੀ ਸਾਹਿਤ ਦੇ ਇਤਿਹਾਸ' 'ਚ ਸਤਾਰਵੀਂ ਸਦੀ ਦੇ ਕਾਲ ਨੂੰ 'ਪੰਜਾਬੀ ਸਾਹਿਤ ਦੇ ਇਤਿਹਾਸ' ਦਾ 'ਸੁਨਹਿਰੀ ਯੁੱਗ' ਕਿਹਾ ਜਾਂਦਾ ਹੈ, ਕਿਉਂਕਿ 1604 ਈਸਵੀ 'ਚ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਦੀ ਸੰਪਾਦਨਾ ਕੀਤੀ ਤੇ ਇਸ 'ਚ ਕੋਈ 36 ਮਹਾਂਪੁਰਸ਼ਾਂ ਦੀ ਕਾਵਿ ਰਚਨਾ, ਜਿਸ ਨੂੰ ਗੁਰਮਤਿ 'ਚ 'ਬਾਣੀ' ਦਾ ਨਾਮ ਦਿੱਤਾ ਗਿਆ ਹੈ, ਦਰਜ ਕਰਕੇ, ਇਕ ਮਹਾਨ ਕਾਰਜ ਕੀਤਾ ਸੀ। ਇਸ 'ਚ ਕੋਈ ਛੇ ਸੌ ਸਾਲਾਂ ਦੇ ਮਹਾਂਪੁਰਸ਼ਾਂ ਦੀਆਂ ਰਚਨਾਵਾਂ ਦਰਜ ਹਨ। ਸੰਸਾਰ ਦੇ ਸਾਹਿਤ ਦੇ ਇਤਿਹਾਸ 'ਚ ਕਿਸੇ ਅਜਿਹੇ ਧਾਰਮਿਕ ਗ੍ਰੰਥ ਦੀ ਹੋਰ ਰਚਨਾ ਦੀ ਮਿਸਾਲ ਨਹੀਂ ਮਿਲਦੀ। ਇਸ ਮਹਾਨ ਕਾਰਜ ਦਾ ਸਾਰਾ ਸਿਹਰਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਾਂਦਾ ਹੈ।

'ਗੁਰੂ ਗ੍ਰੰਥ ਸਾਹਿਬ' ਸੰਸਾਰ ਦਾ ਇਕ ਪਵਿੱਤਰ ਧਰਮ ਗ੍ਰੰਥ ਹੈ ਤੇ ਸਿੱਖਾਂ ਦਾ ਸਦੀਵੀ ਗੁਰੂ ਹੈ ਕਿਉਂਕਿ ਇਹ ਧਰਮ ਗ੍ਰੰਥ ਵਿਸ਼ਵ ਵਿਆਪੀ ਪੱਧਰ ਦੇ, ਧਰਮ ਦੇ ਬਿਲਕੁਲ ਅਨੁਕੂਲ ਹੈ। ਵਿਸ਼ਵ ਵਿਆਪੀ ਪੱਧਰ ਦੇ ਕਈ ਫਿਲਾਸਫ਼ਰ ਤੇ ਧਰਮ ਗੁਰੂ ਇਸ ਧਰਮ ਗ੍ਰੰਥ ਬਾਰੇ ਇਹ ਸੋਚਦੇ ਹਨ ਕਿ ਇਹ ਸੰਸਾਰ ਪੱਧਰ 'ਤੇ ਮਾਨਵਤਾ ਦਾ ਕਲਿਆਣ ਕਰਨ ਲਈ ਤੇ ਵਧੀਆ ਜੀਵਨ ਜਾਂਚ ਸਿਖਾਉਣ ਲਈ ਗੁਣਾਂ ਦਾ ਇਕ ਉਤਮ ਤੇ ਵਿਲੱਖਣ ਖ਼ਜ਼ਾਨਾ ਹੈ, ਕਿਉਂਕਿ ਇਹ ਸਿੱਖਾਂ ਦਾ ਗੁਰੂ ਹੈ, ਇਸ ਦਾ ਸਤਿਕਾਰ ਤੇ ਇਸ 'ਚ ਸ਼ਰਧਾ ਰੱਖਣਾ ਸਿੱਖ ਸੰਗਤ ਦਾ ਪਰਮ ਧਰਮ ਹੈ। ਸੰਨ 2004 'ਚ ਗੁਰੂ ਅਰਜਨ ਦੇਵ ਜੀ ਦੁਆਰਾ 'ਗੁਰੂ ਗ੍ਰੰਥ ਸਾਹਿਬ' ਦੀ ਕਰਾਈ ਗਈ ਸੰਪਾਦਨਾ ਦੇ 400 ਸਾਲ ਪੂਰੇ ਹੋਣ 'ਤੇ ਇਸ ਦੀ ਚਾਰ ਸੌ ਸਾਲਾ ਸ਼ਤਾਬਦੀ ਬੜੇ ਹਰਸ਼ੋ ਉਲਾਸ ਨਾਲ ਸੰਸਾਰ ਪੱਧਰ 'ਤੇ ਮਨਾਈ ਗਈ ਸੀ। ਸੰਨ 2004 'ਚ ਹੀ ਸਿੱਖ ਸੰਗਤ ਵੱਲੋਂ ਇਸ ਦੀ ਸੰਪੂਰਨਤਾ ਦੀ ਤਿੰਨ ਸੌ ਸਾਲਾ ਸ਼ਤਾਬਦੀ ਵੀ ਬੜੀ ਧੂੰਮ-ਧਾਮ ਨਾਲ ਮਨਾਈ ਗਈ ਸੀ। 'ਗੁਰੂ ਗ੍ਰੰਥ ਸਾਹਿਬ' ਦੀ ਸੰਪੂਰਨਤਾ 1704 ਈਸਵੀ 'ਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਾਈ ਮਨੀ ਸਿੰਘ ਜੀ ਤੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਵਾ ਕੇ ਦਮਦਮਾ ਸਾਹਿਬ ਵਿਖੇ ਕਰਵਾਈ ਸੀ। ਗੁਰੂ ਗ੍ਰੰਥ ਸਾਹਿਬ 'ਚ ਛੇਵੇਂ, ਸੱਤਵੇਂ ਤੇ ਅੱਠਵੇਂ ਗੁਰੂ ਸਾਹਿਬਾਨ ਦੀ ਬਾਣੀ ਦਰਜ ਨਹੀਂ ਹੈ ਕਿਉਂਕਿ ਉਹਨਾਂ ਨੇ ਬਾਣੀ ਦੀ ਰਚਨਾ ਕੀਤੀ ਹੀ ਨਹੀਂ।

ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਕਾਵਿ ਰਚਨਾ ਨੂੰ ਬੜੇ ਸਤਿਕਾਰ ਨਾਲ 'ਗੁਰਬਾਣੀ' ਕਿਹਾ ਜਾਂਦਾ ਹੈ। ਇਸ ਦਾ ਅਰਥ ਹੈ ਗੁਰੂ ਸਾਹਿਬ ਜੀ ਵੱਲੋਂ ਕਹੇ ਗਏ ਸ਼ਬਦ ਜੋ ਗੁਰੂ ਗ੍ਰੰਥ ਸਾਹਿਬ 'ਚ ਦਰਜ ਹਨ। ਇਹਨਾਂ ਸ਼ਬਦਾਂ ਨੂੰ ਗਾ ਕੇ ਜਾਂ ਪੜ੍ਹ ਕੇ ਜਾਂ ਇਹਨਾਂ ਦੀ ਵਿਆਖਿਆ ਕਰਕੇ ਇਹਨਾਂ 'ਚ ਦਿੱਤੇ ਗਏ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਸੰਗਤਾਂ 'ਚ ਪਹੁੰਚਾਇਆ ਜਾਂਦਾ ਹੈ। ਸਿੱਖ ਧਰਮ 'ਚ ਇਹਨਾਂ 'ਸ਼ਬਦਾਂ ਦੀ ਵਿਦਵਤਾ' ਨੂੰ ਹੀ ਗੁਰੂ ਕਿਹਾ ਜਾਂਦਾ ਹੈ ਨਾ ਕਿ ਕਿਸੇ ਇਨਸਾਨ ਨੂੰ, ਜੋ ਦੇ-ਹਧਾਰੀ ਹੋਵੇ। ਸਮੇਂ-ਸਮੇਂ 'ਤੇ ਪੈਦਾ ਹੋਏ ਸੰਤ ਮਹਾਂਪੁਰਸ਼ਾਂ ਦੇ ਮੁਖਾਰਬਿੰਦ 'ਚੋਂ ਨਿਕਲੇ ਹੋਏ ਸ਼ਬਦਾਂ ਨੂੰ ਦੈਵੀ ਸੰਦੇਸ਼ ਜਾਂ ਆਕਾਸ਼ਵਾਣੀ ਦੇ ਤੌਰ ਤੇ ਪ੍ਰਗਟ ਕੀਤਾ ਜਾਂਦਾ ਹੈ। ਜਿਹੜੀ ਕਾਵਿ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ 'ਚ ਦਰਜ ਨਹੀਂ ਕੀਤਾ ਗਿਆ, ਉਸ ਨੂੰ ਗੁਰੂ ਸਾਹਿਬ ਦੀ ਬਾਣੀ ਨਹੀਂ ਮੰਨਿਆ ਜਾਂਦਾ ਤੇ ਉਸ 'ਚ ਦਰਜ ਸੰਦੇਸ਼ਾਂ ਨੂੰ ਗੁਰੂ ਸਾਹਿਬਾਨ ਦੇ ਸੰਦੇਸ ਵੀ ਨਹੀਂ ਮੰਨਿਆ ਜਾਂਦਾ। ਇਸ ਬਾਹਰੀ ਬਾਣੀ ਨੂੰ ਗੁਰੂ ਘਰਾਂ 'ਚ ਇਕੱਤਰ ਸੰਗਤ 'ਚ ਪੜ੍ਹਨ ਤੇ ਵਿਆਖਣ ਦੀ ਮਨਾਹੀ ਹੈ। ਸਿਰਫ ਗੁਰੂ ਗੋਬਿੰਦ ਸਿੰਘ ਜੀ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀਆਂ ਸਿਰਜੀਆਂ ਰਚਨਾਵਾਂ ਦੀ ਹੀ ਗਾਉਣ, ਪੜ੍ਹਨ ਤੇ ਵਿਆਖਿਆ ਕਰਨ ਦੀ ਆਗਿਆ ਹੈ। ਜਿਹੜੇ ਵੀ ਗੁਰਬਾਣੀ ਦੇ ਅਧਿਆਪਕ ਗ੍ਰੰਥੀ, ਧਰਮ ਪ੍ਰਚਾਰਕ ਤੇ ਸੰਤ ਮਹਾਂਪੁਰਸ਼ ਇਹਨਾਂ ਦੀਆਂ ਰਚਨਾਵਾਂ 'ਚ ਦਿੱਤੇ ਗਏ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਮੇਲ ਖਾਂਦੇ ਵਿਚਾਰ ਜਾਂ ਸਿੱਖਿਆਵਾਂ ਦਾ ਪ੍ਰਚਾਰ ਕਰਦੇ ਹਨ, ਉਹਨਾਂ ਸ਼ਖਸੀਅਤਾਂ ਦਾ ਸਿੱਖ ਸੰਗਤ ਬਹੁਤ ਮਾਣ-ਸਤਿਕਾਰ ਕਰਦੀ ਹੈ।

ਸਿੱਖ ਗੁਰੂ ਗ੍ਰੰਥ ਸਾਹਿਬ 'ਚ ਅਟੁੱਟ ਵਿਸ਼ਵਾਸ ਰੱਖਦੇ ਹਨ। ਇਸ ਦਾ ਪੂਰਾ ਸਤਿਕਾਰ ਕਰਦੇ ਹਨ ਤੇ ਇਸ ਨੂੰ ਪ੍ਰਮਾਤਮਾ ਦਾ ਪ੍ਰਤੱਖ ਰੂਪ ਜਾਣ ਕੇ ਇਸ ਦੇ ਆਦੇਸ਼ਾਂ ਨੂੰ ਮੰਨਦੇ ਹਨ। ਹੁਣ ਉਹ 'ਸ਼ਬਦ ਗੁਰੂ' ਤੋਂ ਇਲਾਵਾ ਕਿਸੇ ਹੋਰ ਦੇਹਧਾਰੀ ਗੁਰੂ ਨੂੰ ਨਹੀਂ ਮੰਨਦੇ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 20 ਅਕਤੂਬਰ, 1708 ਈਸਵੀ ਨੂੰ ਆਪਣੇ ਜੋਤੀ-ਜੋਤ ਸਮਾਉਣ ਤੋਂ ਕੁਝ ਸਮਾਂ ਪਹਿਲਾਂ ਇਕ ਬਹੁਤ ਵੱਡੇ ਇਕੱਠ 'ਚ ਸਿੱਖ ਸੰਗਤਾਂ ਨੂੰ, ਇਹੀ ਆਦੇਸ਼ ਦਿੱਤਾ ਸੀ ਕਿ ਉਹ 'ਸ਼ਬਦ' ਨੂੰ ਹੀ 'ਗੁਰੂ' ਮੰਨਣ।

ਜਿਹੜੇ ਸਿੱਖ ਗੁਰੂ ਨੂੰ ਦੇਖਣ ਦੀ ਇੱਛਾ ਰੱਖਦੇ ਹਨ ਉਹ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ ਸ਼ਬਦਾਂ 'ਚੋਂ ਮਿਲਣ ਵਾਲੀ ਸਿੱਖਿਆ ਨੂੰ ਹੀ ਗੁਰੂ ਸਮਝਣ ਤੇ ਗੁਰੂ ਗ੍ਰੰਥ ਸਾਹਿਬ ਦੇ ਆਦੇਸ਼ਾਂ ਦੀ ਹੀ ਪਾਲਣਾ ਕਰਨ। ਇਸ 'ਚ ਦਿੱਤੀਆਂ ਹੋਈਆਂ ਸਿੱਖਿਆਵਾਂ ਨੂੰ ਹੀ ਗੁਰੂ ਦਾ ਪ੍ਰਤੱਖ ਰੂਪ ਸਮਝਣ। ਗੁਰੂ ਗ੍ਰੰਥ ਸਾਹਿਬ 'ਚ 36 ਰਚਨਾਕਾਰਾਂ ਦੀ ਬਾਣੀ ਦਰਜ ਹੈ। ਇਹ ਸਮੁੱਚੀ ਬਾਣੀ ਧੁਨੀ ਵਿਗਿਆਨ ਦੇ ਆਧਾਰ 'ਤੇ 22 ਭਾਸ਼ਾਵਾਂ ਦੀ ਸ਼ਬਦਾਵਲੀ ਦਾ ਸੰਗ੍ਰਹਿ ਹੈ, ਜਿਸ ਲਈ ਗੁਰਮੁਖੀ ਲਿੱਪੀ ਦਾ ਪ੍ਰਯੋਗ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਗ (ਪੰਨੇ), 511,874 ਸ਼ਬਦ, 1,729,345 ਅੱਖਰ ਤੇ 28,534 ਪੰਗਤੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਇਸ ਦੀ ਸੰਪੂਰਨਤਾ ਜਿਵੇਂ ਕੀਤੀ ਸੀ, ਉਸ 'ਚ ਅੱਜ ਤੱਕ ਕੋਈ ਪਰਿਵਰਤਨ ਨਹੀਂ ਕੀਤਾ ਗਿਆ ਤੇ ਇਸਦਾ ਸਰੂਪ ਜਿਉਂ ਦਾ ਤਿਉਂ ਹੀ ਹੈ।

ਸਾਰੀਆਂ ਸੰਸਥਾਵਾਂ ਤੇ ਗੁਰੂ ਘਰ, ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਸੁਰੱਖਿਆ ਦਾ ਵਿਸ਼ੇਸ਼ ਪ੍ਰਬੰਧ ਕਰਦੀਆਂ ਹਨ ਤਾਂ ਕਿ ਇਸ ਦੇ ਸਰੂਪਾਂ ਦਾ ਕੋਈ ਨੁਕਸਾਨ ਨਾ ਕਰ ਸਕੇ। ਇਸਦੇ ਸਰੂਪਾਂ ਨੂੰ ਬਹੁਤ ਹੀ ਪਵਿੱਤਰ ਤੇ ਸੁਰੱਖਿਅਤ ਸਥਾਨ 'ਤੇ ਰੱਖਿਆ ਜਾਂਦਾ ਹੈ ਤੇ ਇਹਨਾਂ ਦੀ ਸੰਭਾਲ ਇਵੇਂ ਹੀ ਕੀਤੀ ਜਾਂਦੀ ਹੈ ਜਿਵੇਂ ਕਿ ਪ੍ਰਮਾਤਮਾ ਦਾ ਪ੍ਰਤੱਖ ਰੂਪ ਹੀ ਹੋਣ। ਅੱਜ ਦੇ ਵਿਗਿਆਨਕ ਯੁੱਗ 'ਚ ਇਹਨਾਂ ਸਰੂਪਾਂ ਦੀ ਸੰਭਾਲ ਲਈ ਸਭ ਤੋਂ ਵੱਧ ਸਿਧਾਂਤਕ, ਪਵਿੱਤਰ ਤੇ ਸੁਰੱਖਿਅਤ ਤਰੀਕਾ ਇਲੈਕਟ੍ਰਾਨਿਕ ਪ੍ਰਿੰਟਿੰਗ ਮਾਧਿਅਮ ਹੀ ਬਣ ਗਿਆ ਹੈ। ਜਦੋਂ ਗੁਰੂ ਗ੍ਰੰਥ ਸਾਹਿਬ ਦੀ ਆਰੰਭ 'ਚ ਸੰਪਾਦਨਾ ਹੋਈ ਸੀ ਤਾਂ ਗੁਰੂ ਸਾਹਿਬਾਨ ਇਸ ਦੀਆਂ ਹੱਥ ਲਿਖਤ ਬੀੜਾਂ ਦਾ ਹੀ ਪ੍ਰਯੋਗ ਕਰਦੇ ਸਨ ਤੇ ਇਸ ਸਮੇਂ ਹੱਥ ਨਾਲ ਬੀੜਾਂ ਲਿਖਣ ਸਮੇਂ ਬਹੁਤ ਚੌਕਸੀ ਵਰਤੀ ਜਾਂਦੀ ਸੀ ਤੇ ਇਹਨਾਂ ਬੀੜਾਂ ਦੀ ਪਵਿੱਤਰਤਾ ਦਾ ਪੂਰਾ ਧਿਆਨ ਰੱਖਿਆ ਜਾਂਦਾ ਸੀ।

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਰਚਨਾ ਦਾ ਕਾਵਿਕ ਰੂਪ ਹੈ। ਇਸੇ ਲਈ ਹੀ ਇਸੇ 'ਚ ਕਿਸੇ ਤਰ੍ਹਾਂ ਦਾ ਰਲਾਅ ਜਾਂ ਮਿਲਾਵਟ ਦੀ ਕੋਈ ਗੁੰਜਾਇਸ਼ ਨਹੀਂ ਹੈ ਤੇ ਆਪਣੇ ਕਾਵਿਕ ਰੂਪ ਕਾਰਨ ਹੀ ਲੋਕ ਦਿਲਾਂ 'ਤੇ ਪੂਰਾ ਪ੍ਰਭਾਵ ਛੱਡਦਾ ਹੈ। ਇਸੇ ਲਈ ਕੁਝ ਵਿਦਵਾਨ, "ਇਸ ਦੀ ਤਾਕਤ ਨੂੰ ਇਕ ਬਹੁਤ ਹੀ ਪ੍ਰਭਾਵਸ਼ਾਲੀ ਸਾਹਿਤਕ ਤੇ ਸ਼ਾਬਦਿਕ ਤਾਕਤ ਮੰਨਦੇ ਹਨ ਤੇ ਕੋਈ ਵੀ ਟੀਕਾਕਾਰ ਜਾਂ ਵਿਆਖਿਆਕਾਰ ਇਸ ਦੇ ਕਾਵਿਕ ਰੂਪ ਜਿੰਨਾ ਸੁੰਦਰ ਪ੍ਰਭਾਵ, ਆਪਣੇ ਵਿਚਾਰਾਂ 'ਚ ਪ੍ਰਗਟਾ ਨਹੀਂ ਕਰ ਸਕਦਾ।" ਅਗਾਂਹ ਆਉਣ ਵਾਲੇ ਸਮੇਂ 'ਚ ਵੀ ਇਸ ਦੇ ਕਾਵਿਕ ਰੂਪ ਦਾ ਪ੍ਰਭਾਵ, ਇਸੇ ਤਰ੍ਹਾਂ ਹੀ ਬਣਿਆ ਰਹੇਗਾ।



ਇਸ ਤਰ੍ਹਾਂ, ਗੁਰੂ ਗ੍ਰੰਥ ਸਾਹਿਬ ਦੀਆਂ ਵਿਸ਼ੇਸ਼ਤਾਵਾਂ ਹੀ ਇਸ ਨੂੰ ਦੁਨੀਆਂ ਦੇ ਸਭ ਧਰਮ ਗ੍ਰੰਥਾਂ ਦੇ ਮੁਕਾਬਲੇ 'ਚ ਸਰਵਸ੍ਰੇਸ਼ਟ ਸਥਾਨ ਤੇ ਰੱਖਦੀਆਂ ਹਨ। ਇਸ ਤੋਂ ਇਲਾਵਾ ਸਿਰਫ ਇਹੀ ਧਰਮ ਗ੍ਰੰਥ ਹੈ ਜਿਸ 'ਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨੂੰ ਬੋਲ ਕੇ ਲਿਖਾਇਆ ਗਿਆ, ਸੰਪਾਦਿਤ ਕੀਤਾ ਗਿਆ, ਗਲਤੀਆਂ ਦਾ ਸ਼ੁੱਧੀਕਰਨ ਕੀਤਾ ਗਿਆ ਤੇ ਹਸਤਾਖਰ ਕੀਤੇ ਗਏ ਤੇ ਇਸ ਨੂੰ, ਇਸ ਦੇ ਬਾਨੀਆਂ ਨੇ ਆਪਣੇ ਜੀਵਨ ਕਾਲ 'ਚ ਹੀ ਪ੍ਰਮਾਣਿਕਤਾ ਦਿੱਤੀ। ਇਹਨਾਂ ਵਿਲੱਖਣ ਵਿਸ਼ੇਸ਼ਤਾਵਾਂ ਦੀ ਮਦਦ ਨਾਲ ਹੀ ਸਿੱਖ ਧਰਮ ਸੁਰੱਖਿਅਤ ਰਹਿ ਸਕਿਆ ਹੈ ਭਾਵੇਂ ਕਿ ਇਸ 'ਤੇ ਪਿਛਲੀਆਂ ਪੰਜ ਸਦੀਆਂ ਤੋਂ ਇਸ ਨੂੰ ਤਬਾਹ ਕਰਨ ਲਈ ਅਨੇਕਾਂ ਮਾਰੂ ਹਮਲੇ ਹੁੰਦੇ ਆ ਰਹੇ ਹਨ, ਨੂੰ ਸਹਿ ਸਕਿਆ ਹੈ। ਇਸੇ ਲਈ ਹੀ ਇਸ ਦੀ ਕਈ ਸਦੀਆਂ ਤੋਂ ਪਵਿੱਤਰਤਾ ਤੇ ਸੁਰੱਖਿਆ ਬਣੀ ਹੋਈ ਹੈ ਤੇ ਇਸ 'ਚ ਕੋਈ ਵੀ ਕਿਸੇ ਤਰ੍ਹਾਂ ਦਾ ਰਲਾਅ ਨਹੀਂ ਕਰ ਸਕਿਆ ਹੈ।

ਦਮਦਮਾ ਸਾਹਿਬ ਵਾਲੇ ਪਹਿਲੇ 'ਗੁਰੂ ਗ੍ਰੰਥ ਸਾਹਿਬ' ਦੇ ਅਨੇਕਾਂ ਵਾਰ ਸਰੂਪ ਛਪ ਚੁੱਕੇ ਹਨ। ਅੱਜਕਲ੍ਹ ਦੇ ਵਿਗਿਆਨਕ ਯੁੱਗ ਨੇ ਇਸ ਦੀ ਪੜ੍ਹਾਈ ਕਰਨਾ, ਹੋਰ ਵੀ ਆਸਾਨ ਕਰ ਦਿੱਤਾ ਹੈ ਤੇ ਇਸ ਦੇ ਦਮਦਮੀ ਸਰੂਪ ਨੂੰ ਕਈ ਵੈਬਸਾਈਟਾਂ 'ਤੇ ਦੇਖਿਆ ਜਾ ਸਕਦਾ ਹੈ ਤੇ ਇੱਥੇ ਇਸ ਨੂੰ ਦੇਖਣ ਤੇ ਪੜ੍ਹਨ ਦਾ ਕੋਈ ਪੈਸਾ ਨਹੀਂ ਅਦਾ ਕਰਨਾ ਪੈਂਦਾ। ਇਸ ਤੋਂ ਇਲਾਵਾ ਇਸ ਦੇ ਸਰੂਪਾਂ ਨੂੰ ਹਿੰਦੀ, ਸਿੰਧੀ ਭਾਸ਼ਾਵਾਂ 'ਚ ਤੇ ਰੋਮਨ ਅੰਗਰੇਜ਼ੀ 'ਚ ਤਰਜ਼ਮਾ ਵੀ ਵੈਬਸਾਈਟ 'ਤੇ ਦੇਖਿਆ ਜਾ ਸਕਦਾ ਹੈ। ਇਸ ਦੇ ਨਾਲ ਨਾਲ ਇਸ ਦਾ ਤਰਜ਼ਮਾ ਫਰੈਂਚ, ਸਪੈਨਿਸ਼, ਪੰਜਾਬੀ, ਹਿੰਦੀ, ਸਿੰਧੀ ਤੇ ਜਰਮਨ ਭਾਸ਼ਾਵਾਂ 'ਚ ਵੀ ਮੌਜੂਦ ਹੈ। ਇਸ ਤੋਂ ਇਲਾਵਾ ਇਸ ਦਾ ਤਰਜ਼ਮਾ ਥਾਈ, ਉਰਦੂ, ਹੈਬਰਿਊ ਤੇ ਹੋਰ ਕਈ ਭਾਰਤੀ ਭਾਸ਼ਾਵਾਂ 'ਚ ਤਿਆਰ ਹੋ ਰਿਹਾ ਹੈ।

ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਦੀ ਸੰਪਾਦਨਾ ਕੀਤੀ। ਇਸ 'ਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਦਰਜ ਕੀਤੀ ਤੇ ਇਸ ਦੇ ਨਾਲ ਹੀ ਭਾਰਤ ਦੇ ਕਈ ਸੰਤ ਮਹਾਂ ਪੁਰਸ਼ਾਂ ਤੇ ਮੱਧ ਕਾਲੀਨ ਸਮੇਂ ਦੇ, ਕਈ ਵਰਗਾਂ ਦੇ ਰਹਿਬਰਾਂ ਦੀ ਬਾਣੀ ਜਿਹਨਾਂ ਦੇ ਨਾਮ ਇਸ ਪ੍ਰਕਾਰ ਹਨ ਤੇ ਇਹ ਸਾਰੇ ਮਹਾਂਪੁਰਸ਼ ਸਤਿਗੁਰੂ ਦਾ ਦਰਜਾ ਰੱਖਦੇ ਹਨ:- ਸ੍ਰੀ ਫਰੀਦ ਜੀ, ਸ੍ਰੀ ਰਾਮਾਨੰਦ ਜੀ, ਸ੍ਰੀ ਕਬੀਰ ਜੀ, ਸ੍ਰੀ ਰਵਿਦਾਸ ਜੀ, ਸ੍ਰੀ ਸੈਣ ਜੀ, ਸ੍ਰੀ ਪੀਪਾ ਜੀ, ਸ੍ਰੀ ਧੰਨਾ ਜੀ, ਸ੍ਰੀ ਨਾਮਦੇਵ ਜੀ, ਸ੍ਰੀ ਤ੍ਰਿਲੋਚਨ ਜੀ, ਸ੍ਰੀ ਜੈਦੇਵ ਜੀ, ਸ੍ਰੀ ਬੇਣੀ ਜੀ, ਸ੍ਰੀ ਪਰਮਾਨੰਦ ਜੀ, ਸ੍ਰੀ ਸੂਰਦਾਸ ਜੀ, ਸ੍ਰੀ ਸਧਨਾ ਜੀ, ਸ੍ਰੀ ਭੀਖਣ ਜੀ, ਸ੍ਰੀਮਤੀ ਮੀਰਾਬਾਈ ਜੀ, ਭਾਈ ਮਰਦਾਨਾ ਜੀ, ਭਾਈ ਸੱਤਾ ਜੀ, ਭਾਈ ਬਲਵੰਡ ਜੀ ਤੇ ਬਾਬਾ ਸੁੰਦਰ ਜੀ, ਭੱਟ ਬਾਲ੍ਹ, ਭੱਟ ਭਾਲ੍ਹ, ਭੱਟ ਭੀਖਾ, ਭੱਟ ਮਥਾਂਡ, ਭੱਟ ਹਰਬੰਸ, ਭੱਟ ਜਾਪਾਲ, ਭੱਟ ਕੀਰਤ, ਭੱਟ ਮਥੁਰਾ, ਭੱਟ ਨਾਲ, ਭੱਟ ਸਾਲ, ਭੱਟ ਕਾਲਸ਼ਰ, ਭੱਟ ਕਾਲ੍ਹ ਤੇ ਭੱਟ ਤਾਲ ਜੀ ਦੀ ਬਾਣੀ ਦਰਜ ਕੀਤੀ। ਇਸ ਉਪਰੰਤ ਸ੍ਰੀ 'ਆਦਿ ਗ੍ਰੰਥ' ਸਾਹਿਬ ਦੀ ਸੰਪਾਦਨਾ ਸਿੱਖ ਧਰਮ ਦੇ ਮੁੱਖ ਤੀਰਥ ਸਥਾਨ 'ਸ੍ਰੀ ਦਰਬਾਰ ਸਾਹਿਬ' ਅੰਮ੍ਰਿਤਸਰ ਵਿਖੇ 1604 ਈਸਵੀ ਨੂੰ ਕਰ ਦਿੱਤੀ। ਇਸ ਤੋਂ ਬਾਅਦ ਇਸ ਦਾ ਵਿਰੋਧ ਕਰਨ ਵਾਲਿਆਂ ਨੇ ਜੋ ਕਿ ਸਿੱਖ ਧਰਮ ਦੇ ਦੋਖੀ ਸਨ, ਨੇ ਕਿਹਾ, "ਸਿੱਖ ਧਰਮ ਦੀ ਗੱਦੀ 'ਤੇ ਗੁਰੂ ਅਰਜਨ ਦੇਵ ਜੀ ਦਾ ਅਧਿਕਾਰ ਨਹੀਂ ਹੈ, ਸਗੋਂ ਸਾਡਾ ਅਧਿਕਾਰ ਹੈ ਤੇ ਉਨ੍ਹਾਂ ਨੇ 'ਸ੍ਰੀ ਆਦਿ ਗ੍ਰੰਥ' ਸਾਹਿਬ ਦੀ ਬੀੜ ਤੇ ਕਬਜ਼ਾ ਕਰ ਲਿਆ ਤੇ ਇਸ 'ਤੇ ਆਪਣੀ ਮਾਲਕੀ ਦਾ ਐਲਾਨ ਕਰ ਦਿੱਤਾ। ਇਹ ਵਿਰੋਧੀ ਗਰੁੱਪ ਸਿੱਖ ਧਰਮ ਦੀ ਮੁੱਖ ਧਾਰਾ 'ਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਸਨ।" ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ' ਦੀ ਬੀੜ ਦਾ ਪੁਨਰ ਸਿਰਜਣ ਕਰਨ ਲਈ ਇਸ ਨੂੰ ਆਪਣੇ ਕਬਜ਼ੇ 'ਚ ਕਰ ਲਿਆ ਤੇ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵੀ ਇਸ 'ਚ ਦਰਜ ਕਰ ਦਿੱਤਾ। ਇਸ ਤਰ੍ਹਾਂ ਹੁਣ ਇਸ ਆਦਿ ਗ੍ਰੰਥ 'ਚ ਛੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੋ ਗਈ। ਇਹ ਸਾਰਾ ਕਾਰਜ ਗੁਰੂ ਸਾਹਿਬ ਨੇ ਆਪ ਬੋਲ ਕੇ, ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਮਨੀ ਸਿੰਘ ਜੀ ਤੋਂ ਕਰਵਾਇਆ। ਇਹ ਕਾਰਜ ਆਨੰਦਪੁਰ ਸਾਹਿਬ ਤੇ ਸ੍ਰੀ ਦਮਦਮਾ ਸਾਹਿਬ ਵਿਖੇ 1704 ਈਸਵੀ 'ਚ ਪੰਜਾਂ ਸਾਲਾਂ 'ਚ ਮੁਕੰਮਲ ਹੋਇਆ। ਇਹ ਕਾਰਜ ਪੂਰਾ ਹੋਣ ਨਾਲ ਸ੍ਰੀ ਦਮਦਮਾ ਸਾਹਿਬ ਦੀ ਜਗ੍ਹਾ ਵੀ ਹਮੇਸ਼ਾ ਲਈ ਅਮਰ ਹੋ ਗਈ।

ਇਸ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਮਹਾਰਾਸ਼ਟਰ ਦੇ ਨਾਂਦੇੜ ਸਥਾਨ 'ਤੇ ਚਲੇ ਗਏ ਤੇ ਇੱਥੇ ਇਕ ਵਿਸ਼ਾਲ ਦੀਵਾਨ 'ਚ ਆਪਣਾ ਆਖਰੀ ਸੰਦੇਸ਼ ਜਾਰੀ ਕਰਦਿਆਂ, ਸਿੱਖ ਕੌਮ ਨੂੰ ਕਿਹਾ ਕਿ, "ਅੱਗੋਂ ਤੋਂ ਗੁਰੂ ਪ੍ਰਥਾ ਬੰਦ ਕੀਤੀ ਜਾਂਦੀ ਹੈ ਤੇ ਹੁਣ ਸਾਰੀ ਸਿੱਖ ਕੌਮ ਦੇ 'ਗੁਰੂ' ਸ੍ਰੀ 'ਗੁਰੂ ਗ੍ਰੰਥ ਸਾਹਿਬ' ਜੀ ਹੀ ਹੋਣਗੇ, 'ਸੱਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।' ਉਸੇ ਦਿਨ ਤੋਂ 'ਆਦਿ ਗ੍ਰੰਥ' ਨੂੰ ਸ੍ਰੀ 'ਗੁਰੂ ਗ੍ਰੰਥ ਸਾਹਿਬ' ਜੀ ਕਿਹਾ ਜਾਣ ਲੱਗ ਪਿਆ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ 31 ਰਾਗਾਂ ਵਿਚ ਹੈ। ਇਸ ਵਿਚ 14 ਰਾਗ ਤੇ 17 ਰਾਗਣੀਆਂ ਹਨ। ਰਾਗਾਂ ਵਿਚ ਰਾਗ ਰਾਮਕਲੀ, ਨਟ-ਨਰਾਇਣ, ਮਾਲੀ ਗਾਉੜਾ, ਰਾਗ ਮਾਰੂ, ਤੁਖਾਰੀ ਰਾਗ, ਕੇਦਾਰ ਰਾਗ, ਭੈਰਵ ਰਾਗ, ਰਾਗ ਬਸੰਤ, ਸਾਰੰਗ ਰਾਗ, ਰਾਗ ਮਲਾਰ, ਕੰਨੜ ਰਾਗ, ਰਾਗ ਕਲਿਆਣ, ਰਾਗ ਪ੍ਰਭਾਤੀ, ਰਾਗ ਜੈਜੈਵੰਤੀ, ਸ੍ਰੀ ਰਾਗ, ਮੰਝ ਰਾਗ, ਰਾਗ ਗਉੜੀ, ਰਾਗ ਆਸਾ, ਰਾਗ ਗੂਜਰੀ, ਰਾਗ ਦੇਵ ਗੰਧਾਰੀ, ਰਾਗ ਬਿਹਾਰੜਾ, ਰਾਗ ਵੰਡ ਹੰਸ, ਸੋਰਠ ਰਾਗ, ਰਾਗ ਧਨਾਸਰੀ, ਜੈਤਸ੍ਰੀ ਰਾਗ, ਰਾਗ ਟੋਡੀ, ਰਾਗ ਬੈਰਾੜੀ, ਰਾਗ ਤਿਲੰਗ, ਸੂਹੀ ਰਾਗ, ਰਾਗ ਬਿਲਾਵੜਾ ਤੇ ਰਾਗ ਗੌਂਡ ਸ਼ਾਮਿਲ ਹਨ। ਇਸ ਤੋਂ ਇਲਾਵਾ 22 ਵਾਰਾਂ ਹਨ, ਇਹਨਾਂ ਵਿਚੋਂ 8 ਵਾਰਾਂ ਗਾਉਣ ਦੀ ਵਿਸ਼ੇਸ਼ ਤਰਜ਼ ਹੈ ਅਤੇ ਬਾਕੀ 13 ਵਾਰਾਂ ਨੂੰ ਕਿਸੇ ਵੀ ਤਰਜ਼ 'ਚ ਗਾਇਆ ਜਾ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ 'ਚ 5894 ਸ਼ਬਦ ਦਰਜ ਹਨ। ਇਸ 'ਚ ਸਭ ਤੋਂ ਵੱਧ ਬਾਣੀ ਗੁਰੂ ਅਰਜਨ ਦੇਵ ਜੀ ਦੀ ਹੀ ਹੈ ਤੇ ਉਹਨਾਂ ਦੇ 2216 ਸ਼ਬਦ ਹਨ। ਗੁਰੂ ਸਾਹਿਬਾਨ ਤੋਂ ਇਲਾਵਾ ਹੋਰ ਪੰਦਰਾਂ ਸੰਤ-ਮਹਾਂਪੁਰਸ਼ਾਂ ਦੇ 937 ਸ਼ਬਦ ਵੀ ਇਸ 'ਚ ਦਰਜ ਹਨ। ਇਸ ਦੇ ਨਾਲ ਹੀ ਗਿਆਰਾਂ ਹੋਰ ਮਹਾਨ ਕਵੀਆਂ ਦੀਆਂ ਰਚਨਾਵਾਂ ਜਿਹੜੇ ਕਿ ਗੁਰੂ ਦਰਬਾਰ ਨਾਲ ਸਬੰਧਤ ਸਨ ਤੇ ਉਹਨਾਂ ਦੇ ਵਿਚਾਰ ਜਾਂ ਸਿਧਾਂਤ ਵੀ ਗੁਰੂ ਸਾਹਿਬਾਨ ਦੇ ਰੂਹਾਨੀ ਦੀਵਾਨਾਂ ਤੇ ਸੱਤ ਸੰਗਾਂ 'ਚ ਹਜ਼ਾਰਾਂ ਦੀ ਗਿਣਤੀ 'ਚ ਹਿੰਦੂ, ਮੁਸਲਮਾਨ, ਬ੍ਰਾਹਮਣ ਤੇ ਦਲਿਤ ਪਰਿਵਾਰਾਂ ਦੇ ਲੋਕ ਜੁੜਦੇ ਸਨ ਤੇ ਉਹ ਸਿੱਖ ਧਰਮ ਦੀ ਵਿਸ਼ਵ ਵਿਆਪੀ ਵਿਚਾਰਧਾਰਾ ਜੋ ਗੁਰੂ ਗ੍ਰੰਥ ਸਾਹਿਬ 'ਚ ਦਰਜ ਹੈ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਸਨ।

ਭਾਸ਼ਾ-ਵਿਗਿਆਨ ਦੇ ਨਜ਼ਰੀਏ ਤੋਂ ਵੀ ਜੇਕਰ ਦੇਖਿਆ ਜਾਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਬਹੁਤ ਸਾਰੀਆਂ ਭਾਸ਼ਾਵਾਂ ਦਾ ਆਪਣੇ ਜ਼ਮਾਨੇ ਦਾ ਇਕ ਵੱਡਾ ਖ਼ਜ਼ਾਨਾ ਹੈ, ਜਿਹੜਾ ਕਿ ਸਾਡੇ ਸਮਾਜ ਦੇ ਹਰ ਵਰਗ 'ਤੇ ਆਪਣਾ ਪੂਰਾ ਪ੍ਰਭਾਵ ਛੱਡਦਾ ਹੈ। ਭਾਸ਼ਾਵਾਂ ਖਾਸ ਤੌਰ 'ਤੇ ਸੰਤਾਂ-ਮਹਾਂਪੁਰਸ਼ਾਂ ਨੇ ਜੋ ਆਪਣੀਆਂ ਰਚਨਾਵਾਂ ਲਈ ਪ੍ਰਯੋਗ ਕੀਤੀਆਂ ਹਨ, ਉਹ ਮੱਧ-ਯੁੱਗ ਦੀਆਂ, ਆਪਣੇ-ਆਪਣੇ ਇਲਾਕੇ ਦੀਆਂ ਭਾਸ਼ਾਵਾਂ ਹੋਣ ਤੋਂ ਇਲਾਵਾ ਭਾਰਤ ਦੀ ਮੁੱਖ ਧਾਰਾ ਵਾਲੀ ਭਾਸ਼ਾ ਨਾਲ ਵੀ ਸਾਨੂੰ ਜੋੜਦੀਆਂ ਹਨ। ਇਹ ਭਾਸ਼ਾਵਾਂ ਇਲਾਕਾਈ ਉਪ ਭਾਸ਼ਾਵਾਂ ਹੋਣ ਦੇ ਨਾਲ ਨਾਲ ਸੰਸਕ੍ਰਿਤ ਪ੍ਰਾਕ੍ਰਿਤ, ਫਾਰਸੀ, ਅਰਬੀ, ਬੰਗਾਲੀ ਤੇ ਮਰਾਠੀ ਆਦਿ ਭਾਸ਼ਾਵਾਂ ਦੀ ਪੁੱਠ ਚੜ੍ਹਨ ਤੋਂ ਵੀ ਬਚ ਨਹੀਂ ਸਕੀਆਂ ਹਨ। ਇਸ ਭਾਸ਼ਾ ਨੇ ਅੱਜ ਤੱਕ ਇਹ ਆਪਣੀ ਵਿਭਿੰਨਤਾ ਦੱਖਣੀ-ਪੂਰਬੀ ਏਸ਼ੀਆ 'ਚ ਬਣਾਈ ਰੱਖੀ ਹੈ। ਇਸ ਦਾ ਪ੍ਰਭਾਵ, ਸਪਸ਼ਟਤਾ ਤੇ ਦੂਸਰੀਆਂ ਭਾਸ਼ਾਵਾਂ ਨੂੰ ਆਪਣੇ 'ਚ ਧਾਰਨ ਕਰਨ ਦੀ ਪ੍ਰਵਿਰਤੀ ਅਜੇ ਤੱਕ ਮੌਜੂਦ ਹੈ। ਗੁਰੂ ਸਾਹਿਬਾਨ ਨੇ ਇਸ ਪ੍ਰਵਿਰਤੀ 'ਚ ਹੋਰ ਵਾਧਾ ਕਰਨ ਲਈ ਇਸ ਦੇ ਧੁਨੀ-ਵਿਗਿਆਨ ਨੂੰ ਗੁਰਮੁਖੀ ਲਿਪੀ 'ਚ ਅਭਿਵਿਅਕਤ ਕੀਤਾ ਤੇ ਇਸਦਾ ਰੂਪ ਬਹੁ-ਭਾਸ਼ਾਈ ਹੋਣ ਦੇ ਬਾਵਜੂਦ ਵੀ ਬਾਣੀ ਸਾਰੀ ਦੀ ਸਾਰੀ ਸੰਗੀਤਮਈ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਵਿਸ਼ਾ ਪ੍ਰਧਾਨ ਹੋਣ ਕਰਕੇ ਬੜੀ ਸਨਮਾਨਯੋਗ ਹੈ ਤੇ ਇਹ ਬੜੀ ਉੱਚੀ ਸੋਚ ਵਿਚਾਰ ਵਾਲੀ ਵੀ ਹੈ। ਬਾਣੀ ਸੰਗੀਤਮਈ ਹੋਣ ਕਾਰਨ, ਇਸ ਦਾ ਰਾਗਾਂ 'ਚ ਵਰਗੀਕਰਨ ਕੀਤਾ ਗਿਆ ਹੈ। ਇਸਦੀ ਲੈਅ ਤੇ ਰਵਾਨਗੀ ਵਜ਼ਨ ਤੇ ਤੋਲ 'ਚ ਪੂਰੀ ਹੈ। ਇਸੇ ਕਰਕੇ ਹੀ ਇਸ ਨੂੰ 'ਰਾਗ' ਕਿਹਾ ਗਿਆ ਹੈ। ਭਾਰਤੀਯ ਸ਼ਾਸਤਰੀ ਸੰਗੀਤ 'ਚ ਰਾਗ ਦਾ ਭਾਵ ਹੈ ਕਿ ਲੈਆਤਮਕ ਆਦਰਸ਼ਕ ਸੁਰ ਜੋ ਸਰੋਤਿਆਂ ਨੂੰ ਮੰਤਰ ਮੁਗਧ ਕਰ ਦੇਵੇ। ਇਸ ਦੇ ਇਸ ਸਰੂਪ ਨੂੰ ਸਿਰਫ ਸੁਰੱਖਿਅਤ ਰੱਖਣ ਲਈ ਹੀ ਨਹੀਂ ਵਰਤਿਆ ਗਿਆ ਕਿ ਬਾਣੀ ਦੀ ਰਚਨਾਤਮਿਕਤਾ ਦਾ ਅਸਲੀ ਰੂਪ ਨਾ ਵਿਗੜੇ। ਵੈਸੇ ਵੀ ਬਾਣੀ ਦੀ ਇਸ ਰੂਪ 'ਚ ਨਕਲ ਕਰਨਾ ਬੜਾ ਮੁਸ਼ਕਿਲ ਕੰਮ ਹੈ ਪ੍ਰੰਤੂ ਇਸ ਨੂੰ ਹੋਰ ਰੂਹਾਨੀ ਤਜਰਬੇ ਨਾਲ, ਸੰਗੀਤ ਦੁਆਰਾ ਪੇਸ਼ ਕਰਕੇ ਸੁਰੱਖਿਅਤ ਕਰਨਾ ਤੇ ਅਲਾਹੀ ਸ਼ਬਦਾਵਲੀ ਦਾ ਪ੍ਰਯੋਗ ਕਰਕੇ ਪੇਸ਼ ਕਰਨਾ, ਇਕ ਮਾਰਕੇ ਦੀ ਗੱਲ ਹੈ। ਇਸ 'ਚ 31 ਰਾਗਾਂ ਦੀ ਵਰਤੋਂ ਹੋਈ ਹੈ। ਰਾਗਾਂ ਦੇ ਨਾਂ, ਗੁਰੂ ਸਾਹਿਬ ਨੇ ਇਸ 'ਚ ਕਈ ਰਾਗਾਂ ਦੀ ਆਪ ਖੁਦ ਬਣਤਰ ਤਿਆਰ ਕੀਤੀ ਹੈ। ਹਰ ਰਾਗ ਦੇ ਅਧੀਨ, ਸ਼ਬਦਾਂ ਨੂੰ ਗਾਉਣ ਦੀ ਵਿਧੀ ਤਿਆਰ ਕੀਤੀ ਅਤੇ ਇਨ੍ਹਾਂ 'ਚ ਚੌਪਦੇ ਤੇ ਅਸ਼ਟਪਦੇ ਤੇ ਕੁਝ ਲੰਮੀਆਂ ਕਾਵਿ ਰਚਨਾਵਾਂ, ਜਿਨ੍ਹਾਂ 'ਚ ਛੰਡਜ਼, ਵਾਰਾਂ ਤੇ ਭਗਤਾਂ ਦੀ ਬਾਣੀ ਆਉਂਦੀ ਹੈ।

ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀ ਦੀ ਇਕ ਖੂਬੀ ਇਹ ਵੀ ਹੈ ਕਿ ਇਸ 'ਚ ਛੰਦਾ-ਬੰਦੀ ਤੇ ਪਿੰਗਲ ਸ਼ਾਸਤਰ ਦਾ ਬਹੁਤ ਧਿਆਨ ਰੱਖਿਆ ਗਿਆ ਹੈ। ਪੌੜੀਆਂ ਤੇ ਸ਼ਲੋਕਾਂ ਦੀ ਛੰਦਾ-ਬੰਦੀ ਅਜਿਹੀ ਰਵਾਇਤੀ ਢੰਗ ਨਾਲ ਕੀਤੀ ਗਈ ਹੈ ਕਿ ਉਹ ਕਾਬਲੇ ਤਾਰੀਫ ਹੈ। ਇਹ ਸ਼ਾਸਤਰੀ ਸੰਗੀਤ ਦੀ ਕਲਾ ਦੀ ਕਸਵੱਟੀ ਤੇ ਪੂਰੀ ਉੱਤਰਦੀ ਹੈ ਤੇ ਇਸ ਨੂੰ ਪੂਰੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਬਹੁਤ ਸਾਰੀਆਂ ਅਲਾਉਣੀਆਂ, ਗੋਰਿਸ ਤੇ ਛੰਡਜ ਆਦਿ ਆਪਣੀ ਲੋਕਧਾਰਾ ਵਾਲੀ ਕਸਵੱਟੀ ਤੇ ਪੂਰੀਆਂ ਉਤਰਦੀਆਂ ਹਨ ਤੇ ਉਹਨਾਂ ਦੀ ਛੰਦਾ-ਬੰਦੀ ਦਾ ਤੋਲ ਵੀ ਨਿਯਮਾਂ ਦੀ ਪੂਰੀ ਪਾਲਣਾ ਕਰਦਾ ਹੈ। ਬਾਣੀ ਦੀ ਅੰਦਰਲੀ ਤੇ ਬਾਹਰਲੀ ਖੂਬਸੂਰਤੀ ਦਾ ਤਾਲਮੇਲ ਅਜਿਹਾ ਹੈ ਕਿ ਇਸ ਦੀ ਸ਼ਬਦਾਵਲੀ ਸੰਗੀਤ ਦੀ ਕਸਵੱਟੀ ਤੇ ਪੂਰੀ ਉੱਤਰਦੀ ਹੈ ਤੇ ਆਪਣੀ ਵਿਦਵਤਾ ਤੇ ਸਰਲਤਾ ਦਾ ਪੂਰਾ ਪ੍ਰਗਟਾ ਕਰਦੀ ਹੈ। ਬਾਣੀ 'ਚ ਦਿੱਤੇ ਵਿਚਾਰਾਂ ਦਾ ਸੁਰੀਲਾਪਣ ਬੜੀ ਨਿਪੁੰਨਤਾ ਤੇ ਵਿਗਿਆਨਕ ਤਰੀਕੇ ਨਾਲ ਆਪਣੀ ਵਿਦਵਤਾ ਦੀ ਪੂਰੀ ਛਾਪ ਛੱਡਦਾ ਹੈ। ਇਸ ਲਈ ਇਹ, ਇਸ ਨੂੰ ਇਕ ਵਿਲੱਖਣ ਤਰੀਕੇ ਨਾਲ ਹੋਰ ਪ੍ਰਭਾਵਸ਼ਾਲੀ ਤੇ ਲਚਕੀਲਾ ਬਣਾਉਂਦਾ ਹੈ ਤੇ ਗੁਰੂ ਗ੍ਰੰਥ ਸਾਹਿਬ ਦੀ ਸੁੰਦਰਤਾ ਤੇ ਅਨੁਸ਼ਾਸਨਤਾ ਦਾ ਪ੍ਰਗਟਾ ਕਰਦਾ ਹੈ।

ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀ ਨੂੰ, ਕੀਰਤਨ ਕਰਨ ਦੀ ਵਿਧੀ ਨਾਲ ਗਾਇਆ ਜਾਂਦਾ ਹੈ। ਇਸ ਤਰੀਕੇ ਨਾਲ ਗੁਰਬਾਣੀ ਦੇ ਸਹੀ ਅਰਥਾਂ ਨੂੰ ਸਰੋਤਿਆਂ ਦੀ ਇਲਾਹੀ ਸੁਰਤ ਨਾਲ ਜੋੜ ਦਿੱਤਾ ਜਾਂਦਾ ਹੈ ਤੇ ਉਹ ਸੰਗੀਤ ਦੀਆਂ ਸੁਰਾਂ ਨਾਲ ਝੂੰਮਦਾ ਹੋਇਆ ਆਪਣੀ ਸੁਰਤ ਨੂੰ ਇਕਾਗਰ ਕਰ ਲੈਂਦਾ ਹੈ ਤੇ ਉਸ ਸਰਵਵਿਆਪੀ ਨਾਲ ਜੁੜ ਜਾਂਦਾ ਹੈ। ਸ਼ਬਦ ਕੀਰਤਨ ਕਰਨ ਵਾਲਿਆਂ ਦਾ ਸਰੀਰਕ ਪ੍ਰਭਾਵ ਤੇ ਉਹਨਾਂ ਦੇ ਚਿਹਰੇ ਦਾ ਹਾਵ ਭਾਵ, ਬਾਣੀ 'ਚ ਦਰਜ ਵਿਚਾਰਾਂ ਦਾ ਪ੍ਰਗਟਾ ਵੀ ਕਰਦੇ ਹਨ ਤੇ ਇਸ ਦਾ ਵੀ ਸਰੋਤਿਆਂ ਦੀ ਸੁਰਤ ਜੋੜਨ 'ਚ ਸਰੀਰ ਤੇ ਦਿਮਾਗ ਦੋਹਾਂ ਤੇ ਬਹੁਤ ਪ੍ਰਭਾਵ ਪੈਂਦਾ ਹੈ। ਜਿਉਂ ਹੀ ਅਸੀਂ ਗੁਰਬਾਣੀ ਦਾ ਗਾਇਨ ਕਰਦੇ ਹਾਂ ਜਾਂ ਸੁਣਦੇ ਹਾਂ ਤਾਂ ਸਾਰੀ ਸ੍ਰਿਸ਼ਟੀ ਸਾਨੂੰ ਇਕ ਰੂਪਕ ਦਾ ਚਿੱਤਰਨ ਧਾਰ ਕੇ ਨਜ਼ਰ ਆਉਂਦੀ ਹੋਈ ਪ੍ਰਤੀਤ ਹੁੰਦੀ ਹੈ। ਸ਼ਬਦ ਕੀਰਤਨ ਸੁਣਨ ਨਾਲ ਅਸੀਂ ਸ਼ਬਦਾਂ ਤੇ ਆਪਣਾ ਧਿਆਨ ਕੇਂਦਰਿਤ ਕਰਦੇ ਹਾਂ। ਇਸ ਦੇ ਸੁਣਨ ਨਾਲ ਸਾਡੀ ਕਾਇਆ ਪਵਿੱਤਰ ਹੁੰਦੀ ਹੈ ਤੇ ਸਾਡੇ

(ਬਾਕੀ ਅਗਲੇ ਸਫੇ 'ਤੇ)

# 'ਸ਼ਬਦਾਂ ਦੀ ਵਿਦਵਤਾ ਹੀ 'ਸ਼ਬਦ ਗੁਰੂ' ਹੈ'

ਅੰਦਰ ਵਿਚਾਰਾਂ ਦੀ ਸ਼ੁੱਧਤਾ ਆਉਂਦੀ ਹੈ। ਗੁਰਬਾਣੀ ਦੇ ਰਾਗਾਂ ਦੀਆਂ ਸੰਗੀਤਕ ਸੁਰਾਂ ਦਾ ਸਬੰਧ ਸਰੀਰ, ਦਿਮਾਗ ਤੇ ਰੂਹ ਨਾਲ ਹੁੰਦਾ ਹੈ, ਇਹਨਾਂ ਸਭ ਦੀ ਸੇਧ ਸਾਨੂੰ ਸਾਡੀਆਂ ਭਾਵਨਾਵਾਂ, ਮਾਨਸਿਕਤਾ, ਰੂਹਾਨੀਅਤ ਤੇ ਉਸ ਹਸਤੀ ਦੀ ਹੋਂਦ ਨਾਲ ਜੋੜਦੀ ਹੈ। ਇਹ ਸਾਰੀਆਂ ਚੀਜ਼ਾਂ ਦਿਮਾਗ 'ਚ ਕੋਈ ਖਿਆਲ ਬਿਠਾਉਂਦੀਆਂ ਹਨ ਜੋ ਰੂਹਾਨੀਅਤ ਤੇ ਦਿਮਾਗੀ ਵਿਕਾਸ ਦਾ ਕੇਂਦਰ ਹਨ। ਇਸ ਤਰ੍ਹਾਂ ਸਿੱਖ ਸੰਗਤ ਇਕੱਠੀ ਹੋ ਕੇ ਜਦੋਂ ਗੁਰਬਾਣੀ ਦਾ ਪਾਠ ਤੇ ਗਾਇਨ ਕਰਦੀ ਹੈ ਤਾਂ ਉਨ੍ਹਾਂ ਨੂੰ ਅੱਖਾਂ ਸਾਹਮਣੇ, ਇਕ ਸੰਯੁਕਤ ਰੂਹਾਨੀਅਤ ਸ਼ਕਤੀ ਨਜ਼ਰ ਆਉਂਦੀ ਹੈ। ਇਹ ਇਵੇਂ ਹੁੰਦਾ ਹੈ ਕਿ ਸਧਾਰਨ ਸ਼ਬਦ, ਸ਼ੁਭ ਸ਼ਬਦ ਬ੍ਰਹਮ 'ਚ ਤਬਦੀਲ ਹੋ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨਾ, ਜਿਸ ਨੂੰ ਗੁਰਬਾਣੀ ਪਾਠ ਵੀ ਕਿਹਾ ਜਾਂਦਾ ਹੈ, ਹਰ ਸਿੱਖ ਦਾ ਇਕ ਪਵਿੱਤਰ ਹੱਕ ਹੈ ਜਿਹੜਾ ਉਸਨੂੰ ਆਪਣੇ ਗੁਰੂ ਨਾਲ ਜੋੜਦਾ ਹੈ ਤੇ ਇਹ ਉਸ ਨੂੰ ਰੂਹਾਨੀਅਤ ਦੀ ਅਗਵਾਈ ਵੀ ਕਰਦਾ ਹੈ। ਇਹ ਇਕ ਧਰਮ ਮਰਿਆਦਾ ਤੋਂ ਕਿਤੇ ਉਪਰ ਹੈ ਜਾਂ ਇਕ ਸਮੂਹਿਕ ਗੁੰਝਲਦਾਰ ਯਤਨ ਕਰਨਾ ਹੈ। ਬੌਧਿਕ ਸੋਚ ਵਿਚਾਰ ਜਾਂ ਠਰ੍ਹੰਮਾ, ਸਿਆਣਪਤ ਤੇ ਵਿਸ਼ਵਾਸ ਨੂੰ ਪਾਉਣ ਦਾ ਇਕ ਵਧੀਆ ਤਰੀਕਾ ਹੈ ਜਿਸ ਨਾਲ ਅੰਦਰਲੀ ਰੌਸ਼ਨੀ ਨੂੰ ਉਜਾਗਰ ਕੀਤਾ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸੁਰ 'ਚ ਪੜ੍ਹ ਕੇ ਵੀ ਆਪਣੇ ਵਿਚਾਰਾਂ 'ਚ ਸ਼ੁੱਧਤਾ ਲਿਆਂਦੀ ਜਾ ਸਕਦੀ ਹੈ। ਬਾਣੀ ਦੇ ਸ਼ਬਦਾਂ ਨੂੰ ਪੜ੍ਹ ਕੇ ਅਕਸਰ ਆਪਣੇ 'ਚ ਧੀਰਜ ਲਿਆਉਣ ਨਾਲ ਆਪਣੇ ਦੁੱਖਾਂ ਕਲੇਸ਼ਾਂ ਨੂੰ ਨਸ਼ਟ ਕੀਤਾ ਜਾ ਸਕਦਾ ਹੈ। ਇਸ ਨਾਲ ਆਪਣੇ ਦੁੱਖਾਂ-ਕਲੇਸ਼ਾਂ ਨੂੰ ਸਮਝਣ 'ਚ ਮਦਦ ਮਿਲਦੀ ਹੈ ਤੇ ਮਾਨਸਿਕ ਖੁਸ਼ੀ ਪ੍ਰਾਪਤ ਹੁੰਦੀ ਹੈ ਜਾਂ ਅੰਤਰ ਆਤਮਾ 'ਚ ਇਸਦੀ ਖੁਸ਼ੀ ਦੀ ਲਹਿਰ ਅੰਦਰ ਦੌੜਦੀ ਹੈ।

ਗੁਰੂ ਗ੍ਰੰਥ ਸਾਹਿਬ ਦੀ ਰਹੱਸਮਈ ਬਾਣੀ 'ਚ ਜਿਹੜੀ ਅਧਿਆਤਮ ਅਰਜੋਈ ਕੀਤੀ ਗਈ ਹੈ, ਉਸ ਨੂੰ ਥੋੜ੍ਹੇ ਲਫਜ਼ਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਪਵਿੱਤਰ ਧਰਮ ਗ੍ਰੰਥ 'ਚ ਅਧਿਆਤਮਵਾਦ ਦਾ ਵਿਸ਼ਾ, ਇਕ ਗੂੜ੍ਹ ਗਿਆਨ ਦਾ ਵਿਸ਼ਾ ਹੈ। ਇਸ ਦੀਆਂ ਰਹੱਸਮਈ ਤੰਦਾਂ ਦੀਆਂ ਗੁੰਝਲਾਂ ਨੂੰ ਖੋਲ੍ਹਣ ਦਾ ਚਿੰਤਨ ਕਰਨਾ, ਇਕ ਬਹੁਤ ਵੱਡੀ ਵਿਦਵਤਾ ਦੀ ਮੰਗ ਕਰਦਾ ਹੈ। ਇਸਦੀਆਂ ਕਈ ਰਚਨਾਵਾਂ 'ਚ ਜੋ ਮੁਹਾਵਰੇ ਵਰਤੇ ਗਏ ਹਨ, ਉਹ ਆਮ ਲੋਕਾਂ ਦੀ ਬੋਲੀ 'ਚੋਂ ਹਨ ਤੇ ਬੜੀ ਸਰਲਤਾ ਤੇ ਸਪਸ਼ਟਤਾ ਨਾਲ ਉਹ ਸਮਝ ਆਉਂਦੇ ਹਨ ਤੇ ਚੌਗਿਰਦੇ ਦਾ ਪੂਰਾ ਦ੍ਰਿਸ਼ਟਾਂਤ ਪੇਸ਼ ਕਰਦੇ ਹਨ। ਬਾਣੀ ਦੀ ਰਚਨਾ ਬੜੀ ਕਾਬਲੇ ਤਾਰੀਫ਼ ਹੈ। ਇਹ ਬੜੀ ਰਸੀਲੀ, ਆਮ ਆਦਮੀ ਦੀ ਸਮਝ 'ਚ ਪੈਣ ਵਾਲੀ ਤੇ ਇਸ ਨੂੰ ਬੜੀ ਆਸਾਨੀ ਨਾਲ ਗਾਇਆ ਜਾ ਸਕਦਾ ਹੈ। ਇਸ ਦੀ ਬਿੰਬਾਵਲੀ ਸਾਡੀ ਰੋਜ਼ਾਨਾ ਜ਼ਿੰਦਗੀ ਦੀ ਆਮ ਬੋਲੀ 'ਚੋਂ ਹੈ ਤੇ ਇਸ ਦਾ ਤੋਲ ਤੇ ਤੁਕਾਂਤ ਪਿੰਗਲ ਸ਼ਾਸਤਰ ਦੀ ਕਸਵੱਟੀ 'ਤੇ ਪੂਰਾ ਉਤਰਦਾ ਹੈ। ਗੁਰੂ ਸਾਹਿਬਾਨ ਕੁਦਰਤ ਦੇ ਵੀ ਬਹੁਤ ਪ੍ਰੇਮੀ ਸਨ। ਉਹਨਾਂ ਦੀ ਗੁਰਬਾਣੀ 'ਚ ਆਪਣੇ ਆਲੇ ਦੁਆਲੇ ਤੇ ਕੁਦਰਤੀ ਨਜ਼ਾਰਿਆਂ ਦਾ ਚਿਤਰਨ ਤੇ ਰੂਪਾਂਤਰਣ ਵੀ ਬੜੀ ਖੂਬਸੂਰਤੀ ਨਾਲ ਕੀਤਾ ਹੈ। ਸੂਰਜ ਦੇ ਚੜ੍ਹਨ ਤੇ ਅਸਤ ਹੋਣ ਦੇ ਦ੍ਰਿਸ਼, ਰੁੱਤਾਂ ਦੀ ਤਬਦੀਲੀ ਤੇ ਉਸ ਅਕਾਲ ਪੁਰਖ ਨਾਲ ਆਪਣੇ ਪ੍ਰੇਮ ਨੂੰ ਵੀ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਇਆ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ 'ਚ ਬਾਣੀ ਦੇ ਰਚਾਇਤਾਵਾਂ ਨੇ ਇਸ ਧਰਮ ਗ੍ਰੰਥ ਨੂੰ ਇਕ ਵਿਸ਼ੇਸ਼ ਵਿਲੱਖਣ, ਰਹੱਸਮਈ, ਤੱਤਕਾਲੀਨ, ਮਹੱਤਵਪੂਰਨ ਤੇ ਜੀਵਨ ਜਾਂਚ ਦਾ ਯਥਾਰਥ ਬਣਾ ਦਿੱਤਾ ਹੈ ਜਿਹੜਾ ਕਿ ਮਨੁੱਖੀ ਮਨਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਟੁੰਬਦਾ ਹੈ।

'ਗੁਰੂ ਗ੍ਰੰਥ ਸਾਹਿਬ' ਦੀ ਸਭ ਤੋਂ ਜ਼ਿਆਦਾ ਸ਼ਾਨ ਵਧਾਉਣ ਵਾਲੀ ਖਾਸੀਅਤ ਇਹ ਹੈ ਕਿ ਇਸ ਦੀ ਪ੍ਰਵਿਰਤੀ ਕਿਸੇ ਨਾਲ ਪੱਖਪਾਤ ਕਰਨ ਵਾਲੀ ਨਹੀਂ ਹੈ। ਇਸ ਦੀ ਪ੍ਰਵਿਰਤੀ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ 'ਚ ਲੈਣ ਵਾਲੀ ਹੈ, ਕਿਸੇ ਨਾਲ ਵੀ ਵੈਰ ਵਿਰੋਧ ਤੇ ਤਕਰਾਰ ਰੱਖਣ ਵਾਲੀ ਨਹੀਂ ਹੈ। ਇਸ ਧਰਮ ਗ੍ਰੰਥ ਦੀ ਵਿਲੱਖਣਤਾ ਇਹ ਵੀ ਹੈ ਕਿ ਜਿਸ ਸਮੇਂ 'ਚ ਇਸ ਦੀ ਸੰਪਾਦਨਾ ਹੋਈ ਉਸ ਸਮੇਂ ਦੇ ਦੌਰਾਨ 'ਚ ਇਹ ਆਪਣੇ ਆਪ ਨੂੰ ਰੂੜੀਵਾਦੀ, ਕੱਟੜਵਾਦ, ਧੜੇਬਾਜ਼ੀ ਤੇ ਫਜ਼ੂਲ ਦੇ ਮਾਨਵੀ ਵਿਵਾਦ ਤੋਂ ਦੂਰ ਰੱਖਦਾ ਹੈ। ਉਸ ਸਮੇਂ 'ਚ ਇਹ ਆਪਣੇ ਸੰਤੁਲਨ ਨੂੰ, ਆਪਣੀ ਬਾਣੀ ਦੀ ਵਿਆਖਿਆ ਸ਼ਬਦਾਂ ਤੇ ਭਜਨਾਂ ਨਾਲ, ਜਿਹਨਾਂ ਨੂੰ ਸੰਤ ਮਹਾਂਪੁਰਸ਼, ਵਿਦਵਾਨ ਤੇ ਹੋਰ ਪਵਿੱਤਰ ਰੂਹਾਂ ਸੰਗੀਤਕ ਸੁਰਾਂ 'ਤੇ ਗਾ ਕੇ ਪ੍ਰਚਾਰਿਤ ਕਰਦੀਆਂ ਸਨ, ਨਾਲ ਬਣਾਈ ਰੱਖਿਆ ਹੈ। ਅਕਸਰ ਬਾਣੀ ਦੇ ਸ਼ਬਦ ਤੇ ਦੋਹਰੇ, ਲੋਕਾਂ ਦੀ ਆਮ ਜ਼ੁਬਾਨ 'ਚ ਹੋਣ ਕਰਕੇ ਤੇ ਮੁਹਾਵਰੇ ਬੰਦੀ ਬੜੀ ਸਰਲ ਹੋਣ ਕਰਕੇ ਇਸ ਨਾਲ, ਲੋਕਾਂ ਨਾਲ ਸੰਪਰਕ ਬਣਾਉਣਾ ਬੜਾ ਆਸਾਨ ਸੀ। ਇਸ ਨਾਲ ਬਾਣੀ ਦੇ ਮੂਲ ਭਾਵ ਨੂੰ ਲੋਕਾਂ ਤੱਕ ਪਹੁੰਚਾਉਣਾ, ਗੁਰੂ ਸਾਹਿਬਾਨ ਲਈ ਇਕ ਬੜਾ ਆਸਾਨ ਤਰੀਕਾ ਸੀ।

ਗੁਰੂ ਗ੍ਰੰਥ ਸਾਹਿਬ ਉਸ ਸਮੇਂ ਇਕ ਅਜਿਹਾ ਧਰਮ ਗ੍ਰੰਥ ਹੈ ਜਿਸ 'ਚ ਉਸ ਸਮੇਂ ਸਭ ਤੋਂ ਪਹਿਲਾਂ ਗੁਰੂ ਸਾਹਿਬਾਨ ਨੇ ਇਸ 'ਚ ਲੋਕਾਂ ਦਾ ਵਿਸ਼ਵਾਸ ਬਹਾਲ ਕਰਵਾਇਆ ਤੇ ਅੱਜ ਇਸ ਧਰਮ ਗ੍ਰੰਥ 'ਚ ਇਹ ਵਿਸ਼ਵਾਸ ਵਿਸ਼ਵ ਵਿਆਪੀ ਪੱਧਰ 'ਤੇ ਬਹਾਲ ਹੈ। ਦਰਅਸਲ ਇਸ 'ਚ ਰੂਹਾਨੀਅਤ, ਜੀਵਨ ਜਾਚ ਤੇ ਧਾਰਮਿਕਤਾ ਦੀ ਬਹੁਮੁੱਲਤਾ ਦਾ ਬੜੀ ਵੱਡੀ ਪੱਧਰ 'ਤੇ ਵਿਸਥਾਰ ਦਰਜ ਹੈ। ਇਸ 'ਚ 12ਵੀਂ ਸਦੀ ਤੋਂ ਲੈ ਕੇ ਸਤਾਰਵੀਂ ਸਦੀ ਤੱਕ ਦਾ ਕਾਵਿ ਜਿਹੜਾ ਕਿ ਭਾਰਤ ਦੇ ਮਹਾਨ ਸੰਤ-ਮਹਾਂਪੁਰਸ਼ਾਂ ਤੇ ਰਹਿਬਰਾਂ ਦਾ ਰਚਿਤ ਹੈ ਤੇ ਉਹ ਸਿੱਖ ਗੁਰੂ ਸਾਹਿਬਾਨ ਦੇ ਗੁਰਮਤਿ ਦੇ ਸਿਧਾਂਤਾਂ ਨਾਲ ਮੇਲ ਖਾਂਦਾ ਹੈ, ਦਰਜ ਹੈ। ਇਸ ਸਾਹਿਤ 'ਚ ਉਸ ਸਮੇਂ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਤੇ ਧਾਰਮਿਕ ਦਸ਼ਾ ਦਾ ਵੀ ਵਰਣਨ ਮਿਲਦਾ ਹੈ। ਇਸ ਕਾਵਿ ਰਚਨਾ 'ਚ ਉਸ ਸਮੇਂ ਦੇ ਰਾਜਨੀਤਿਕ ਲੋਕਾਂ, ਪਾਖੰਡੀ-ਦੰਭੀ, ਸਾਧਾਂ ਫਕੀਰਾਂ ਤੇ ਦੂਸਰੇ ਧਰਮਾਂ ਦੀਆਂ ਕੁਰੀਤੀਆਂ ਦਾ ਵਰਣਨ ਵੀ ਦਰਜ ਹੈ। ਜਿੱਥੇ ਗੁਰੂ ਗ੍ਰੰਥ ਸਾਹਿਬ 'ਚੋਂ ਰੂਹਾਨੀਅਤ ਤੇ ਅਧਿਆਤਮਿਕਤਾ ਦੀ ਸਿੱਖਿਆ ਮਿਲਦੀ ਹੈ, ਇਸ ਦੇ ਨਾਲ ਹੀ ਧਰਮ ਨਿਰਪੱਖਤਾ ਤੇ ਜ਼ਿੰਦਗੀ ਦੀ ਵਿਗਿਆਨਕ ਤਰੀਕੇ ਨਾਲ ਯਥਾਰਥਿਕ ਜਾਚ ਕਰਨ ਦੀ ਸਿੱਖਿਆ ਵੀ ਮਿਲਦੀ ਹੈ। ਇਸ ਦੇ ਨਾਲ ਹੀ ਰਹੱਸਮਈ ਤੇ ਰੂਹਾਨੀਅਤ ਦੀਆਂ ਡੂੰਘੀਆਂ ਗੁੰਝਲਾਂ ਨੂੰ 'ਸ਼ਬਦ ਗੁਰੂ' ਦੀ ਮਦਦ ਨਾਲ ਹੱਲ ਕਰਨ ਦੀ ਪ੍ਰੇਰਨਾ ਵੀ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ 'ਚ ਮਾਨਵੀ ਕਦਰਾਂ ਕੀਮਤਾਂ ਦਾ ਜ਼ਿਕਰ ਵੀ ਸੰਕਲਿਤ ਹੈ। ਇਹ ਮਾਨਵਵਾਦੀ ਸੋਚ ਹੈ ਜੋ ਮਾਨਵ ਨੂੰ 'ਸਮਾਜਿਕ ਬਰਾਬਰੀ' ਦੀ ਨਸੀਹਤ ਵੀ ਦਿੰਦਾ ਹੈ ਤੇ ਸਮੁੱਚੀ ਮਾਨਵਤਾ ਨੂੰ, ਕੁਦਰਤ ਦੇ ਸਭ ਬੰਦੇ ਤੇ ਮਨੁੱਖ ਦੀ ਜਾਤ ਇਕੋ ਮਾਨਵਤਾ ਹੀ ਹੈ, ਦਾ ਸੰਦੇਸ਼ ਵੀ ਦਿੰਦਾ ਹੈ। ਸਮਾਜਿਕ ਕੁਰੀਤੀਆਂ ਨੂੰ ਨਕਾਰਦਾ ਹੈ, ਭ੍ਰਿਸ਼ਟਾਚਾਰ ਦਾ ਵਿਰੋਧ ਕਰਦਾ ਹੈ, ਸੱਚੀ ਸੁੱਚੀ ਕਿਰਤ ਦੀ ਪ੍ਰਸੰਸਾ ਕਰਦਾ ਹੈ ਤੇ ਆਪਣੀ ਮਿਹਨਤ ਦੀ ਕਮਾਈ ਨਾਲ ਆਪਣੀ ਆਰਥਿਕ ਹਾਲਤ ਨੂੰ ਸੁਧਾਰਨ ਦਾ ਉਪਦੇਸ਼ ਵੀ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਉਸ ਸਮੇਂ ਦੇ ਜਰਵਾਣੇ ਰਾਜੇ, ਮਹਾਰਾਜਿਆਂ ਨੂੰ ਰੂਹਾਨੀਅਤ ਅਪਣਾਉਣ ਦੀ ਗੱਲ ਵੀ ਕਰਦਾ ਹੈ ਤੇ ਉਹਨਾਂ ਦੇ ਅਮਾਨਵੀ ਕਾਰਨਾਮਿਆਂ ਦਾ ਵਿਰੋਧ ਵੀ ਕਰਦਾ ਹੈ। ਬਾਬਰ ਬਾਣੀ ਇਸ ਦੀ ਵੱਡੀ ਉਦਾਹਰਣ ਕਹੀ ਜਾ ਸਕਦੀ ਹੈ।

ਗੁਰੂ ਅਰਜਨ ਦੇਵ ਜੀ ਦਾ ਇਹ ਵਿਚਾਰ ਬੜੇ ਸਪਸ਼ਟ ਰੂਪ 'ਚ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਸਭ ਧਰਮਾਂ 'ਚ ਜੋ ਰਹੱਸਵਾਦੀ ਅਨੇਕਰੂਪਤਾ ਦਾ ਜੋ ਅਨੁਭਵ ਨਜ਼ਰ ਆਉਂਦਾ ਹੈ, ਉਸ ਨੂੰ ਇਕ ਜਗ੍ਹਾ ਇਕੱਤਰ ਕਰਕੇ, ਉਸ ਦੀ ਜਾਣਕਾਰੀ, ਲੋਕਾਈ ਤੱਕ ਪਹੁੰਚਾਈ ਜਾਵੇ ਤੇ ਉਸ ਸਮੇਂ ਇਹਨਾਂ ਦੇ ਰਹੱਸਮਈ ਮੂਲ ਸਿਧਾਂਤ ਨੂੰ, ਇਕ ਥਾਂ ਇਕੱਤਰ ਕਰਕੇ, 'ਗੁਰੂ ਗ੍ਰੰਥ ਸਾਹਿਬ' 'ਚ ਵਿਸ਼ਵਾਸ ਬਹਾਲ ਕੀਤਾ ਜਾਵੇ। ਇਸ ਧਾਰਮਿਕ ਗ੍ਰੰਥ 'ਚ ਉਨ੍ਹਾਂ ਨੇ ਸਭ ਧਰਮਾਂ ਦੇ ਵਿਚਾਰਾਂ ਦਾ ਸੰਗ੍ਰਹਿ ਵੀ ਕੀਤਾ ਹੈ ਤਾਂ ਕਿ ਸਭ ਧਰਮਾਂ ਦੇ ਲੋਕ, ਇਕੋ ਹੀ ਧਾਰਮਿਕ ਗ੍ਰੰਥ 'ਚੋਂ ਰੂਹਾਨੀਅਤ ਤੇ ਜੀਵਨ ਜਾਚ ਦੀ ਸਿੱਖਿਆ ਲੈ ਸਕਣ। ਇਸ ਲਈ ਹੀ ਉਨ੍ਹਾਂ ਨੇ ਸਭ ਧਰਮਾਂ ਦੇ ਸੰਤ-ਮਹਾਂਪੁਰਸ਼ਾਂ, ਰਹਿਬਰਾਂ, ਸੂਫੀ ਫਕੀਰਾਂ, ਭਗਤਾਂ, ਗੁਰੂਆਂ ਤੇ ਵਿਦਵਾਨਾਂ ਦੀ ਬਾਣੀ ਨੂੰ ਇਕੱਤਰ ਕਰਕੇ 'ਗੁਰੂ ਗ੍ਰੰਥ ਸਾਹਿਬ' ਜੀ ਦੀ ਸੰਪਾਦਨਾ ਤੇ ਸਥਾਪਨਾ ਕਰਵਾਈ ਤਾਂ ਜੋ ਸਮੁੱਚੀ ਲੋਕਾਈ ਉਸ 'ਇਕੋ ਜੋਤ' ਭਾਵ ਪ੍ਰਮਾਤਮਾ ਦੀ ਉਪਾਸਨਾ ਕਰ ਸਕਣ।

ਸਿੱਖ ਜਗਤ ਖਾਸ ਤੌਰ 'ਤੇ ਸਮੁੱਚਾ ਸੰਸਾਰ ਆਮ ਕਰਕੇ ਵਧਾਈ ਦਾ ਪਾਤਰ ਹੈ ਕਿ ਅੱਜ ਉਨ੍ਹਾਂ ਪਾਸ 'ਗੁਰੂ ਗ੍ਰੰਥ ਸਾਹਿਬ' ਜੀ ਜਿਹਾ ਇਕ ਮਹਾਨ ਪਵਿੱਤਰ ਧਾਰਮਿਕ ਗ੍ਰੰਥ ਹੈ ਜੋ ਸਮੁੱਚੀ ਮਾਨਵਤਾ ਨੂੰ ਜੀਵਨ ਜਾਚ ਤੇ ਰੂਹਾਨੀਅਤ ਦੀ ਸੇਧ ਦੇਣ ਦੇ ਸਮਰੱਥ ਹੈ। ਅਸੀਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੀ ਬੜੇ ਰਿਣੀ ਹਾਂ, ਜਿਨ੍ਹਾਂ ਨੇ 'ਗੁਰੂ ਪ੍ਰਥਾ' ਬੰਦ ਕਰਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਨੂੰ, ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ, ਸਿੱਖ ਜਗਤ ਲਈ 'ਗਿਆਰਵਾਂ ਗੁਰੂ' ਸੰਪੂਰਨਤਾ ਉਪਰੰਤ, ਦੁਬਾਰਾ ਸਥਾਪਤ ਕਰਕੇ ਅਰਪਣ ਕਰ ਦਿੱਤਾ।

ਗੁਰੂ ਗ੍ਰੰਥ ਸਾਹਿਬ ਜੀ 'ਚੋਂ ਸੰਖੇਪ ਰੂਪ 'ਚ ਇਹ ਸਿੱਖਿਆਵਾਂ ਮਿਲਦੀਆਂ ਹਨ ਕਿ ਸਭ ਲੋਕਾਈ ਦਾ ਇਕੋ ਹੀ ਪ੍ਰਮਾਤਮਾ ਹੈ, ਸਭ ਇਨਸਾਨ ਬਰਾਬਰ ਹਨ, ਔਰਤ ਤੇ ਪੁਰਸ਼ ਦਾ ਦਰਜਾ ਬਰਾਬਰ ਹੈ ਤੇ ਔਰਤ ਮਰਦ ਦੀ ਜਨਣੀ ਹੋਣ ਕਾਰਨ ਸਾਨੂੰ ਉਸ ਦੀ ਮਹਾਨਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸਦਾ ਸੱਚ ਬੋਲੋ ਤੇ ਸਾਦਾ ਜੀਵਨ ਬਤੀਤ ਕਰੋ। ਬੁਰਾਈਆਂ ਤੋਂ ਬਚ ਕੇ ਰਹੋ। ਪ੍ਰਮਾਤਮਾ ਦੇ ਭਾਣੇ 'ਚ ਰਹੋ। ਨਿਮਰਤਾ, ਦਿਆਲਤਾ, ਦਇਆ, ਸੰਤੋਖ ਅਤੇ ਸਭ ਨਾਲ ਪਿਆਰ ਕਰਨ ਦੀ ਭਾਵਨਾ ਰੱਖੋ। ਹਮੇਸ਼ਾ ਆਪਣੀ ਸੁਰਤ ਨੂੰ ਉਜਾਗਰ ਰੱਖੋ ਤੇ ਸਦਾ ਸਿੱਖਣ ਦੀ ਭਾਵਨਾ 'ਚ ਰਹੋ।

## ਸ਼ਰਧਾ ਦੇ ਫੁੱਲ

### 6 ਸਤੰਬਰ 1901 ਨੂੰ ਸਿੱਖ ਪੰਥ ਦੇ ਗਾਡੀ ਗਿਆਨੀ ਦਿੱਤ ਸਿੰਘ ਜੀ ਸਦੀਵੀ ਵਿਛੋੜਾ ਦੇ ਗਏ ਸਨ



- ਫਤਿਹਜੰਗ ਸਿੰਘ
9872670278

ਨੌਂ ਕੁ ਸਾਲ ਦਾ ਇਹ ਨੰਨ੍ਹਾ ਮੁੰਨਾ
ਅੱਲੜ ਜਿਹੀ ਹੈ ਬਾਲ ਵਰੇਸ
ਖੇਡਣ ਉਮਰੇ ਇਹ ਕਿਹੜਾ ਬਾਲਕ
ਕਿਹੜੀ ਖੇਡਾਂ ਖੇਡ ਰਿਹਾ ਹੈ?

ਛੋਟੀ ਉਮਰੇ ਵੱਡੇ ਕਰਤਬ
ਨਿਆਣੇ ਤੋਂ ਫਿਰ ਸਿਆਣਾ ਬਣਕੇ
ਬਾਲਕ ਤੋਂ ਇਕ ਗਿਆਨੀ ਬਣਕੇ
ਗਿਆਨ ਦੀ ਮੁੱਠੀਆਂ ਵੰਡ ਰਿਹਾ ਹੈ।

ਜ਼ਾਲਮ ਜ਼ਮਾਨਾ ਪੜ੍ਹਨ ਨਾ ਦੇਵੇ
ਗਿਆਨ ਤੇ ਰੋਕਾਂ ਲਾਈ ਬੈਠਾ
ਸ਼ੂਦਰ ਆਖ ਲਤਾੜੀ ਜਾਵੇ
ਐਪਰ ਫਿਰ ਵੀ ਪੜ੍ਹਦਾ ਜਾ ਰਿਹਾ ਹੈ।

ਵਿਦਿਆ ਪਾ ਵਿਚਾਰਾਂ ਕਰਕੇ
ਡੂੰਘਾ ਉਤਰਿਆ ਗੋਤਾ ਲਾਇਆ
ਮੋਤੀ ਚੁਣ ਖਜ਼ਾਨਾ ਪਾ ਕੇ
ਕੋਲ ਨਹੀਂ ਰੱਖਿਆ ਵੰਡ ਰਿਹਾ ਹੈ।

ਸੱਚਾ ਚੇਲਾ ਨਾਨਕ ਦਾ ਬਣ
ਗੋਬਿੰਦ ਦਾ ਸਿੱਖ ਅਸਲੋਂ ਬਣਿਆ
ਨਕਲੀ ਸਿੱਖ ਤੋਂ ਬਾਗੀ ਹੋ ਕੇ
ਬਿਪਰਵਾਦ ਵੰਗਾਰ ਰਿਹਾ ਹੈ।

ਦੱਖਣੋਂ ਆਇਆ ਇਕ ਸੁਆਮੀ
ਬਿਪਰਵਾਦ ਦਾ ਝੰਡਾ ਚੁੱਕਕੇ
ਸਿੱਖਾਂ ਨੂੰ ਵੀ ਪਾਇਆ ਚੱਕਰੀਂ
ਪਰ ਦਿੱਤ ਸਿੰਘ ਗਿਆਨੀ ਆਣ ਬਚਾਇਆ।

ਦਇਆ ਨੰਦ ਜਦ ਹੜ੍ਹ ਲੈ ਆਂਦਾ
ਸਿੱਖਾਂ ਨੂੰ ਜਦ ਨਾਲ ਵਹਾਇਆ
ਦਿੱਤ ਸਿੰਘ ਗਿਆਨੀ ਉਠ ਬੈਠਾ ਫਿਰ
ਡੁੱਬਦਾ ਜਾਂਦਾ ਧਰਮ ਬਚਾਇਆ।

ਸਰਸਵਤੀ ਨੂੰ ਗੁੱਸਾ ਚੜ੍ਹਿਆ
ਦਿੱਤ ਸਿੰਘ ਨੂੰ ਰੋਹ ਆ ਚੜ੍ਹਿਆ
ਦੋਵੇਂ ਪਾਸਿਉਂ ਤੀਰ ਕੱਸ ਗਏ
ਦਿੱਤ ਸਿੰਘ ਨੇ ਤਿੰਨ ਵਾਰ ਭਜਾਇਆ।

ਬਿਪਰਵਾਦੀਆਂ, ਜਾਤ ਹੰਕਾਰੀਆਂ
ਹਰਿਮੰਦਰ ਵਿਚ ਗੱਦੀਆਂ ਲਾਈਆਂ
ਸੱਚੀ ਸੁੱਚੀ ਸਿੱਖੀ ਨੂੰ ਬਿਪਰਾਂ
ਜਾਤ ਪਾਤ ਦਾ ਰੰਗ ਚੜ੍ਹਾਇਆ।

ਜਨਮ-ਜਾਤ ਹੀ ਆਖਿਰ ਮੰਨਣੀ
ਛੋਟ ਵੱਡੇ ਸਭ ਰੱਬ ਦਾ ਭਾਣਾ
ਇਕ ਕੁਲੀਨ ਹੈ ਦੁਇ ਕਮੀਣੇ
ਗੁਰੂ ਦੀ ਸਿੱਖਿਆ ਮੂਲ ਭੁਲਾਇਆ।

ਜੋੜਿਆਂ ਵਿਚ ਖਲਾਰਕੇ ਸ਼ੂਦਰ
ਪ੍ਰਸ਼ਾਦ ਗੁਰੂ ਦਾ ਹੱਥ ਤੇ ਪਾਉਂਦੇ
ਕੰਮੀਆਂ ਤੋਂ ਭਿੱਟ ਮੰਨਣ ਲੱਗੇ
ਇਕੋ ਨੂਰ ਕਿਤੇ ਨਜ਼ਰ ਨਾ ਆਇਆ।

ਦਿੱਤ ਸਿੰਘ ਨੇ ਸਮਝਾਇਆ ਇਕੁਰ
ਇਕੋ ਨੂਰ ਹੈ, ਸਭ ਲਮ ਵਸਣੇ
ਸਿੱਖਾਂ ਵਿਚ ਨਾ ਊਚ ਤੇ ਨੀਵਾਂ
ਗੱਦੀਆਂ ਨੂੰ ਚੁੱਕ ਬਾਹਰ ਸੁਟਾਇਆ।

ਪਰਕਰਮਾ ਵਿਚ ਪੂਜਾ ਹੋਵੇ
ਮੂਰਤੀਆਂ ਥਾਂ ਥਾਂ ਤੇ ਲਾਈਆਂ
ਕੁੱਤ ਪੂਜਾ ਸਿੱਖੀ ਤੋਂ ਉਲਟੀ
ਗਿਆਨੀ ਜੀ ਚੁੱਕ ਦੂਰ ਸੁਟਾਇਆ।

ਨਾ ਗੱਦੀਆਂ, ਨਾ ਮੂਰਤੀਆਂ ਨੂੰ
ਹਰਿਮੰਦਰ ਵਿਚ ਰਹਿਣ ਸੀ ਦਿੱਤਾ
ਗੁਰਮੁਖ ਸਿੰਘ ਨੂੰ ਨਾਲ ਮਿਲਾ ਕੇ
ਗਿਆਨੀ ਜੀ ਨੇ ਧਰਮ ਬਚਾਇਆ।

ਗਿਆਨੀ ਜੀ ਨੇ ਪੇਪਰ ਕੱਢਿਆ
ਪੁਸਤਕਾਂ ਦਾ ਇਕ ਹੜ੍ਹ ਲੈ ਆਇਆ
ਤੰਗੀ ਤੁਰਸ਼ੀ ਤੁੱਛ ਸੀ ਜਾਣੀ
ਸਿੱਖੀ ਦਾ ਝੰਡਾ ਲਹਿਰਾਇਆ।

ਬਿਪਰਵਾਦੀਆਂ ਚਾਲਾਂ ਚੱਲੀਆਂ
ਪੇਪਰ ਵੀ ਸੀ ਬੰਦ ਕਰਾਇਆ
ਝੋਰਾ ਲੱਗਿਆ, ਬੇਟੀ ਤੁਰ ਗਈ
ਜਿੰਦ ਨਿਮਾਣੀ ਨੂੰ ਕੜਕਾਇਆ।

ਤੁਰ ਗਿਆ ਰਾਹੀ, ਤੁਰ ਗਿਆ ਗਾਡੀ
ਤੁਰ ਗਿਆ ਸੱਚਾ ਪੰਥ ਸਿਪਾਹੀ
ਤੁਰ ਗਿਆ ਸ਼ੇਰ, ਵਿਦਵਾਨ ਤੁਰ ਗਿਆ
ਪਰ ਪੰਥ 'ਕੱਠਾ ਕਰ ਦਿਖਲਾਇਆ।

ਅਸੀਂ ਹਾਂ ਭੁੱਲੇ, ਤੁਸੀਂ ਵੀ ਭੁੱਲੇ
ਪੰਥ ਵੀ ਭੁੱਲਿਆ, ਕੌਮ ਵੀ ਭੁੱਲੀ
ਅਸੀਂ ਅਕ੍ਰਿਤਘਣ, ਤੁਸੀਂ ਮਤਲਬੀ
ਕਿਉਂ ਉਹ ਦੁੱਲ੍ਹਾ ਸ਼ੇਰ ਭੁਲਾਇਆ?

ਇੰਝ ਨਾ ਭੁੱਲਣੇ ਕੌਮ ਦੇ ਹੀਰੇ
ਇੰਝ ਨਾ ਭੁੱਲਣੇ ਮਨੁੱਖ ਮਹਾਨ
ਪੈੜਾਂ ਪਾ ਗਏ ਸੱਜਣ ਰੰਗਲੇ
ਫਿਰੇਗਾ ਲੱਭਦਾ ਜੱਗ ਸਬਾਇਆ।

ਅੱਜ ਨਹੀਂ ਤਾਂ ਭਲਕੇ ਉਠ ਸੀ
ਉੱਠ ਕੇ ਰਹੇਗਾ ਇਕ ਤੂਫਾਨ
ਟੋਏ ਟਿੱਬੇ ਸਮਤਲ ਹੋ ਸਨ
ਗਿਆਨੀ ਜੀ ਜੋ ਸਬਕ ਪੜ੍ਹਾਇਆ।

ਬੇਗ਼ਮਪੁਰਾ ਗੁਰੂ ਦਾ ਉਸਰੇ
ਛੋਟ ਬੜੇ ਸਭ ਸਮ ਹੋ ਜਾਵਣ
ਦਿੱਤ ਸਿੰਘ ਸੰਘਰਸ਼ ਅਜਿਹਾ ਕੀਤਾ
ਅਮਰ ਸਦੀਵੀ ਨਾ ਚਮਕਾਇਆ।

## ਆਖਿਰਕਾਰ ਹੋਇਆ ਸੁਪਨਾ ਸਾਕਾਰ

ਰੋਡ ਜਿੱਥੇ ਬਾਬਾ ਸਾਹਿਬ ਲੰਡਨ ਸਕੂਲ ਔਫ ਇਕਨੌਮਿਕ ਵਿੱਚ ਪੜ੍ਹਦੇ ਸਮੇਂ ਰਹਿੰਦੇ ਸਨ, ਸਾਡੀ ਫੈਡਰੇਸ਼ਨ ਔਫ ਅੰਬੇਡਕਰਾਇਟਸ ਐਂਡ ਬੁਧਿੱਸਟ ਔਰਗੇਨਾਇਜ਼ਸ ਯੂਕੇ ਨੇ ਨੀਲੇ ਰੰਗ ਦੀ ਪਲਾਕ ਲਗਾਈ ਜਿਸ ਉੱਪਰ ਲਿਖਿਆ ਗਿਆ "Dr BHIMRAO RAMJI AMBEDKAR 1891-1956 Indian Crusader For Social Justice Lived here 1921-1922" ਇਹ ਪਲਾਕ ਲਗਾਉਣ ਤੋਂ ਪਹਿਲਾਂ ਜਦੋਂ ਵੀ ਅਸੀਂ ਕਿਸੇ ਭਾਰਤ ਤੋਂ ਆਏ ਸਾਥੀ ਨੂੰ ਇਹ ਘਰ ਦਿਖਾਉਣ ਸਮੇਂ ਬਾਹਰ ਖੜਕੇ ਫੋਟੋ ਲੈਂਦੇ ਤਾਂ ਇੱਥੇ ਰਹਿਣ ਵਾਲੇ ਪੁਲੀਸ ਨੂੰ ਫੋਨ ਕਰ ਦਿੰਦੇ ਸਨ ਪਰ ਹੁਣ ਇਹ ਨੌਬਤ ਕਦੀ ਵੀ ਨਹੀਂ ਆਵੇਗੀ।

28 ਅਕਤੂਬਰ 2014 ਨੂੰ ਮੈਂ ਆਪਣੀ ਭੈਣ ਸ਼ੀਲਾ ਜੋ ਕਿ ਇਟਲੀ ਤੋਂ ਆਈ ਸੀ, ਉਸਦਾ ਨੈਸ਼ਨਲ ਇੰਨਸ਼ੋਰੈਂਸ ਕਾਰਡ ਬਣਾਉਣ ਲਈ ਲੰਡਨ ਗਿਆ ਸਾਡੇ ਕੋਲ ਵਕਤ ਸੀ ਮੈਂ ਸ਼ੀਲਾ ਨੂੰ ਕਿਹਾ ਕਿ ਜਿੱਥੇ ਬਾਬਾ ਸਾਹਿਬ ਰਹਿੰਦੇ ਸਨ, ਉਹ ਘਰ ਨਜ਼ਦੀਕ ਹੀ ਹੈ ਦੇਖਣਾ ਹੈ ? ਉਸਨੇ ਬਹੁਤ ਖੁਸ਼ ਹੋ ਕੇ ਕਿਹਾ ਕਿ ਭਾਜੀ ਕਿਉਂ ਨਹੀਂ ? ਇੱਥੇ ਪਹੁੰਚਕੇ ਮੈਂ ਦੇਖਿਆ ਕਿ ਏਜੰਟ ਦਾ ਬੋਰਡ ਵੇਚਣ ਲਈ ਲੱਗਾ ਹੋਇਆ ਹੈ । ਮੈਂ ਫੋਰਨ ਹੀ ਆਪਣੇ ਮੋਵਾਇਲ ਤੋਂ ਏਜੰਟ ਨੂੰ ਫੋਨ ਕਰਕੇ ਪੁੱਛਿਆ ਕਿ ਫਲੈਟ ਹਨ ਜਾਂ ਸਾਰੇ ਦਾ ਸਾਰਾ ਘਰ ਵੇਚਣ ਲਈ ਹੈ ? ਏਜੰਟ ਨੇ ਕਿਹਾ ਕਿ ਸਾਰੇ ਦਾ ਸਾਰਾ ਘਰ ਵਕਾਊ ਹੈ । ਮੈਂ ਘਰ ਆਕੇ ਆਪਣੀ ਈ ਮੇਲ ਤੇ ਜੋ 250 ਅਡਰੈਸ ਸਨ ਸਾਰਿਆਂ ਨੂੰ ਇਸ ਵਾਰੇ ਈ ਮੇਲ ਭੇਜ ਦਿੱਤਾ । ਇਸ ਦਾ ਅਸਰ ਇਹ ਹੋਇਆ ਕਿ ਮੁੰਬਈ ਵਿੱਚ ਬੈਠੇ ਅੰਬੇਡਕਰੀ ਸਾਥੀ ਉਹ ਈ ਮੇਲ ਦੀ ਕਾਪੀ ਲੈ ਕੇ ਮੌਜੂਦਾ ਚੀਫ ਮਨਿਸਟਰ ਕੋਲ ਚਲੇ ਗਏ ਕਿ ਸਰਕਾਰ ਇਹ ਘਰ ਖਰੀਦ ਕੇ ਬਾਬਾ ਸਾਹਿਬ ਦਾ ਮਊਜ਼ਿਅਮ ਬਣਾਏ । ਮਹਾਰਾਸ਼ਟਰ ਵਿੱਚ 1-2 ਮਹੀਨੇ ਬਾਦ ਅਲੈਨਸ਼ਨ ਸਨ, ਵੋਟਾਂ ਨੂੰ ਮੱਦੇਨਜ਼ਰ ਰੱਖ ਕੇ ਚੀਫ ਮਨਿਸਟਰ ਨੇ ਹਾਂ ਕਰ ਦਿੱਤੀ । ਰਾਜਨੀਤਕ ਲੀਡਰਾਂ ਤੇ ਵਿਸ਼ਵਾਸ ਕਰਨਾ ਕਠਿਨ ਹੈ ! ਇਸ ਲਈ ਚੀਫ ਮਨਿਸਟਰ ਨੂੰ ਲਿਖਕੇ ਦੇਣ ਲਈ ਕਿਹਾ ਤਾਂ ਉਸਨੇ ਲਿਖਕੇ ਦੇ ਦਿੱਤਾ । ਇਲੈਕਸ਼ਨ ਹੋ ਗਏ ਨਵੀਂ ਸਰਕਾਰ ਆ ਗਈ ਤਾਂ ਸਾਡੇ ਸਾਥੀਆਂ ਨੇ ਪਹਿਲੇ ਚੀਫ ਮਨਿਸਟਰ ਦਾ ਲਿਖਿਆ ਦੇ ਦਿੱਤਾ, ਅਸੀਂ ਧੰਨਵਾਦੀ ਹਾਂ ਮੌਜੂਦਾ ਮਹਾਰਾਸ਼ਟਰ ਸਰਕਾਰ ਦੇ ਕਿ ਉਨ੍ਹਾਂ ਨੇ 28 ਅਗਸਤ ਨੂੰ ਇਸ ਦਾ ਬਿਆਨਾ ਰੱਖ ਦਿੱਤਾ ਅਤੇ ਹੁਣ ਸਤੰਬਰ ਦੇ ਆਖੀਰ ਤੱਕ ਇਸ ਦੀ ਚਾਬੀ ਮਿਲ ਜਾਵੇਗੀ।

ਐਤਵਾਰ 30 ਅਗਸਤ 2015 ਨੂੰ ਮਹਾਰਾਸ਼ਟਰ ਦੇ ਸੋਸ਼ਿਲ ਵੈਲਫੇਅਰ ਐਂਡ ਜਸਟਸ ਮਨਿਸਟਰ ਰਾਜ ਕੁਮਾਰ ਬੋਡਾਲੇ ਜੀ 28 ਅਗਸਤ ਨੂੰ ਇਸ ਘਰ ਦਾ ਲਿਖਤੀ ਬਿਆਨਾ ਕਰਨ ਤੋਂ ਬਾਦ ਬੁੱਧਾ ਵਿਹਾਰਾ ਸਾਊਥਾਲ ਵਿੱਚ 'ਓਥੋਂ ਨੂੰ ਮਿਲਣ ਆਏ। ਇਹ ਤਸਵੀਰਾਂ ਸਾਊਥਾਲ ਦੇ ਬੁੱਧ ਵਿਹਾਰ ਦੀ ਲਾਇਬਰੇਰੀ ਅਤੇ ਸਾਉਥ ਇੰਡੀਅਨ ਰੈਸਟੋਰੈਂਟ "ਸਰਵਾਨਾ" ਦੀਆਂ ਹਨ ਜਿੱਥੇ ਮਨਿਸਟਰ ਅਤੇ ਦੂਜੇ ਸਾਥੀਆਂ ਨੇ ਦੁਪਿਹਰ ਦਾ ਭੋਜਨ ਖਾਧਾ।

**- ਹਰਬੰਸ ਵਿਰਦੀ**

## ਸਮੇਂ ਤੋਂ ਪਹਿਲਾਂ ਹੀ ਪੰਜਾਬ ਵਿਚ ਚੋਣਾਂ ਦੀ ਸਰਗਰਮੀ ਆਰੰਭ ਹੋਈ

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ 'ਪੰਜਾਬ ਬਚਾਓ' ਤਹਿਤ ਇੱਥੇ ਕੀਤੀ ਗਈ ਪਲੇਠੀ ਰੈਲੀ ਦੌਰਾਨ ਗੰਭੀਰ ਆਰਥਿਕ ਸੰਕਟ ਵਿੱਚ ਘਿਰੇ ਪੰਜਾਬ ਨੂੰ ਅਕਾਲੀ-ਭਾਜਪਾ ਤੋਂ ਮੁਕਤ ਕਰਾਉਣ ਅਤੇ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ ਗਿਆ। ਰੈਲੀ ਦੌਰਾਨ ਮਤੇ ਪਾਸ ਕਰਦਿਆਂ ਕੇਂਦਰ ਦੀ ਭਾਜਪਾ ਸਰਕਾਰ ਪਾਸੋਂ ਪੰਜਾਬ ਵਿੱਚ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਦੀ ਜਾਂਚ ਸੀ ਬੀ ਆਈ ਤੋਂ ਕਰਾਉਣ, ਕਿਸਾਨਾਂ ਸਿਰ ਚੜ੍ਹਿਆ 51 ਹਜ਼ਾਰ ਕਰੋੜ ਦਾ ਕਰਜ਼ਾ ਮੁਆਫ਼ ਕਰਨ ਅਤੇ ਸਾਬਕਾ ਫੌਜੀਆਂ ਦੀ 'ਇੱਕ ਰੈਂਕ ਇੱਕ ਪੈਨਸ਼ਨ' ਦੀ ਮੰਗ ਨੂੰ ਤੁਰੰਤ ਪੂਰਾ ਕਰਨ ਦੀ ਮੰਗ ਕੀਤੀ ਗਈ। ਕਾਂਗਰਸ ਵੱਲੋਂ ਐਲਾਨ ਕੀਤਾ ਗਿਆ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਕਿਸਾਨੀ ਮੰਗਾਂ ਨੂੰ ਲੈ ਕੇ ਕੇਂਦਰ ਸਰਕਾਰ ਖ਼ਿਲਾਫ਼ ਸੰਘਰਸ਼ ਵਿੱਢੇ ਤਾਂ ਕਾਂਗਰਸ ਉਸਦੀ ਡਟਵੀਂ ਹਮਾਇਤ ਕਰੇਗੀ। ਉਨ੍ਹਾਂ ਐਲਾਨ ਕੀਤਾ ਕਿ ਮਰਨ ਵਰਤ ਦੌਰਾਨ ਜੇਕਰ ਮੁੱਖ ਮੰਤਰੀ ਸ਼ਹੀਦ ਹੋ ਗਏ ਤਾਂ ਦੂਜੀ ਸ਼ਹਾਦਤ ਉਹ ਦੇਣਗੇ ਅਤੇ ਕਿਸਾਨੀ ਮੰਗਾਂ ਲਈ ਕਿਸੇ ਸੰਘਰਸ਼ ਤੋਂ ਪਿੱਛੇ ਨਹੀਂ ਹਟਣਗੇ।



FREE WiFi
Ram Gopal
Annabelle's
Pizza & Pasta Kitchen
200 "J" Street
Sacramento, CA 95814
(916) 448-6239
BIG SCREEN TV
IN OLD SACRAMENTO
Annabelle's
Pizza & Pasta Kitchen
PIZZA, PASTA, SPAGHETTI, BAKED MACARONI & CHEESE, SALAD BAR (16 Varieties)
Italian Buffets, Indian Foods. (Italian Buffet $6.99)
Hall free for Jago, Birth Day & Wedding Parties.
Seven days open from 11 AM to 4 PM
Features All you can eat Italian Buffet
(Our Dough is Freshly Rolled Daily and Made of the Finest Ingredients)
Now Serving Beer &Wine!
Ram Gopal
$5 DISCOUNT PARKING VALIDATION
ANNABELLE'S Downstairs
2nd Street
J Street
HANDICAP RAMP
PARKING AREA
Varieties of Video Games Available
Variety of Sandwiches are also available
Ram Gopal (916) 448-6239
200 "J" Street, Sacramento, CA 95814




TANDOOR
Indian Restaurant
27167 Mission Blvd. Hayward, CA 95544
Lunch & Buffet
OPEN 7 DAYS A WEEK (510) 885-1212
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ
BUFFET LUNCH 11:00 AM To 3:00 PM
We are open seven days 11 AM to 10 PM
Contact Us:
Ph. 510-885-1212
Fax. 510-885-1532




Continental
ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ
ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।
Truck, Trailer Repair & Tyre Servicse
ਟਰੈਕਟਰ-ਟਰੇਲਰ ਸਬੰਧੀ ਹਰ ਕਿਸਮ ਦੀ ਸਰਵਿਸ ਅਤੇ ਟਾਇਰ
ਸਰਵਿਸ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
Bhajji Gill (510-277-6315)
Chain Gill 510-542-1181
42400 Boyce Rd., Unite F,
Fremont, CA 94538

# ਪੰਜਾਬੀ ਦਲਿਤ ਕਵਿਤਾ ਵਿਚ ਦਲਿਤ ਮੁਕਤੀ ਦਾ ਸਵਾਲ



ਪ੍ਰੋਫੈਸਰ (ਡਾ.) ਰੌਣਕੀ ਰਾਮ
Dean, Faculty of Arts
Honorary Director, ICSSR,
North-Western Regional Centre
Shaheed Bhagat Singh Professor
of Political Science, Arts Block IV,
Panjab University, Chandigarh
0091-9779142308

*(ਆਖਰੀ ਕਿਸਤ)*

ਕੱਚੇ ਨੂੰ ਪੱਕਾ ਕਰਦਾ
ਨਗਰ ਸ਼ਹਿਰ
ਵਸਾਉਂਦਾ
ਸਿਰਜਣਹਾਰ
ਲੱਗਾ ਏ।

ਦਲਿਤ ਮੁਕਤੀ ਦੇ ਸੰਕਲਪ ਤੋਂ ਦੂਰ ਬੈਠੇ ਦਲਿਤ ਲੋਕਾਂ ਨੂੰ ਸੰਬੋਧਿਤ ਹੁੰਦਿਆਂ ਹੋਇਆ ਵੀਰਾ ਲਿਖਦੇ ਹਨ-

ਉਹ
ਜੋ ਰਿਸ਼ਤਿਆਂ ਵੱਲ
ਪਿੱਠ ਕਰਕੇ ਖੜਾ ਹੈ
ਉਸ ਨੂੰ ਕਹੋ
ਕਿ ਮੋਹ ਦੀ ਨਦੀ
ਸਾਰੀ ਪਲੀਤ ਨਹੀਂ
ਹੋਈ

****

ਉਹ
ਜੋ ਨਹੁੰਆਂ ਨਾਲੋਂ ਮਾਸ ਟੁੱਟਣ ਨੂੰ ਹਕੀਕਤ ਸਮਝ ਬੈਠਾ ਹੈ
ਉਸਨੂੰ ਕਹੋ
ਕਿ ਛਾਂਗੇ ਹੋਏ ਰੁੱਖ
ਇਸ ਤਰ੍ਹਾਂ ਸੁੱਕਦੇ ਨਹੀਂ।

ਮੋਹਨ ਤਿਆਗੀ ਆਸ਼ਾਵਾਦੀ ਪਹੁੰਚ ਤੋਂ ਪ੍ਰੇਰਿਤ ਦਲਿਤ ਮੁਕਤੀ ਦੇ ਰਾਹ ਦੀ ਦੱਸ ਪਾਉਂਦਾ ਹੋਇਆ ਆਪਣੀ ਕਵਿਤਾ 'ਪੱਥਰ' ਵਿੱਚ ਇਸ ਨੂੰ ਹੇਠ ਲਿਖੀਆਂ ਸਤਰਾਂ ਵਿੱਚ ਬਹੁਤ ਖੂਬਸੂਰਤ ਢੰਗ ਨਾਲ ਬਿਆਨ ਕਰਦਾ ਹੈ-

ਤੁਹਾਡੀ ਪੱਥਰ ਸੁੱਟਣ ਦੀ ਇਸ ਪਰੰਪਰਾ ਨੇ
ਮੈਨੂੰ ਇੱਕ ਨਵਾਂ ਹੁਨਰ
ਸਿਖਾਇਆ ਹੈ
ਤੇ ਮੈਂ ਹੁਣ ਤੁਹਾਡੇ ਵੱਲੋਂ ਸੁੱਟੇ ਗਏ
ਹਰ ਇੱਕ ਪੱਥਰ ਨੂੰ
ਇੱਕ ਮੀਲ ਪੱਥਰ ਵਿੱਚ ਬਦਲਣਾ
ਜਾਣਦਾ ਹਾਂ
ਜਿਹੜਾ ਕਿ ਕਿਸੇ ਮੰਜ਼ਿਲ ਦਾ
ਦਿਸਹੱਦਾ ਬਣਦਾ ਹੈ।

ਉਪਰੋਕਤ ਕਵਿਤਾ ਵਿੱਚ ਮੋਹਨ ਤਿਆਗੀ ਨੇ ਦਲਿਤ ਵਰਗ ਦੇ ਵਿਰੁੱਧ ਸਦੀਆਂ ਤੋਂ ਅਪਣਾਈ ਜਾਂਦੀ ਆ ਰਹੀ ਜ਼ਾਲਮਾਨਾ ਅਤੇ ਦਮਨਕਾਰੀ ਬ੍ਰਾਹਮਣਵਾਦੀ ਵਰਤਾਓ ਦੀ ਨੀਤੀ ਨੂੰ ਨਵੇਂ ਸ਼ਬਦਾਂ ਵਿੱਚ ਪੇਸ਼ ਕਰਦੇ ਹੋਏ ਉਸ ਨੂੰ ਬਜਾਏ ਨਿਰਾਸ਼ਾ ਦੇ ਆਸ਼ਾ ਵਿੱਚ ਬਦਲਣ ਦੀ ਨਿਆਰੀ ਅਤੇ ਮਿਆਰੀ ਗੱਲ ਕਰਕੇ ਬਣ ਰਹੀ ਵੱਖਰੀ ਦਲਿਤ ਪਛਾਣ ਅਤੇ ਮੁਕਤੀ ਦੇ ਸੰਘਰਸ਼ ਨੂੰ ਵੱਖਰੇ ਢੰਗ ਨਾਲ ਚਿਤਰਿਆ ਹੈ।

ਦਲਿਤ ਮੁਕਤੀ ਦੇ ਸੰਕਲਪ ਨੂੰ ਪਰਿਭਾਸ਼ਤ ਕਰਦਿਆਂ ਕੱਲਰਮਾਜਰੀ ਲਿਖਦੇ ਹਨ ਕਿ ਹਾਲੇ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਬਹੁਤ ਕੁਝ ਸੰਵਿਧਾਨਿਕ ਵਿਵਸਥਾਵਾਂ ਦੇ ਬਾਵਜੂਦ ਵੀ ਉਥੇ ਦਾ ਉਥੇ ਖੜਾ ਹੈ। ਪੇਸ਼ ਹਨ ਕੁਝ ਸਤਰਾਂ-

ਅਜਿਹਾ ਕੁਝ ਵੀ
ਨਹੀਂ ਵਾਪਰਿਆ
ਕਲਪਨਾ ਸਾਕਾਰ ਨਹੀਂ ਹੋਈ
ਨਾ ਹੀ ਬਦਲਿਆਂ ਹੈ
ਕਵੀ ਨੇ ਆਪਣਾ ਮਨ
ਹਾਲਾਂ ਵੀ ਦੂਰ ਹੈ
ਪਿੰਡ ਦੇ ਪੂਰਬ ਤੇ ਪੱਛਮ 'ਚ
ਬਣੀਆਂ ਕਬਰਾਂ ਦਾ ਫਾਸਲਾ।

ਮੁੱਖ-ਧਾਰਾ ਸਾਹਿਤ ਵਿਚ ਭਾਰਤੀ ਸੰਸਕ੍ਰਿਤੀ ਦੇ ਬਹੁਤ ਸੋਹਲੇ ਗਾਏ ਮਿਲਦੇ ਹਨ। ਇਸ ਦੇ ਵਿਪਰੀਤ ਦਲਿਤ ਸਾਹਿਤ ਵਿਚ ਭਾਰਤੀ ਸੰਸਕ੍ਰਿਤੀ ਦੀ ਜੋ ਤਸਵੀਰ ਉਭਰ ਕੇ ਸਾਹਮਣੇ ਆਉਂਦੀ ਹੈ ਉਸ ਦਾ ਰੂਪ ਦਮਨਕਾਰੀ ਹੈ। ਵਿਗਿਆਨਿਕ ਯੁੱਗ ਵਿਚ ਪ੍ਰਵੇਸ਼ ਕਰਕੇ ਜੁਆਨ ਹੋ ਚੁੱਕੀ ਇਹ ਸਦੀਆਂ ਪੁਰਾਣੀ ਸੰਸਕ੍ਰਿਤੀ ਆਪਣਾ ਦਲਿਤ ਪ੍ਰਤੀ ਦਮਨਕਾਰੀ ਵਰਤਾਓ ਛੱਡਣ ਤੋਂ ਮੁਨਕਰ ਪ੍ਰਤੀਤ ਹੁੰਦੀ ਹੈ। ਪੇਸ਼ ਹਨ ਕੁਝ ਸਤਰਾਂ-

ਹੁਣ ਤਾਂ
ਮਾਰੂਥਲਾਂ ਵਿਚ ਦੀ
ਉਗ ਆਈ ਹੈ ਹਰਿਆਵਲ

****

ਆ ਗਿਆ ਹੈ ਪਰਿਵਰਤਨ
ਤੇ ਮੇਰੀ ਸੰਸਕ੍ਰਿਤੀ ਵਿਚ
ਰਟੀ-ਰਟਾਈ ਵਰਣ ਵਿਵਸਥਾ
ਦੀ ਅਜੇ ਵੀ ਉਹੀ ਅਵਸਥਾ।

*****

ਤੇ ਮੇਰੀ ਸੰਸਕ੍ਰਿਤੀ
ਖਪਤ ਸੱਭਿਆਚਾਰ ਵਾਂਗ
ਮਨੁੱਖਾਂ ਉਤੇ ਲਾਉਂਦੀ ਹੈ
ਅਜੇ ਵੀ ਵੱਖੋ-ਵੱਖਰੇ ਲੇਬਲ।

ਉਪਰੋਕਤ ਅਲਫਾਜ਼ਾਂ ਨਾਲ ਮਿਲਦੇ-ਜੁਲਦੇ ਸ਼ਬਦਾਂ ਵਿਚ ਮਦਨ ਵੀਰਾ ਭਾਰਤੀ ਸੰਸਕ੍ਰਿਤੀ ਦੇ ਦਲਿਤ ਵਿਰੋਧੀ ਵਰਤਾਓ ਨੂੰ ਆਪਣੀ ਕਵਿਤਾ 'ਨਿਮਾਣ' ਵਿੱਚ ਕੁਝ ਇਸ ਤਰ੍ਹਾਂ ਪੇਸ਼ ਕਰਦੇ ਹਨ-

ਇਹ ਵੀ ਜਾਣ ਕੇ ਕੀ ਲੈਣਾ ਹੈ?
ਕਿ ਇੱਥੇ ਨੇ ਬਹੁਤ ਵੱਡੇ
ਜਨਤਾ ਦੇ ਰਹਿਬਰ

******

ਬਾਪੂ, ਚਾਚੇ ਵਰਗੇ ਨੇਤਾ
ਜਿੱਥੇ ਦੋ ਗਜ਼ ਧਰਤੀ ਸਾਨੂੰ ਨਸੀਬ ਨਹੀਂ ਹੈ।

ਅਜੋਕੇ ਸੰਸਾਰੀਕਰਨ ਦੇ ਯੁੱਗ ਵਿੱਚ ਦਲਿਤ ਸਥਿਤੀ ਦੀ ਠਹਿਰੀ ਹੋਈ ਵਿਵਸਥਾ ਦੀ ਗੱਲ ਕਰਦੇ ਹੋਏ ਮਦਨ ਵੀਰਾ ਆਪਣੀ ਕਵਿਤਾ 'ਡਿਓਡੀ ਦੇ ਬਾਹਰ' ਵਿਚ ਬੜੇ ਕਟਾਸ਼ਮਈ ਢੰਗ ਨਾਲ ਆਪਣੇ ਭਾਵ ਪ੍ਰਗਟ ਕਰਦੇ ਹਨ-

ਅੱਜ ਜਦ ਦੁਨੀਆਂ ਖੋਜ ਰਹੀ ਹੈ
ਨਵੀਆਂ ਧਰਤੀਆਂ ਨਵੇਂ ਅਕਾਸ਼
ਘਟ ਰਹੀ ਧਰਤੀ ਦੀ ਦੂਰੀ
ਸਿਮਟ ਰਿਹਾ ਸੰਸਾਰ
ਕੁੱਲ ਧਰਤੀ ਦੇ ਆਦਮ ਜਾਏ
ਢੁੱਕ ਢੁੱਕ ਬੈਠਣ ਪਾਸ
ਪਰ ਸਾਡੇ ਦੇਸ਼ 'ਚ
ਸਾਡੇ ਆਪਣੇ ਘਰ ਵਿੱਚ
ਸਾਡੇ ਹੀ ਆਪਣੇ ਲੋਕਾਂ ਨੂੰ
ਸਾਡੇ ਤੋਂ ਹੀ ਆਣੇ ਬਾਸ।

ਭਾਰਤੀ ਸਮਾਜ ਦੇ ਸਵਰਨ, ਸਾਧਨ-ਸੰਪਨ ਵਰਗ ਵੱਲੋਂ ਦਲਿਤ ਉਥਾਨ ਪ੍ਰਤੀ ਵਾਰ-ਵਾਰ ਕੀਤੇ ਵਾਅਦਿਆਂ ਦੇ ਝੂਠ ਦਾ ਪਰਦਾਫਾਸ਼ ਕਰਦੇ ਹੋਏ ਕੱਲਰਮਾਜਰੀ ਆਪਣੀ ਕਵਿਤਾ 'ਅਨੇਕਾਂ ਵਾਰ' ਵਿਚ ਸਾਫ਼-ਸਾਫ਼ ਸ਼ਬਦਾਂ ਵਿੱਚ ਬਿਆਨ ਕਰਦੇ ਹਨ-

ਅਨੇਕਾਂ ਵਾਰ
ਕੀਤਾ ਹੈ ਤੁਸੀਂ ਮੇਰੇ ਨਾਲ ਵਾਅਦਾ
ਕਿ ਇੱਕ ਨਾ ਇੱਕ ਦਿਨ
ਕਰ ਹੀ ਲਓਗੇ ਤੁਸੀਂ ਮੇਰੀ ਮਨੁੱਖ ਵਜੋਂ ਪਛਾਣ।
ਕਿ ਮੇਰੀ ਲਾਸ਼ ਨੂੰ
ਆਪਣੀਆਂ ਹੀ ਮੜ੍ਹੀਆਂ 'ਚ
ਕਰੋਗੇ ਅਗਨ ਭੇਟ

*****

ਕਿ ਮਰਨ ਤੋਂ ਪਹਿਲਾਂ
ਮੇਰੇ ਕੰਨਾਂ 'ਚੋਂ ਸਿੱਕਾ ਕੱਢ
ਰਾਮ ਕਥਾ ਸੁਣਾਓਗੇ

******

ਇਹ ਸੋਚ ਕੇ
ਅਨੇਕਾਂ ਵਾਰ ਲਿਆ ਹੈ ਮੈਂ ਜਨਮ ਤੇ
ਅਨੇਕਾਂ ਵਾਰ ਹੋਈ ਹੈ ਮੇਰੀ ਮੌਤ।

ਉਪਰੋਕਤ ਕਾਵਿ-ਵਿਸ਼ਲੇਸ਼ਣ ਤੋਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਅਜੋਕੀ ਪੰਜਾਬੀ ਕਵਿਤਾ ਵਿਚ ਦਲਿਤ ਕਾਵਿ ਆਪਣੀ ਇਕ ਵੱਖਰੀ ਪਛਾਣ ਬਣਾਉਣ ਦੀ ਤਿਆਰੀ ਵਿਚ ਹੈ। ਇਸ ਦਲਿਤ ਕਾਵਿ ਦਾ ਸੁਹਜ-ਸ਼ਾਸਤਰ ਅਤੇ ਦਰਸ਼ਨ ਕਿਹੋ-ਜਿਹਾ ਹੈ ਜਾਂ ਹੋਵੇਗਾ ਇਸ ਬਾਰੇ ਅਜੇ ਚਰਚਾ ਹੋਣੀ ਬਾਕੀ ਹੈ। ਲੇਕਿਨ ਜੋ ਚਰਚਾ ਦਲਿਤ ਕਾਵਿ ਬਾਰੇ ਸਮੁੱਚੀ ਪੰਜਾਬੀ ਕਵਿਤਾ ਦੇ ਸੰਦਰਭ ਵਿਚ ਹੋ ਰਹੀ ਹੈ ਉਸ ਦੀ ਮੁੱਖ ਸੁਰ ਦੀ ਸੂਈ ਦਲਿਤ ਕਵਿਤਾ ਦੇ ਮਿਆਰੀ ਕਵਿਤਾ ਹੋਣ ਜਾਂ ਨਾ ਹੋਣ ਦੇ ਨੁਕਤੇ ਤੇ ਅੜੀ ਹੋਈ ਹੈ। ਦਲਿਤ ਕਵੀਆਂ ਦਾ ਇਹ ਆਮ ਰੋਸਾ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਨੂੰ ਮੁੱਖ-ਧਾਰਾ ਕਾਵਿ ਦੇ ਕੱਦ ਦੇ ਬਰਾਬਰ ਨਾ ਸਮਝ ਕੇ ਮੁੱਖ-ਧਾਰਾ ਕਾਵਿ ਤੋਂ ਬਾਹਰ ਰੱਖਿਆ ਜਾਂਦਾ ਹੈ। ਉਨ੍ਹਾਂ ਨੂੰ ਇਹ ਵੀ ਸ਼ਿਕਾਇਤ ਹੈ ਕਿ ਉਨ੍ਹਾਂ ਦੀ ਕਵਿਤਾ ਨੂੰ ਸਟੇਜੀ ਕਵਿਤਾ ਜਾਂ ਫਿਰ ਮਹਿਜ਼ ਤੁਕਬੰਦੀ ਤੱਕ ਹੀ ਸੀਮਤ ਕਰਕੇ ਨੱਕ-ਬੁੱਲ੍ਹ ਚਾੜ੍ਹਦਿਆਂ ਅਣਗੌਲਿਆਂ ਕੀਤਾ ਜਾਂਦਾ ਹੈ। ਮੁੱਖ-ਧਾਰਾ ਆਲੋਚਕ ਵੀ ਦਲਿਤ ਕਾਵਿ ਦੀ ਸਮੀਖਿਆ ਕਰਦੇ ਹੋਏ ਇਸ ਨੂੰ ਟੇਢੀ ਸਮਾਜਿਕ ਸੰਰਚਨਾ ਅਤੇ ਵਾਸਤਵਿਕਤਾ ਦੀਆਂ ਗੁੰਝਲਾਂ ਨੂੰ ਸਮਝਣ ਤੋਂ ਅਸਮਰੱਥ ਦਰਸਾਉਂਦੇ ਹਨ।

ਮੁੱਖ-ਧਾਰਾ ਪੰਜਾਬੀ ਕਾਵਿ ਅਤੇ ਆਲੋਚਨਾ ਦੇ ਖੇਮਿਆਂ ਵਿਚ ਇੱਕ ਹੋਰ ਚਰਚਾ ਜਿਸ ਦਾ ਬੋਲ-ਬਾਲਾ ਬਹੁਤਾਤ ਵਿਚ ਹੈ ਉਹ ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਨਾਲ ਸੰਬੰਧਤ ਕਵਿਤਾ ਨੂੰ ਜਮਾਤੀ ਨੁਕਤਾ-ਨਿਗਾਹ ਤੋਂ ਦੇਖਦੇ ਹੋਏ ਜਾਤ ਆਧਾਰਤ ਕਵਿਤਾ ਦੀ ਆਲੋਚਨਾ ਹੀ ਨਹੀਂ ਕਰਦੀ ਸਗੋਂ ਜਾਤੀ ਆਧਾਰਤ ਦਲਿਤ ਕਵਿਤਾ ਨੂੰ ਪਿਛਾਂਹਖਿਚੂ ਫਿਰਕਾਪ੍ਰਸਤ ਆਦਿ ਨਾਵਾਂ ਨਾਲ ਵੀ ਭੰਡਦੀ ਹੈ। ਇਸ ਦੇ ਬਿਲਕੁਲ ਉਲਟ ਪੰਜਾਬੀ ਦਲਿਤ ਕਵੀਆਂ ਦੀ ਬਹੁਤ ਵੱਡੀ ਗਿਣਤੀ ਦਲਿਤ ਪਛਾਣ ਨਾਲ ਸੰਬੰਧਤ ਕਵਿਤਾ ਨੂੰ ਜਮਾਤ ਦੇ ਨਾਲ-ਨਾਲ ਜਾਤ ਦੇ ਸੰਦਰਭ ਵਿਚ ਵੀ ਸਮਝਣ ਦੀ ਗੱਲ ਪੁਰਜ਼ੋਰ ਨਾਲ ਕਰਦੀ ਹੈ। ਡਾ. ਸਰਬਜੀਤ ਸਿੰਘ ਦੇ ਸ਼ਬਦ ਇਥੇ ਪ੍ਰਸੰਗਕ ਹਨ, "ਦਲਿਤ ਚੇਤਨਾਮੁਖ ਕਾਵਿ ਵਿਚ ਆਰਥਿਕ ਆਜ਼ਾਦੀ ਦਾ ਮਸਲਾ ਅੰਤਿਮ ਨਹੀਂ ਸਮੁੱਚੇ ਰੂਪ ਵਿਚ ਪੀੜਤ ਅਤੇ ਦਬੇਲ ਬਣਾਏ ਮਨੁੱਖ ਦੀ ਸਰਬਪੱਖੀ ਆਜ਼ਾਦੀ ਦਾ ਮਸਲਾ ਹੈ।

ਇਹ ਮਸਲਾ ਇਕਹਿਰੀਆਂ ਵਿਆਖਿਆ ਵਿਧੀਆਂ ਅਤੇ ਮੁਕਤੀ ਦੇ ਬਿਰਤਾਤਾਂ ਨੂੰ ਚੁਣੌਤੀ ਦੇ ਕੇ ਨਵੇਂ ਦਰਸ਼ਨ ਦੀ ਮੂਕ ਮੰਗ ਵੀ ਕਰਦਾ ਹੈ। ਅਜਿਹਾ ਦਰਸ਼ਨ ਅਤੇ ਦ੍ਰਿਸ਼ਟੀਕੋਣ ਜਿਹੜਾ ਦਮਨ ਦੀਆਂ ਸਾਰੀਆਂ ਵਿਧੀਆਂ ਅਤੇ ਰੂਪਾਂ ਦੀ ਵਿਸਥਾਪਨਾ ਕਰਕੇ ਸਮਾਜਿਕ ਨਿਆਂ ਵਾਲੇ ਸਮਾਜ ਦੀ ਸਿਰਜਨਾ ਕਰਨ ਦੇ ਸਮਰੱਥ ਹੋਵੇ''।

ਭਾਰਤੀ ਸਮਾਜ ਵਿੱਚ ਦਲਿਤ ਵਿਤਕਰੇ ਦੀ ਦਾਸਤਾਂ ਦੇ ਸ਼ਿਲਾਲੇਖ ਜਮਾਤ/ਸ਼੍ਰੇਣੀ ਅਤੇ ਜਾਤ ਦੇ ਸੁਡੌਲ ਨਾ ਲੁਪਤ ਹੋਣ ਵਾਲੇ ਪੱਤਰਿਆਂ ਤੇ ਲਿਖੇ ਪਏ ਮਿਲਦੇ ਹਨ। ਜਾਤ ਆਧਾਰਤ ਵਿਤਕਰੇ ਦੀ ਅਨੋਖੀ ਗਾਥਾ ਭਾਰਤੀ ਸਮਾਜ ਵਿਚ ਹੀ ਪਾਈ ਜਾਂਦੀ ਹੈ ਜਿਸ ਦੀਆਂ ਗੁੰਝਲਦਾਰ ਕੜੀਆਂ ਜਮਾਤੀ ਹੁੱਕਾਂ ਵਿਚ ਇਸ ਕਦਰ ਫਸੀਆਂ ਪਈਆਂ ਹਨ ਕਿ ਬਹੁਤਾ ਕਰਕੇ ਇਨ੍ਹਾਂ ਦੇ ਆਪਸੀ ਸੰਬੰਧਾਂ ਬਾਰੇ ਪਤਾ ਲਾਉਣਾ ਆਸਾਨ ਨਹੀਂ ਹੁੰਦਾ।

ਜਾਤੀ ਗ੍ਰੰਥੀਆਂ ਤਾ ਭਾਰਤੀ ਮਨੁੱਖ ਦੇ ਦਿਮਾਗ ਦੀਆਂ ਉਹ ਗ੍ਰੰਥੀਆਂ ਹਨ ਜਿਹੜੀਆਂ ਉਸ ਨੂੰ ਮਰਨ ਤੋਂ ਬਾਅਦ ਵੀ ਉਸ ਦੀਆਂ ਅਸਥੀਆਂ ਦੇ ਅਵਿਸ਼ੇਸ਼ ਪ੍ਰਵਾਹ ਦੀ ਵਸੀਅਤ ਦੇ ਰੂਪ ਵਿਚ ਕਾਇਮ ਰੱਖਦੀਆਂ ਹਨ। ਭਾਰਤੀ ਸਮਾਜ ਦੀਆਂ ਜਾਤੀ ਗੰਢਾਂ ਦਲਿਤ ਮਨੁੱਖ ਦੇ ਜੀਵਨ ਦੀ ਤਰਾਸਦੀ ਦੀਆਂ ਹੀ ਸਹੀ ਮਾਅਨਿਆਂ ਵਿਚ ਗੰਢਾਂ ਹਨ ਜਿਨ੍ਹਾਂ ਨੂੰ ਖੋਲ੍ਹਣ ਤੋਂ ਉਹ ਅਕਸਰ ਅਸਮਰੱਥ ਜਾਂ ਆਪਣੇ ਆਪ ਨੂੰ ਲਾਚਾਰ ਮਹਿਸੂਸ ਕਰਦਾ ਪਾਇਆ ਜਾਂਦਾ ਹੈ।

ਸਮਕਾਲੀ ਪੰਜਾਬੀ ਦਲਿਤ-ਕਾਵਿ ਵਿਚ ਜਿਸ ਤਰ੍ਹਾਂ ਪਿਛਲੇ ਕੁਝ ਦਹਾਕਿਆਂ ਤੋਂ ਜਾਤ ਨੂੰ ਲੈ ਕੇ ਦਲਿਤ ਕਵਿਤਾ ਦੀ ਰਚਨਾ ਹੋ ਰਹੀ ਹੈ ਉਸ ਬਾਰੇ ਮੁੱਖ-ਧਾਰਾ ਸਾਹਿਤ ਵਿਚ ਜਮਾਤ ਦੇ ਨੁਕਤਾ-ਨਿਗਾਹ ਤੋਂ ਤਿੱਖਾ ਨੋਟਿਸ ਲਿਆ ਜਾ ਰਿਹਾ ਹੈ। ਇਹ ਵਿਚਾਰ ਆਮ ਦੇਖਣ-ਸੁਨਣ ਵਿਚ ਆਉਂਦਾ ਹੈ ਕਿ ਦਲਿਤ ਕਵੀਆਂ ਵਿਚ ਜਿਹੜਾ ਵਰਗ ਜਾਤ ਨੂੰ ਲੈ ਕੇ ਸਮਾਜਿਕ ਪਛਾਣ ਦੀ ਗੱਲ ਕਵਿਤਾ ਦੇ ਮਾਧਿਅਮ ਰਾਹੀਂ ਕਰਦਾ ਹੈ ਉਸ ਦਾ ਸੰਬੰਧ ਦਲਿਤ ਜਾਤੀਆਂ ਅੰਦਰ ਉੱਠ ਰਹੀ ਮੱਧਵਰਗੀ ਦਲਿਤ ਜਮਾਤ ਨਾਲ ਹੈ।

ਇਸ ਵਰਗ ਬਾਰੇ ਇਹ ਵੀ ਵਿਚਾਰ ਬਣਾਇਆ ਜਾਂਦਾ ਹੈ ਕਿ ਇਹ ਵਰਗ ਵੱਖਰੀ ਦਲਿਤ ਪਛਾਣ ਦੇ ਮੁੱਦੇ ਨੂੰ ਰਾਜਨੀਤਕ ਪੱਤੇ ਦੇ ਤੌਰ ਤੇ ਖੇਡ ਕੇ ਸਥਾਪਿਤ ਬੁਰਜੂਆ ਸੰਰਚਨਾ ਦਾ ਅੰਗ ਬਣਨਾ ਲੋਚਦਾ ਹੈ। ਇਸ ਵਿਚਾਰ ਦੇ ਬਿਲਕੁਲ ਉਲਟ ਜਾਤ ਆਧਾਰਤ ਦਲਿਤ ਕਾਵਿ ਦੇ ਧਾਰਨੀਆਂ ਦਾ ਇਹ ਮੰਨਣਾ ਹੈ ਕਿ ਭਾਵੇਂ ਦੇਰ ਨਾਲ ਹੀ ਸਹੀ ਜਿਹੜੀ ਸਮਕਾਲੀ ਦਲਿਤ ਕਵਿਤਾ ਵਿਚ ਜਾਤੀ ਵਿਤਕਰੇ ਨੂੰ ਲੈ ਕੇ ਸਮਾਜਿਕ ਨਾ ਬਰਾਬਰਤਾ ਦੇ ਕੋਹੜ ਦੀ ਗੱਲ ਹੋਣੀ ਸ਼ੁਰੂ ਹੋਈ ਹੈ ਉਹ ਆਪਣੇ ਆਪ ਵਿਚ ਇਕ ਉਪਲੱਭਧੀ ਹੈ। ਜਿਸ ਬਾਰੇ ਚਰਚਾ ਨਾ ਤਾਂ ਪ੍ਰਗਤੀਵਾਦੀ ਅਤੇ ਨਾ ਜੁਝਾਰਵਾਦੀ ਕਵਿਤਾ ਵਿਚ ਹੋਈ ਮਿਲਦੀ ਹੈ।

ਜਿਥੋਂ ਤਕ ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਦੇ ਗੰਭੀਰ ਮੁੱਦਿਆਂ ਦੀ ਬਹੁਪਰਤੀ ਸਮਝ ਦਾ ਸਵਾਲ ਹੈ, ਉਸ ਨੂੰ ਨਾ ਤਾਂ ਇਕੱਲੇ ਕਹਿਰੇ ਜਾਤ ਦੇ ਆਧਾਰ ਤੇ ਅਤੇ ਨਾ ਹੀ ਸਿਰਫ ਜਮਾਤ/ਸ਼੍ਰੇਣੀ ਦੇ ਨੁਕਤਾ-ਨਿਗਾਹ ਤੋਂ ਸਮਝ ਕੇ ਉਸ ਦਾ ਕੋਈ ਹੱਲ ਲੱਭਿਆ ਜਾ ਸਕਦਾ ਹੈ। ਇਹ ਬਹੁਪਰਤੀ ਸਵਾਲ ਮੰਗ ਕਰਦਾ ਹੈ ਕਿ ਇਸ ਨੂੰ ਜਮਾਤ/ ਜਾਤ/ ਵਿਸ਼ਵੀਕਰਨ/ ਐਥਨਿਕ ਪਛਾਣਾਂ/ ਧਰਮਾਂ/ ਸ਼ਹਿਰੀਕਰਨਾਂ/ ਵਾਤਾਵਰਨ ਨਾਲ ਸੰਬੰਧਤ ਜੋੜੇ ਜਾ ਰਹੇ ਤਮਾਮ ਆਰਥਿਕ ਵਿਕਾਸ ਦੇ ਪਹਿਲੂਆਂ ਆਦਿ ਦੇ ਬਹੁ-ਸੰਦਰਭਾਂ ਵਿਚ ਰੱਖ ਕੇ ਇਸ ਦੀ ਆਲੋਚਨਾਤਮਕ ਪਰਖ ਕਰਦਿਆਂ ਹੋਇਆ ਕੋਈ ਪੁਖ਼ਤਾ ਹੱਲ ਲੱਭਿਆ ਜਾਵੇ।

ਇਸ ਨੁਕਤਾ-ਨਿਗਾਹ ਤੋਂ ਦੇਖਦਿਆਂ ਸਮਕਾਲੀ ਪੰਜਾਬੀ ਦਲਿਤ ਕਵਿਤਾ ਵਿਚ ਅਤੇ ਭਵਿੱਖੀ ਦਲਿਤ ਕਵਿਤਾ ਵਿਚ ਉਸ ਕਾਵਿ ਦੀ ਸਾਰਥਿਕਤਾ ਬਣਨ ਦੀ ਸੰਭਾਵਨਾ ਹੈ ਜਿਸ ਨੇ ਦਲਿਤ ਪਛਾਣ ਦੇ ਸਵਾਲ ਨੂੰ ਉਪਰੋਕਤ ਬਹੁ ਸੰਦਰਭਾਂ ਵਿੱਚ ਭਾਂਪਦੇ ਹੋਏ ਭਾਰਤੀ ਸਮਾਜ ਦੇ ਗੁੰਝਲਦਾਰ ਜਾਤਪਾਤੀ ਤਾਣੇ ਬਾਣੇ ਦੀਆਂ ਤੰਦਾਂ ਨੂੰ ਜਮਾਤ ਅਤੇ ਇਸ ਦੇ ਨਾਲ ਸੰਬੰਧਤ ਵਿਕਾਸ ਦੇ ਤਮਾਮ ਸੰਦਰਭਾਂ ਵਿਚ ਸਮਝਦੇ ਹੋਏ ਇਸ ਦੇ ਪੁਖ਼ਤਾ ਹੱਲ ਦੀ ਗੱਲ ਕਰਨੀ ਹੈ। (ਸਮਾਪਤ)

# ਸਿੱਖ-ਵਿਰੋਧੀ ਸ਼ਕਤੀਆਂ ਦੀ ਸਾਜ਼ਿਸ਼ ਬਨਾਮ ਸਿੱਖ ਆਗੂ

(ਸਫਾ 6 ਦੀ ਬਾਕੀ

ਇਕ ਵੀ ਸਿੱਖ ਬੈਠਾ ਹੈ, ਉਸ ਡੱਬੇ ਵਿਚ ਬੈਠੀ ਹਰ ਔਰਤ ਹੀ ਨਹੀਂ, ਸਗੋਂ ਹਰ ਸਵਾਰੀ ਵੀ ਪੂਰੀ ਤਰ੍ਹਾਂ ਸੁਰਖਿਅਤ ਹੈ। ਸਿੱਖ ਇਤਿਹਾਸ ਵਿਚ ਅਜਿਹੀਆਂ ਅਨੇਕਾਂ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ, ਜੋ ਇਹ ਸਾਬਤ ਕਰਦੀਆਂ ਹਨ ਕਿ ਦੇਸ਼ ਦੀ ਇਜ਼ਤ-ਆਬਰੂ ਅਤੇ ਸਨਮਾਨ ਨੂੰ ਬਚਾਣ ਲਈ ਸਿੱਖ ਆਪਣੀਆਂ ਜਾਨਾਂ ਤਕ ਕੁਰਬਾਨ ਕਰ ਦਿਆ ਕਰਦੇ ਸਨ, ਕਿਉਂਕਿ ਗੁਰੂ ਸਾਹਿਬਾਨ ਨੇ ਉਨ੍ਹਾਂ ਨੂੰ ਸਿਖਿਆ ਰੂਪੀ ਜੋ ਗੁੜ੍ਹਤੀ ਦਿਤੀ ਸੀ, ਉਹ ਉਨ੍ਹਾਂ ਨੂੰ ਧੀਆਂ-ਭੈਣਾਂ, ਗ਼ਰੀਬਾਂ-ਮਜ਼ਲੂਮਾਂ, ਬੇਸਹਾਰਿਆਂ ਅਤੇ ਬੇਗੁਨਾਹਵਾਂ ਨੂੰ ਜ਼ਬਰ-ਜ਼ੁਲਮ ਤੋਂ ਬਚਾਣ ਲਈ ਜਾਨਾਂ ਕੁਰਬਾਨ ਕਰਨ ਦੀ ਪ੍ਰੇਰਨਾ ਦਿੰਦੀ ਹੈ।

ਸੁਆਲ ਉਠਦਾ ਹੈ ਕਿ ਕੀ ਅਜ ਦੇ ਸਿੱਖ-ਆਗੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਸ ਕਸੌਟੀ ਤੇ ਪੂਰਿਆਂ ਉਤਰਦੇ ਹਨ, ਜਿਸਤੇ ਪਰਖਦਿਆਂ ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਨੇ ਆਪਣੇ ਪੰਥ ਨੂੰ ਉਚੇਰਿਆਂ ਲੈ ਜਾਣਾ ਹੈ।

ਗਲ ਸਰਬਤ ਖਾਲਸਾ ਦੀ : ਸਿਖ ਇਤਿਹਾਸ ਗੁਆਹ ਹੈ ਕਿ 'ਸਰਬਤ ਖਾਲਸਾ' ਵਲੋਂ ਲਏ ਗਏ ਫੈਸਲਿਆਂ ਨੂੰ ਸਮੁਚੇ ਪੰਥ ਵਲੋਂ ਬਿਨਾਂ ਕਿਸੇ ਕਿੰਤੂ-ਪ੍ਰੰਤੂ ਦੇ ਸਵੀਕਾਰ ਕੀਤਾ ਜਾਂਦਾ ਸੀ। ਇਸਦਾ ਕਾਰਣ ਇਹ ਸੀ ਕਿ ਮਹਤਵਪੂਰਣ ਪੰਥਕ ਮਸਲਿਆਂ ਪੁਰ ਵਿਚਾਰ ਕਰਨ ਲਈ ਜੋ 'ਸਰਬਤ ਖਾਲਸਾ' ਸਦਿਆ ਜਾਇਆ ਕਰਦਾ ਸੀ। ਉਸ ਵਿਚ ਸਾਰੀਆਂ ਧਿਰਾਂ ਸ਼ਾਮਲ ਹੁੰਦੀਆਂ। ਹਰ ਧਿਰ ਨੂੰ ਵਿਚਾਰ-ਅਧੀਨ ਮੁਦਿਆਂ ਪੁਰ ਖੁਲ੍ਹ ਕੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿਤਾ ਜਾਂਦਾ। ਵਿਰੋਧੀ ਵਿਚਾਰਾਂ ਨੂੰ ਹਰ ਧਿਰ ਬੜੇ ਹੀ ਠਰ੍ਹਮੇਂ ਦੇ ਨਾਲ ਸੁਣਦੀ ਅਤੇ ਮੌਕਾ ਮਿਲਣ ਤੇ ਉਹ ਉਨ੍ਹਾਂ ਦੀ ਰੋਸ਼ਨੀ ਵਿਚ ਆਪਣਾ ਪੱਖ ਪੇਸ਼ ਕਰਦੀ। ਅੰਤਿਮ ਫੈਸਲਾ ਸਰਬ-ਸੰਮਤੀ ਨਾਲ ਲਿਆ ਜਾਂਦਾ। ਜੋ ਫੈਸਲਾ ਅੰਤਿਮ ਰੂਪ ਵਿਚ ਲੈ ਲਿਆ ਜਾਂਦਾ, ਉਸਨੂੰ ਸਾਰੀਆਂ ਧਿਰਾਂ ਬਿਨਾਂ ਕਿਸੇ ਕਿੰਤੂ-ਪ੍ਰੰਤੂ ਦੇ ਸਵੀਕਾਰ ਕਰ ਲੈਂਦੀਆਂ।

ਸਿਖ ਵਿਦਵਾਨਾਂ ਦੇ ਇਕ ਵਰਗ ਦਾ ਮੰਨਣਾ ਹੈ ਕਿ ਸਿਖ ਇਤਿਹਾਸ ਅਨੁਸਾਰ ਜਿਉਂ-ਜਿਉਂ ਸਿੱਖ ਮਿਸਲਾਂ ਦੀ ਹੋਂਦ ਖਤਮ ਹੁੰਦੀ ਗਈ, ਉਸਦੇ ਨਾਲ ਹੀ 'ਸਰਬਤ ਖਾਲਸਾ' ਦੀ ਸਾਰਥਕਤਾ ਵੀ ਖਤਮ ਹੁੰਦੀ ਚਲੀ ਗਈ। ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਖਾਲਸਾ ਰਾਜ ਦਾ ਵਿਸਥਾਰ ਹੋਣ ਦੇ ਨਾਲ ਹੀ ਸਰਬਤ ਖਾਲਸਾ ਦਾ ਉਦੇਸ਼ ਵੀ ਲਗਭਗ ਖਤਮ ਹੋ ਕੇ ਰਹਿ ਗਿਆ।

ਉਸਤੋਂ ਬਾਅਦ ਜੋ ਵੀ ਸਰਬਤ ਖਾਲਸਾ ਦੇ ਨਾਂ ਤੇ ਇਕਠ ਕੀਤੇ ਜਾਂਦੇ ਚਲੇ ਆ ਰਹੇ ਹਨ, ਉਨ੍ਹਾਂ ਵਿਚ ਇਕੋ ਧਿਰ ਦੇ ਬੰਦੇ ਇਕਠੇ ਹੋ ਕੇ ਆਯੋਜਕਾਂ ਦੀ ਹਾਂ ਵਿਚ ਹਾਂ ਮਿਲਾਉਣ ਦੀ ਜ਼ਿਮੇਂਦਾਰੀ ਨਿਭਾਉਂਦੇ ਹਨ। ਉਨ੍ਹਾਂ ਵਿਚ ਕੀਤੇ ਜਾਣ ਵਾਲੇ ਫੈਸਲਿਆਂ ਦੇ ਮੱਤੇ, ਜੋ ਪਹਿਲਾਂ ਤੋਂ ਹੀ ਤਿਆਰ ਕਰਕੇ ਲਿਆਏ ਜਾਂਦੇ ਚਲੇ ਆ ਰਹੇ ਹਨ, ਨੂੰ ਜੈਕਾਰੇ ਗਜਾ ਕੇ ਪ੍ਰਵਾਨਗੀ ਦੇ ਦਿਤੀ ਜਾਂਦੀ ਹੈ। ਇਸ ਕਰਕੇ ਅਜ ਜੇ ਕੋਈ ਸਰਬਤ ਖਾਲਸਾ ਬੁਲਾਉਣ ਦੀ ਗਲ ਕਰਦਾ ਹੈ ਤਾਂ ਇਉਂ ਜਾਪਦਾ ਹੈ, ਜਿਵੇਂ ਉਹ ਆਪਣੀ ਨਿਜੀ ਸੋਚ ਸਮੁਚੇ ਪੰਥ ਪੁਰ ਠੋਸਣਾ ਚਾਹੁੰਦਾ ਹੈ। ਕਿਉਂਕਿ ਸਪਸ਼ਟ ਹੈ ਕਿ ਅਜ ਕੋਈ ਵੀ ਇਤਨੀ ਦਲੇਰੀ ਕਰਨ ਲਈ ਤਿਆਰ ਨਹੀਂ ਕਿ ਉਹ ਜੋ ਸਰਬਤ ਖਾਲਸਾ ਸਦਣ ਜਾ ਰਿਹਾ ਹੈ, ਉਸ ਵਿਚ ਆਪਣੇ ਵਿਰੋਧੀਆਂ ਨੂੰ ਸਦਾ ਦੇਣ ਦੇ ਨਾਲ ਹੀ ਇਹ ਨਿਸ਼ਚਿਤ ਕਰਨ ਲਈ ਤਿਆਰ ਹੋਵੇਗਾ ਕਿ ਉਨ੍ਹਾਂ ਵਲੋਂ ਪ੍ਰਗਟ ਕੀਤੇ ਜਾਣ ਵਾਲੇ ਵਿਚਾਰਾਂ ਨੂੰ ਉਹ ਅਤੇ ਉਨ੍ਹਾਂ ਦੇ ਸਮਰਥਕ ਬਹੁਤ ਹੀ ਠਰ੍ਹਮੇਂ ਨਾਲ ਸੁਣਨਗੇ ਅਤੇ ਉਨ੍ਹਾਂ ਦੀ ਸਾਰਥਕਤਾ ਨੂੰ ਸਵੀਕਾਰ ਕਰਨ ਲਈ ਤਿਆਰ ਹੋਣਗੇ? ਜੇ ਅਜਿਹੀ ਦਲੇਰੀ ਨਹੀਂ? ਤਾਂ ਫਿਰ ਅਜ ਦੇ ਸਮੇਂ ਵਿਚ ਸਰਬਤ ਖਾਲਸਾ ਦੀ ਸਾਰਥਕਤਾ ਕਿਵੇਂ ਮੰਨੀ ਜਾ ਸਕਦੀ ਹੈ?

ਅਤੇ ਅੰਤ ਵਿਚ : ਅੱਜ ਦੇ ਕਿਹੜੇ ਧਾਰਮਕ ਆਗੂ ਜਾਂ ਧਾਰਮਕ ਸੰਸਥਾਵਾਂ ਦੇ ਮੁੱਖੀ ਅਜਿਹੇ ਹਨ, ਜੋ ਸਟੇਜਾਂ ਪੁਰ ਬਾਹਵਾਂ ਉਲਾਰ-ਉਲਾਰ ਕੇ ਬ੍ਰਾਹਮਣੀ ਵਿਚਾਰਧਾਰਾ ਦਾ ਵਿਰੋਧ ਕਰ ਵੱਡੇ-ਵੱਡੇ ਦਾਅਵੇ ਕਰਦਿਆਂ ਥਕਦੇ ਨਹੀਂ, ਕੀ ਉਹ ਆਪ ਆਪਣਾ ਤੇ ਦੁਸ਼ਮਣ ਦਾ ਭਵਿਖ ਜਾਨਣ ਲਈ ਜੋਤਸ਼ੀਆਂ ਅਤੇ ਪੰਡਤਾਂ ਦੇ ਚੱਕਰ ਕਟਣੋਂ ਸੰਕੋਚ ਕਰਦੇ ਹਨ?

# ਪੰਜਾਬੀ ਵਿਰਸੇ ਦੀ ਬਾਤ ਪਾਉਂਦੀ ਕਲਮ- ਤ੍ਰਿਪਤਾ ਬਰਮੌਤਾ



ਪ੍ਰੀਤਮ ਲੁਧਿਆਣਵੀ
+91-9876428641

'ਤ੍ਰਿਪਤਾ ਬਰਮੌਤਾ', ਸਾਹਿਤਕ ਖੇਤਰ ਵਿਚ ਕੋਈ ਨਵਾਂ ਨਾਓਂ ਨਹੀ। ਅਰਸ਼ਾਂ ਵਿਚੋਂ ਵਿਚਰਦੀਆਂ, ਪੰਜਾਬੀ ਵਿਰਸੇ ਦੀ ਬਾਤ ਪਾਉਂਦੀਆਂ ਕਲਮਾਂ ਦੀ ਸਤਰੰਗੀ ਪੀਂਘ ਦੇ ਇਕ ਨਿੱਖਰਵੇਂ ਖ਼ੂਬਸੂਰਤ ਰੰਗ ਦਾ ਨਾਂਓਂ ਹੈ-'ਤ੍ਰਿਪਤਾ ਬਰਮੌਤਾ'। ਉਹ ਤ੍ਰਿਪਤਾ, ਜਿਹੜੀ ਕਿ ਪਿਛਲੇ ਡੇਢ ਦਹਾਕੇ ਤੋਂ ਕਦੀ ਧੁੱਪ, ਕਦੀ ਛਾਂ: ਕਦੀ ਹਨੇਰੀ ਅਤੇ ਕਦੀ ਝੱਖੜਾਂ ਦੇ ਬੁੱਲੇ ਝੱਲਦਿਆਂ, ਸਮਾਜਿਕ ਬੁਰ-ਾਈਆਂ ਉਤੇ ਚੋਟ ਮਾਰਦੀ ਹੋਈ ਸਾਹਿਤਕ ਖੇਤਰ ਦੀ ਪਾਤਰ ਬਣੀ ਹੋਈ ਹੈ। ਇਕ ਮੁਲਾਕਾਤ ਦੌਰਾਨ ਜੀਵਨ ਦੇ ਤਜਰਬੇ ਸਾਂਝੇ ਕਰਦਿਆਂ ਉਸ ਦੱਸਿਆ ਕਿ ਸਾਹਿਤਕ ਅਤੇ ਸੱਭਿਆਚਾਰਕ ਖੇਤਰ ਵਿਚ ਟ੍ਰਾਫੀਆਂ ਅਤੇ ਸਰਟੀਫਿਕੇਟ ਜਿੱਤ ਕੇ ਝੜੀ ਲਾਉਣ ਦਾ ਪਲੇਟਫਾਰਮ ਉਸਨੂੰ ਬਾਲ-ਉਮਰੇ ਸਕੂਲ ਦੀਆਂ ਸਟੇਜਾਂ ਤੋਂ ਹੀ ਮਿਲ ਗਿਆ ਸੀ, ਜਿਹੜਾ ਕਿ ਹੁਸ਼ਿਆਰਪੁਰ ਬੀ. ਏ. ਦੀ ਪੜ੍ਹਾਈ ਕਰਨ ਤਕ ਉਸੇ ਤਰਾਂ ਬਰਕਰਾਰ ਰਿਹਾ। ਉਹ ਬੀ.ਏ. ਤੋਂ ਬਾਅਦ ਉਚੇਰੀ ਵਿਦਿਆ ਪ੍ਰਾਪਤ ਕਰਨਾ ਚਾਹੁੰਦੀ ਸੀ, ਪਰ ਮੱਥੇ ਦੀਆਂ ਲਕੀਰਾਂ ਨੇ ਸਾਥ ਨਾ ਦਿੱਤਾ। ਉਨ੍ਹਾਂ ਲਕੀਰਾਂ ਨੂੰ ਨਵੇਂ ਸਿਰਿਓਂ ਵਾਹੁਣ ਲਈ ਉਹ ਅੱਜ ਵੀ ਕਿਤਾਬਾਂ ਵਿਚ ਗੁਆਚੀ ਰਹਿੰਦੀ ਹੈ ਤਾਂ ਜੋ ਉਹ ਜ਼ਿੰਦਗੀ ਵਿਚ ਕੁਝ ਬਣ ਕੇ ਕੋਈ ਮੁਕਾਮ ਹਾਸਲ ਕਰ ਸਕੇ।

ਬਰਮੌਤਾ ਨੇ ਦੱਸਿਆ ਕਿ ਉਸਦੀ ਜ਼ਿੰਦਗੀ ਵਿਚ ਕਦੀ ਮਿੱਠੇ, ਕਦੀ ਕੌੜੇ ਪਲਾਂ ਦੇ ਅਨੇਕਾਂ ਉਤਰਾ-ਚੜ੍ਹਾਓ ਆਏ। ਸਭ ਤੋਂ ਕੌੜੇ ਪਲ ਉਸਦੇ ਪਿਤਾ ਜੀ ਅਤੇ ਭੈਣ ਦਾ ਸਦੀਵੀ ਵਿਛੋੜਾ ਸੀ। ਇਸ ਤੋਂ ਇਲਾਵਾ ਕਿਸੇ ਵਿਅੱਕਤੀ ਦੀ ਬੇ-ਰੁੱਖੀ ਦੀ ਮਾਰ ਸਹਿਣਾ ਉਸਦੇ ਲਈ ਕਿਸੇ ਕਾਲੇ ਪਾਣੀ ਦੀ ਸਜ਼ਾ ਤੋਂ ਘੱਟ ਨਹੀ ਸੀ। ਪਰ ਓਸ ਮਾਲਕ ਦੀ ਰਜ਼ਾ ਵਿਚ ਸਬਰ-ਸਬੂਰੀ ਨਾਲ ਰਹਿੰਦਿਆਂ ਉਹ ਅਡੋਲ ਹੋ ਕੇ ਤੁਰੀ ਰਹੀ। ਜਿਹਨ ਉਤੇ ਹੰਢਾਏ ਸਾਰੇ ਇਹ ਕੌੜੇ-ਫਿੱਕੇ ਤਜ਼ਰਬੇ ਉਸਦੀ ਕਲਮ ਦੇ ਨੱਕੇ ਵਿਚੋਂ ਲੰਘਕੇ ਕਵਿਤਾਵਾਂ, ਗੀਤਾਂ, ਗਜ਼ਲਾਂ, ਮਿੰਨੀ ਕਹਾਣੀਆਂ ਅਤੇ ਲੇਖਾਂ ਆਦਿ ਦਾ ਰੂਪ ਧਾਰਨ ਕਰਦੇ, ਅਖਬਾਰਾਂ ਰਸਾਲਿਆਂ ਅਤੇ ਮੈਗਜੀਨਾਂ ਰਾਂਹੀਂ ਪਾਠਕਾਂ ਤਕ ਲਗਾਤਾਰ ਪਹੁੰਚਦੇ ਰਹੇ। ਇਸ ਤਰਾਂ ਜਿੱਥੇ ਉਸ ਦੇ ਦਰਦ ਨੂੰ ਕੁਝ ਰਾਹਿਤ ਮਿਲ ਜਾਂਦੀ ਰਹੀ, ਉਥੇ ਆਪਣੀ ਮੰਜਲ ਤੱਕ ਪਹੁੰਚਣ ਦੀ ਕੋਸ਼ਿਸ਼ ਵਿਚ ਲੱਗੀ ਕਲਮ ਨੇ ਕਈ ਕਿਤਾਬਾਂ ਛਾਪਣ ਜੋਗੇ ਮੈਟਰ ਨਾਲ ਉਸਦੀ ਘਰ ਦੀ



ਅਲਮਾਰੀ ਵੀ ਭਰ ਦਿੱਤੀ। ਇਸਤੋਂ ਵੀ ਅੱਗੇ, ਕਲਮ ਦਾ ਪਰ-ਉਪਕਾਰ ਇਹ ਕਿ ਉਸ ਨੇ ਪੱਕੀ ਸਾਥਣ ਬਣ ਕੇ ਜ਼ਿੰਦਗੀ ਜਿਊਣ ਦਾ ਉਸਨੂੰ ਰਾਹ ਵੀ ਦਰਸਾਈ ਰੱਖਿਆ। ਕਲਮੀ-ਭੰਡਾਰੇ ਵਿਚੋਂ ਕੁਝ ਕੋ ਪਰਾਗੇ ਕੱਢ ਕੇ ਬਰਮੌਤਾ ਕਈ ਵੱਖ-ਵੱਖ ਸਾਂਝੀਆਂ ਪ੍ਰਕਾਸ਼ਾਵਾਂ ਦਾ ਸ਼ਿੰਗਾਰ ਵੀ ਬਣ ਚੁੱਕੀ ਹੈ, ਜਿਨ੍ਹਾਂ ਵਿਚੋਂ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਦੀਆਂ ਪੁਸਤਕਾਂ 'ਕਲਮਾਂ ਦੀ ਪਰਵਾਜ' (252 ਕਲਮਾਂ) ਅਤੇ 'ਕਲਮਾਂ ਦੇ ਸਿਰਨਾਂਵੇਂ' (287 ਕਲਮਾਂ) ਵਿਚ ਛਪਣ ਦਾ ਉਹ ਵਿਸੇਸ਼ ਜਿਕਰ ਕਰਦੀ ਹੈ। ਇਸ ਤੋਂ ਇਲਾਵਾ ਆਲ ਇੰਡੀਆ ਰੇਡੀਓ ਸਟੇਸ਼ਨ ਅਤੇ ਦੂਰਦਰਸ਼ਨ ਜਲੰਧਰ ਦੇ ਵਿਹੜੇ ਜਾ ਕੇ ਵੀ, ਕਈ ਅੱਡ-ਅੱਡ ਪ੍ਰੋਗਰਾਮਾਂ ਵਿਚ ਉਹ ਵਧੀਆ ਹਾਜਰੀਆਂ ਭਰ ਆਈ ਹੈ, ਆਪਣੀ ਲਿਖਤ ਅਤੇ ਅਵਾਜ ਦੁਆਰਾ। ਪਰਿਵਾਰਕ ਪੱਖ ਦੀ ਗੱਲ ਛੇੜਨ ਤੇ ਉਸ ਦੱਸਿਆ ਕਿ ਦੁੱਖਾਂ-ਦਰਦਾਂ ਵਿਚੋਂ ਬਾਹਰ ਕੱਢਣ ਲਈ ਓਸ ਮਾਲਕ ਨੇ ਆਣ ਉਸ ਦੀ ਨੇੜੇ ਹੋ ਕੇ ਸੁਣੀ। ਇਕ ਨੰਨਾ-ਮੁੰਨਾ ਲਾਲ ਉਸ ਦੀ ਝੋਲੀ ਪਾ ਦਿੱਤਾ। ਇਸ ਲਾਲ ਦੇ ਆਮਦ ਉਤੇ ਉਹ ਸਭ ਹਨੇਰੀਆਂ ਰਾਤਾਂ ਅਤੇ ਹਨੇਰੇ-ਕਾਲੇ ਦਿਨਾਂ ਨੂੰ ਭੁੱਲ ਗਈ। ਉਸਨੇ ਆਪਣੇ ਸਾਹਿਬਜਾਦੇ ਦਾ ਨਾਉਂ 'ਅੰਸ਼ੂਮਨ' ਰੱਖ ਲਿਆ। ਪਰਿਵਾਰ ਵਿਚ ਪਿਆਰ ਕਰਨ ਵਾਲੇ ਵਧੀਆ ਪਤੀ, ਡਾ. ਸੁਰਿੰਦਰ ਕੁਮਾਰ ਜਨਾਗਲ ਅਤੇ ਮਾਂ ਸੁਰਜੀਤ ਕੌਰ ਵਰਗਾ ਮੋਹ-ਪਿਆਰ ਅਤੇ ਲਾਡ ਲਡਾਉਣ ਵਾਲੀ ਸੱਸ-ਮਾਤਾ ਸ੍ਰੀਮਤੀ ਨਸੀਬ ਕੌਰ ਜੀ ਨਾਲ ਤ੍ਰਿਪਤਾ ਹੁਣ ਬਹੁਤ ਖੁਸ਼ ਹੈ, ਜਿਹੜੇ ਕਿ ਉਸਦੀ ਕਲਮ ਦੀ ਕਦਰ ਵੀ ਕਰਦੇ ਹਨ ਅਤੇ ਸਲਾਹਣਾ ਵੀ। ਰੱਬ ਕਰੇ ਸਾਹਿਤ ਅਤੇ ਕਲਾ ਦੀ ਪੁਜਾਰਨ ਤ੍ਰਿਪਤਾ ਬਰਮੌਤਾ ਆਪਣੀ ਜਾਨਦਾਰ ਤੇ ਸ਼ਾਨਦਾਰ ਕਾਨੀ ਹੱਥ ਚ ਫੜੀ, ਮਸਤ ਚਾਲੇ ਚੱਲਦੀ, ਮਾਨ-ਸਨਮਾਨ ਝੋਲੀ ਪੁਆਉਂਦੀ, ਪੰਜਾਬੀ ਮਾਂ-ਬੋਲੀ ਤੋਂ ਅਸੀਸਾਂ ਅਤੇ ਦੁਆਵਾਂ ਖੱਟਦੀ, ਮੰਜਲ ਵਲ ਵਧਦੀ ਰਵੇ! ਸ਼ੋਹਰਤ ਦੀਆਂ ਉਚਾਈਆਂ ਦੀ ਮੰਜਲ ਜਰੂਰ ਕਦਮ ਚੁੰਮੇਗੀ ਉਸਦੇ! ਆਮੀਨ!

---

## ਕਹਾਣੀ

# ਤਿੜਕਦੇ ਰਿਸ਼ਤੇ



ਹਰਜਿੰਦਰ ਸਿੰਘ ਬਰਮੋਤਾ
209-689-7875

ਇਹ ਦੁਨੀਆਂ ਇਕ ਸਰਾਂ ਯਾਰੋ,
ਕੋਈ ਤੁਰ ਜਾਂਦਾ, ਕੋਈ ਆ ਜਾਂਦਾ,
ਕੋਈ ਫੁੱਲਾਂ ਨਾਲ ਵੀ ਹੱਸਦਾ ਨਹੀਂ,
ਕੋਈ ਕੰਡਿਆਂ ਨਾਲ ਨਿਭਾਅ ਜਾਂਦਾ।

ਇਹ ਦੁਨੀਆਂ ਰਿਸ਼ਤਿਆਂ ਦੇ ਤਾਣੇ ਬਾਣੇ 'ਚ ਬੱਝੀ ਹੋਈ ਹੈ। ਪੱਛਮੀ ਦੇਸ਼ਾਂ ਦੀ ਤੁਲਨਾ 'ਚ, ਭਾਰਤ ਵਿਚ ਰਿਸ਼ਤਿਆਂ ਦੀ ਪ੍ਰਪੱਕਤਾ ਤੇ ਮਹੱਤਤਾ ਜ਼ਿਆਦਾ ਹੈ।

ਰਿਸ਼ਤੇ ਤਾਂ ਸਾਰੇ ਹੀ ਆਪਣੀ-ਆਪਣੀ ਜਗ੍ਹਾ 'ਤੇ ਮਹੱਤਵਪੂਰਨ ਹਨ ਪਰ ਦੋ ਰਿਸ਼ਤੇ ਅਜਿਹੇ ਹਨ, ਜਿਹਨਾਂ ਦੀ ਖੁਸ਼ਬੂ ਜਿਸ ਘਰ ਨੂੰ ਨਸੀਬ ਹੁੰਦੀ ਹੈ, ਉਹ ਘਰ ਸਵਰਗ ਦੀ ਨਿਆਈ ਹੋ ਜਾਂਦਾ ਹੈ।

ਕਹਿੰਦੇ ਹਨ ਕਿ ਜਦ ਪ੍ਰਮਾਤਮਾ ਨੂੰ ਇਹ ਦੁਨੀਆਂ ਸਿਰਜਣ ਦਾ ਫੁਰਨਾ ਫੁਰਿਆ ਤਾਂ ਉਸਨੇ ਇਕ ਫਰਿਸ਼ਤੇ ਨੂੰ ਅਰਸ਼ ਤੋਂ ਫਰਸ਼ ਤੇ ਜਾ ਕੇ ਦੁਨੀਆਂ ਵਸਾਉਣ ਲਈ ਕਿਹਾ। ਫਰਿਸ਼ਤਾ ਨਾਂਹ-ਨੁੱਕਰ ਕਰੀ ਜਾਵੇ ਕਿ ਇਤਨੀ ਵੱਡੀ ਜ਼ਮੀਨ 'ਤੇ ਜੰਗਲ ਹੀ ਜੰਗਲ, ਪਾਣੀ ਹੀ ਪਾਣੀ, ਹਨੇਰੀਆਂ ਤੂਫਾਨ ਹਨ, ਮੈਂ ਨਹੀਂ ਜਾਂਦਾ। ਤਦ ਰੱਬ ਨੇ ਕਿਹਾ ਤੂੰ ਜਾਹ, ਮੈਂ ਫ਼ਰਿਸ਼ਤਿਆਂ ਤੋਂ ਵੱਧ ਦੋ ਰਿਸ਼ਤੇਦਾਰ ਤੇਰੇ ਨਾਲ ਭੇਜ ਰਿਹਾ ਹਾਂ। ਉਹ ਗਰਮੀ-ਸਰਦੀ, ਦੁੱਖ-ਦਰਦ, ਹਨੇਰੀ-ਤੂਫਾਨ 'ਚ ਢਾਲ ਦੀ ਤਰ੍ਹਾਂ ਤੇਰਾ ਸਾਥ ਨਿਭਾਉਣੈ। ਫਰਿਸ਼ਤੇ ਦੇ ਪੁੱਛਣ ਦੇ ਜਵਾਬ ਮਿਲਿਆ, ਉਹਨਾਂ ਦੋ ਰਿਸ਼ਤਿਆਂ 'ਚੋਂ ਇਕ ਦਾ ਨਾਂ ਹੈ- ਮਾਂ ਅਤੇ ਦੂਜੇ ਦਾ ਨਾਮ ਹੈ- ਪਤਨੀ। ਵਾਕਿਆ ਹੀ ਇਹਨਾਂ ਦੋਵਾਂ ਰਿਸ਼ਤਿਆਂ ਦਾ ਕੋਈ ਸਾਨੀ ਨਹੀਂ, ਕੋਈ ਮੁਕਾਬਲਾ ਨਹੀਂ।

ਮਾਂ ਬਾਰੇ ਸਚਾਈ ਹੈ, ਮਾਂ ਐਸਾ ਬੂਟਾ ਹੈ ਜੋ ਫੁੱਲ ਝੜਨ ਨਾਲ ਹੀ ਸੁੱਕ ਜਾਂਦਾ ਹੈ। ਦੁਨੀਆਂ ਦੇ ਬਾਕੀ ਬੂਟੇ ਤਾਂ ਜੜ੍ਹ ਸੁੱਕਣ ਨਾਲ ਸੁੱਕਦੇ ਹਨ। ਕਿਸੇ ਨੇ ਖੂਬ ਲਿਖਿਆ ਹੈ:

ਮਾਂ ਵਰਗਾ ਘਣਛਾਵਾਂ ਬੂਟਾ,
ਕਿਧਰੇ ਨਜ਼ਰ ਨਾ ਆਵੇ,
ਬਾਕੀ ਦੁਨੀਆਂ ਦੇ ਸੱਭ ਬੂਟੇ,
ਜੜ੍ਹ ਸੁੱਕਿਆਂ, ਸੁੱਕ ਜਾਂਦੇ।
ਫੁੱਲਾਂ ਦੇ ਮੁਰਝਾਇਆਂ ਐਪਰ
ਇਹ ਬੂਟਾ ਸੁੱਕਾ ਜਾਵੇ।

ਦੂਜਾ ਰਿਸ਼ਤਾ ਜੋ ਪਤਨੀ ਦਾ ਰਿਸ਼ਤਾ ਹੈ, ਉਸਦਾ ਵੀ ਜਵਾਬ ਨਹੀਂ। ਜਿਸਨੂੰ ਇਹ ਦੋਵੇਂ ਰਿਸ਼ਤੇ ਵਧੀਆ ਨਸੀਬ ਹੋ ਜਾਣ, ਉਹ ਰੱਬ ਦਾ ਬਹੁਤ ਮਕਬੂਲ ਹੁੰਦਾ ਹੈ। ਬਹੁਤ ਹੀ ਬੇਸ਼ਕੀਮਤੀ ਰਿਸ਼ਤਾ ਹੈ। ਦੁੱਖ ਦਰਦ ਦਾ ਭਾਈਵਾਲ, ਆਪਣਿਆਂ ਤੋਂ ਦੂਰ ਹੋ ਕੇ ਪਤੀ- ਘਰ ਨੂੰ ਆਪਣੇ ਖੂਨ ਨਾਲ ਸਿੰਝਣ ਵਾਲਾ ਹੈ ਇਹ ਰਿਸ਼ਤਾ। ਫਿਰ ਇਸ ਰਿਸ਼ਤੇ ਦੀ ਖੂਬਸੂਰਤੀ ਹੈ ਕਿ ਸਾਥ ਨਿਭਾਉਣ ਦੇ ਨਾਲ ਨਾਲ ਇਹ ਰਿਸ਼ਤਾ ਮਾਂ ਦਾ ਰੁਤਬਾ ਵੀ ਪ੍ਰਾਪਤ ਕਰ ਜਾਂਦਾ ਹੈ। ਜੇਕਰ ਇਹ ਰਿਸ਼ਤਾ ਪ੍ਰਭਾਵਿਤ ਹੋ ਜਾਵੇ ਤਾਂ ਘਰ ਗ੍ਰਹਿਸਤੀ ਦਾ ਮੰਦਰ, ਮੰਦਰ ਨਾ ਰਹਿ ਕੇ ਜੀਵਨ ਨੂੰ ਖੰਡਰ ਬਣਾ ਦਿੰਦਾ ਹੈ। ਭਾਵੇਂ ਜ਼ਮੀਨਾਂ-ਜਾਇਦਾਦਾਂ ਤੇ ਹੋਰ ਰਿਸ਼ਤੇਦਾਰਾਂ ਦੀ ਭੀੜ ਵੀ ਕਿਉਂ ਨਾ ਹੋਵੇ।

ਇਸ ਰਿਸ਼ਤੇ ਵਿਚ ਕੁਝ ਐਸੇ ਬਦਨਸੀਬ ਵੀ ਵੀ ਹਨ ਜੋ ਇਸ ਰਿਸ਼ਤੇ ਨੂੰ ਆਪਣੇ ਕੁਕਰਮਾਂ, ਆਪਣੀ ਮੰਦ ਬੁੱਧੀ ਕਾਰਨ, ਇਸ ਅਮੋਲ ਰਿਸ਼ਤੇ ਦੀ ਬਲੀ ਦੇ ਦਿੰਦੇ ਹਨ। ਕੁਝ ਮਾਵਾਂ ਵੀ ਕੈਕੇਈ ਦਾ ਰੂਪ ਧਾਰਨ ਕਰਕੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕਰਦੀਆਂ ਹਨ। ਅਜਿਹੀਆਂ ਮਾਵਾਂ ਆਪਣੀ ਬੇਸਮਝੀ, ਅੰਧ-ਵਿਸ਼ਵਾਸ, ਅਨਪੜ੍ਹਤਾ, ਮਾਇਆ-ਮੋਹ 'ਚ ਲੁਪਤ ਆਪਣੇ ਬੇਟੇ ਦੀਆਂ ਖੁਸ਼ੀਆਂ ਦਾ ਕਤਲ ਕਰ ਦਿੰਦੀਆਂ ਹਨ। ਬੇਟਾ ਜਿਹੜਾ ਗ੍ਰਹਿਸਤੀ ਦੁਨੀਆਂ ਤੋਂ ਅਭੋਲ ਹੁੰਦਾ ਹੈ, ਅਜਿਹੀ ਨਲਾਇਕ ਮਾਂ ਦੀਆਂ ਗੁੜ੍ਹ 'ਚ ਲਪੇਟੀਆਂ ਜ਼ਹਿਰੀਲੀਆਂ ਗੋਲੀਆਂ ਦਾ ਸ਼ਿਕਾਰ ਹੋ ਕੇ ਆਪਣੇ ਜੀਵਨ ਸਾਥੀ ਨਾਲ ਵਧੀਕੀਆਂ ਕਰਦਾ ਕਰਦਾ ਇਕ ਦਿਨ ਇਸ ਪਤੀ-ਪਤਨੀ ਦੇ ਰਿਸ਼ਤੇ ਨੂੰ ਕਲੰਕਿਤ ਕਰ ਦਿੰਦਾ ਹੈ ਤੇ ਰਿਸ਼ਤਾ ਤਿੜਕਦਾ-ਤਿੜਕਦਾ ਆਖਿਰ ਟੁੱਟ ਜਾਂਦਾ ਹੈ।

ਕੁਝ ਅਜਿਹਾ ਹੀ ਰੋਲ ਪਤੀ ਦੇ ਸਖੀ-ਸਬੰਧੀ ਖਾਸ ਕਰਕੇ ਭਰਾ ਵੀ ਚਲਾਕੀਆਂ ਵਰਤ ਕੇ ਨਵੇਂ ਵਿਆਹੇ ਭਰਾ ਦੀਆਂ ਜੜ੍ਹਾਂ 'ਚ ਤੇਲ ਪਾ ਪਾ ਕੇ ਉਸਦੀ ਜ਼ਿੰਦਗੀ ਨੂੰ ਨਰਕ ਦੇ ਰਾਹ ਤੋਰ ਦਿੰਦੇ ਹਨ। ਭਰਾ ਦੀ ਨਜ਼ਰ ਅਸਮਾਨੀ ਚੜ੍ਹੀ ਗਿੱਲਜ਼ ਵਾਂਗ ਆਪਣੇ ਸ਼ਿਕਾਰ (ਭਰਾ) ਤੇ ਰਹਿੰਦੀ ਹੈ ਜੋ ਅੰਤ 'ਚ ਭਰਾ ਨੂੰ ਚੱਟ ਕਰ ਜਾਂਦਾ ਹੈ। ਸਭ ਕੁਝ ਲੁੱਟ-ਪੁੱਟ ਜਾਂਦਾ ਹੈ।

ਅਜਿਹੇ ਲੋਕਾਂ ਨੂੰ ਯਾਦ ਦਿਵਾਉਣ ਦੀ ਲੋੜ ਹੈ ਕਿ ਮੌਤ ਨੇ ਕਿਸੇ ਨੂੰ ਨਹੀਂ ਬਖ਼ਸ਼ਣਾ। ਉਹਨਾਂ ਦੀ ਵਾਰੀ ਵੀ ਆਉਣੀ ਹੀ ਆਉਣੀ ਹੈ। ਹੱਥ ਖਾਲੀ ਵੀ ਨਾਲ ਨਹੀਂ ਜਾਣੇ। ਉਹ ਵੀ ਅੱਗ ਦੀ ਭੇਟ ਚੜ੍ਹ ਜਾਂਦੇ ਹਨ। ਜ਼ਮੀਨਾਂ, ਜਾਇਦਾਦਾਂ ਦੀ ਤਾਂ ਗੱਲ ਹੀ ਕੀ ਹੈ। ਹਾਂ ਕੀਤੇ ਕੰਮ, ਪਾਪ ਜਾਂ ਪੁੰਨਾਂ ਨੇ ਅਗਲੀ ਜੂਨ ਦਾ ਆਧਾਰ ਬਣਨਾ ਹੈ। 84 ਲੱਖ ਜੂਨ ਤਾਂ ਮੰਨੀ ਹੀ ਗਈ ਹੈ ਪਰ ਜੂਨ ਵਿਚ ਵੀ ਜੂਨ ਹੈ। ਆਦਮੀ, ਆਦਮੀ 'ਚ ਫਰਕ ਹੈ, ਕੁੱਤੇ-ਕੁੱਤੇ ਵਿਚ ਫਰਕ ਹੈ। ਸੱਚ ਹੀ ਤਾਂ ਕਿਹਾ ਹੈ:

ਤੂਫਾਨ ਮੇਂ ਹੋ ਕਿਸ਼ਤੀ,
ਤਾਂ ਬਚ ਸਕਤਾ ਹੈ ਬਸ਼ਰ (ਕਿਸ਼ਤੀ ਸਵਾਰ)
ਕਿਸ਼ਤੀ ਮੇਂ ਹੋ ਤੂਫਾਨ
ਤੋ ਕਿਆ ਹੋਗਾ ਹਸ਼ਰ।

ਦੁਨਿਆਵੀ ਸਚਾਈ ਹੈ ਕਿ ਵਿਆਹ ਤੋਂ ਬਾਅਦ, ਸਹੁਰੇ ਘਰ ਲੜਕੇ ਅਤੇ ਲੜਕੀ ਨੂੰ ਘਰ ਦੇ ਵੱਡੇ ਵਡੇਰਿਆਂ ਦੇ ਸਾਥ ਅਤੇ ਸਕਾਰਾਤਮਕ ਸੁਝਾਵਾਂ ਦੀ ਪਹਿਲਾਂ ਪਹਿਲ ਬਹੁਤ ਲੋੜ ਹੁੰਦੀ ਹੈ। ਪਰ ਅਫਸੋਸ ਕਿ ਆਮ ਕਰਕੇ ਲਾਲਚੀ ਵੱਡੇ ਭਰਾ ਭਰਜਾਈਆਂ ਇਸ ਨਵੇਂ ਆਏ ਮੈਂਬਰ ਨੂੰ ਅਪਣਾਉਣ ਦੀ ਬਜਾਏ, ਉਸਨੂੰ ਡਾਲਰਾਂ ਪੌਂਡਾਂ ਨਾਲ ਬਣਾਈ ਜ਼ਮੀਨ ਜਾਇਦਾਦ ਦੀ ਭਾਈਵਾਲ ਸਮਝ ਕੇ ਉਸ ਨੂੰ ਤੰਗ ਪ੍ਰੇਸ਼ਾਨ ਕਰਨ ਦੀਆਂ ਵਿਉਂਤਾਂ ਘੜਦੇ ਰਹਿੰਦੇ ਹਨ। ਉਹਨਾਂ ਨੇ ਆਪਣੀ ਸ਼ਾਨੋ ਸ਼ੌਕਤ ਦੀ ਖਾਤਰ ਪੜ੍ਹੇ-ਲਿਖੇ ਪਰਿਵਾਰ ਦੀ ਪੜ੍ਹੀ ਲਿਖੀ ਇੱਜ਼ਤਦਾਰ ਘਰਾਣੇ ਦੀ ਲੜਕੀ ਨਾਲ ਇਹ ਰਿਸ਼ਤਾ ਤਾਂ ਕਿਸੇ ਤਰੀਕੇ ਆਪਣੇ ਅੱਧਖੜ੍ਹ ਤੋਂ ਅੱਧਖੜ੍ਹ ਭਰਾ ਨਾਲ ਕਰ ਲਿਆ ਹੁੰਦਾ ਹੈ ਪਰ ਬਾਅਦ ਵਿਚ ਰਿਸ਼ਤੇ ਨੂੰ ਬਰਕਰਾਰ ਰੱਖਣ ਲਈ ਅਸੁਰੱਖਿਅਤ ਮਹਿਸੂਸ ਕਰਦੇ ਹਨ। ਆਪਣੇ ਕੁਕਰਮਾਂ ਤੇ ਬਾਹਰਲੇ ਦੇਸ਼ ਦੇ ਕਾਨੂੰਨ ਦੀ ਹਵਾ ਲੱਗਣ ਤੋਂ ਬਚਾਉਣ ਦੀ ਜੱਦੋ ਜਹਿਦ ਉਸਨੂੰ ਘਰ 'ਚ ਹੀ ਬੰਧੂਆ ਮਜ਼ਦੂਰ ਬਣਾਈ ਰੱਖਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਇਸ ਨਾਲ ਲੜਕੀ ਨੂੰ ਘਰ ਵਿਚ ਬੇਗਾਨਗੀ ਦਾ ਅਹਿਸਾਸ ਹੋਣ ਲੱਗਦਾ ਹੈ। ਨਤੀਜੇ ਦੇ ਤੌਰ 'ਤੇ ਇਸ ਰਿਸ਼ਤੇ ਦਾ ਅੰਤ ਵੱਲ ਸਫ਼ਰ ਆਰੰਭ ਹੋ ਜਾਂਦਾ ਹੈ। ਰਿਸ਼ਤਾ ਤਿੜਕਣ ਲੱਗਦਾ ਹੈ। ਚਾਵਾਂ ਮਲਾਰਾਂ ਨਾਲ ਪਲੀ ਲੜਕੀ ਆਪਣੇ ਵਿਵਹਾਰਿਕ ਜ਼ਿੰਦਗੀ ਦੇ ਬੁਣੇ ਹੋਏ ਸੁਪਨਿਆਂ ਦਾ ਮਲੀਆਮੇਟ ਹੋ ਰਿਹਾ ਦੇਖ, ਚੁੱਪਚਾਪ, ਬੇਵੱਸ ਹੋ ਕੇ ਅਜਿਹੇ ਇਨਸਾਨੀਅਤ ਦੇ ਸ਼ਿਕਾਰੀਆਂ ਦਾ ਸ਼ਿਕਾਰ ਬਣੀ ਰਹਿੰਦੀ ਹੈ। ਮਾਪਿਆਂ ਦੀ ਇੱਜ਼ਤ ਤੇ ਪ੍ਰਤਿਸ਼ਠਾ ਬਣਾਈ ਰੱਖਣ ਲਈ, ਉਹਨਾਂ ਨੂੰ ਪ੍ਰੇਸ਼ਾਨੀ ਤੋਂ ਬਚਾਉਂਦੀ ਬਚਾਉਂਦੀ ਆਪ ਇਸ ਘੋਰ ਅੱਨਿਆ ਦਾ ਸਾਹਮਣਾ ਕਰਦੀ ਰਹਿੰਦੀ ਹੈ।

ਅੱਜ ਬਹੁਤ ਐਸੇ ਜੋੜੇ ਹਨ ਜੋ ਇਸ ਨਾਮੁਰਾਦ ਬਿਮਾਰੀ ਦੀ ਜਕੜ 'ਚ ਹਨ। ਪੱਛਮੀ ਦੇਸ਼ਾਂ 'ਚ ਵੱਸੀਆਂ ਕੁਝ ਅੱਧਖੜ੍ਹ ਅਤੇ ਅਨਪੜ੍ਹ ਮਾਵਾਂ, ਮਾਵਾਂ ਨਾ ਰਹਿ ਕੇ ਪੁੱਤਰ ਪਿਆਰ 'ਚ ਅੰਨ੍ਹੀਆਂ, ਖਾਣ ਪੀਣ 'ਚ ਨੀਲੂ-ਗਿਦੜੀਆਂ ਬਣੀਆਂ ਇਹ ਮਾਵਾਂ, ਵੱਡੇ ਟੱਬਰਾਂ ਦੀ ਭੀੜ ਨੂੰ ਸਾਂਭਦੀਆਂ, ਆਪਣੀ ਬੇਸਮਝੀ ਕਾਰਨ ਆਪਣੀ ਔਲਾਦ ਦੀ ਬੇੜੀ 'ਚ ਵੱਟੇ ਪਾ ਰਹੀਆਂ ਹਨ।

ਹਰ ਇਨਸਾਨ ਅੰਦਰ ਕੌਰਵ ਵੀ ਹੈ ਅਤੇ ਪਾਂਡਵ ਵੀ। ਯੁਧਿਸ਼ਟਰ ਵੀ ਹੈ, ਦੁਰਯੋਧਨ ਵੀ, ਰਾਮ ਵੀ ਹੈ ਅਤੇ ਰਾਵਣ ਵੀ ਪਰ ਅਜਿਹੇ ਬੰਦਿਆਂ 'ਚ ਰੱਬ ਨੇ ਸਿਰਫ ਤੇ ਸਿਰਫ ਕੌਰਵ ਬਿਰਤੀ ਅਤੇ ਸੱਜਣ ਠੱਗ ਵਾਲੀ ਬਿਰਤੀ ਹੀ ਭਰੀ ਹੈ। ਇਤਿਹਾਸ ਗਵਾਹ ਹੈ ਕਿ ਅੰਤ ਵਿਚ ਇਸ ਬਿਰਤੀ ਵਾਲਿਆਂ ਦਾ ਨਾਸ਼ ਹੀ ਨਹੀਂ ਬਲਕਿ ਸਰਵਨਾਸ਼ ਹੀ ਹੋਇਆ ਹੈ।

ਉਹ ਅਸਮਾਨ 'ਤੇ ਰਹਿਣ ਵਾਲੇ ਖੁਦਾ-ਲੇਖਕ ਤੈਥੋਂ ਨਹੀਂ ਡਰਦਾ ਪਰ ਇਹ ਜ਼ਮੀਨ- ਤੇਰੇ ਅਜਿਹੇ ਬੰਦੋਂ ਸੇ ਬਹੁਤ ਡਰ ਲੱਗਦਾ ਹੈ।

ਐਹ ਆਸਮਾਨ, ਤੇਰੇ ਖੁਦਾ ਸੇ ਨਹੀਂ ਕੋਈ ਖੌਫ਼,
ਡਰਤੇ ਹੈਂ ਐਹ ਜ਼ਮੀਨ- ਤੇਰੇ ਬੰਦੋਂ ਸੇ ਹਮ।

ਇਹ ਦਰਿੰਦੇ ਬੁੱਲ੍ਹੇਸ਼ਾਹ ਨੂੰ ਕੀ ਜਾਣਨ, ਜੋ ਹੋਕਾ ਦੇ ਰਿਹਾ ਹੈ:

ਮੰਦਰ ਢਾਹ ਦੇ, ਮਸਜਦ ਢਾਹ ਦੇ,
ਢਾਹ ਦੇ ਜੋ ਕੁਝ ਢਹਿੰਦਾ
ਇਕ ਕਿਸੇ ਦਾ ਦਿਲ ਨਾ ਢਾਵੀਂ
ਜਿਸ ਵਿਚ ਦਿਲਬਰ ਰਹਿੰਦਾ।

ਇਕ ਘਟਨਾ ਯਾਦ ਆਈ ਹੈ- ਇਕ ਪਰਿਵਾਰ ਦੇ ਮੈਂਬਰਾਂ ਦੀ ਭੀੜ ਵਿਚ, ਦੁਪਹਿਰ ਦੀ ਧੁੱਪ 'ਚ, ਇਕ ਆਦਮੀ ਇਕੱਲੇ ਇਕੱਲੇ ਮੈਂਬਰ ਤੇ ਟਾਰਚ ਮਾਰ ਮਾਰ ਕੇ ਦੇਖ ਰਿਹਾ ਸੀ। ਕਿਸੇ ਦੇ ਪੁੱਛਣ 'ਤੇ ਉਸਨੇ ਜਵਾਬ ਦਿੱਤਾ ਕਿ ਇਹਨਾਂ ਜਿਉਂਦੀਆਂ ਜਾਗਦੀਆਂ, ਸਾਹ ਲੈ ਰਹੀਆਂ ਲਾਸ਼ਾਂ ਵਿਚੋਂ ਇਨਸਾਨ ਦੀ ਭਾਲ ਕਰ ਰਿਹਾ ਹੈ ਕਿ ਸ਼ਾਇਦ ਮਿਲ ਜਾਵੇ।

ਸੱਸ ਦੇ ਰਿਸ਼ਤੇ 'ਤੇ ਥੋੜ੍ਹੀ ਜਿਹੀ ਹੋਰ ਚਰਚਾ ਹੋ ਜਾਏ ਤਾਂ ਠੀਕ ਰਹੇਗਾ। ਸੱਸ ਦਾ ਰਿਸ਼ਤਾ ਤਾਂ ਬੜਾ ਪਵਿੱਤਰ ਹੈ ਪਰ ਸੱਸ ਬਿਗਾਨੀ ਧੀ ਨੂੰ ਅਪਣਾਉਣ ਵਿਚ ਆਮ ਕਰਕੇ ਸੰਕੋਚ ਕਰਦੀ ਹੈ। ਉਹ ਧੀ ਜੋ ਆਪਣੇ ਭਰਾ, ਮਾਂ-ਬਾਪ ਛੱਡ ਇਸ ਨਵੀਂ ਮਾਂ ਕੋਲ ਆਉਂਦੀ ਹੈ, ਮਾਂ ਜਿਹਾ ਪਿਆਰ ਤੇ ਹਮਦਰਦੀ ਤੋਂ ਵਾਂਝੀ-ਵਾਂਝੀ, ਘਰ 'ਚ ਕੋਕੜੂ ਦਾਣੇ ਵਾਂਗ ਅਲੱਗ ਥਲੱਗ ਜਿਹਾ ਮਹਿਸੂਸ ਕਰਦੀ ਹੈ। ਉਹੀ ਸੱਸ ਜੋ ਮਾਂ ਦੇ ਰੂਪ 'ਚ ਆਪਣੀ ਧੀ ਦੇ ਸੋਹਲੇ ਗਾਉਂਦੀ ਥੱਕਦੀ ਨਹੀਂ, ਧੀ ਭਾਵੇਂ ਜਿਹੋ ਜਿਹੀ ਵੀ ਹੋਵੇ। ਨੂੰਹ ਚੰਗੀ ਤੋਂ ਚੰਗੀ ਵੀ ਸੱਸ ਤੋਂ ਮਾਂ ਵਰਗੀ ਹਮਦਰਦੀ ਤੇ ਪਿਆਰ ਤੋਂ ਅਕਸਰ ਵਾਂਝੀ ਹੀ ਰਹਿੰਦੀ ਹੈ। ਸ਼ਾਇਦ ਲੋਕ ਗੀਤ ਇਸ ਸਚਾਈ ਦੀ ਦੁਹਾਈ ਦਿੰਦਾ ਹੈ:

ਯਾਹ ਰੱਬਾ,
ਸੱਸ ਜਾਂ ਤਾਂ ਚੰਗੀ ਹੋਵੇ,
ਨਹੀਂ ਤਾਂ ਉਸਦੀ ਫੋਟੋ,
ਦੀਵਾਰ ਤੇ ਟੰਗੀ ਹੋਵੇ।

ਹਰ ਸੱਸ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਵੀ ਇਕ ਦਿਨ ਨੂੰਹ ਬਣ ਕੇ ਅੱਲੜ੍ਹ ਉਮਰ 'ਚ ਸਹੁਰੇ ਘਰ ਆਈ ਸੀ। ਜੇਕਰ ਉਸ ਨਾਲ ਵੀ ਅਜਿਹਾ ਹੀ ਵਤੀਰਾ ਹੋਇਆ ਸੀ ਤਾਂ ਇਸ ਲੀਹ ਨੂੰ ਤੋੜ ਕੇ ਸਿਰਫ ਤੇ ਸਿਰਫ ਪੁੱਤਰ ਦੀ ਹੀ ਨਹੀਂ- ਨੂੰਹ ਦੀ ਵੀ ਮਾਂ ਬਣ ਕੇ ਜੱਸ ਖੱਟਣ ਦਾ ਨਾਮਣਾ ਪਾਏ। ਜੱਗ 'ਚ ਜੱਸ ਤੇ ਮਰਨ ਤੇ ਸਵਰਗ।

ਅੱਜ ਬਹੁਤ ਸਾਰੇ ਅਜਿਹੇ ਜੋੜੇ ਹਨ ਜੋ ਪੱਛਮੀ ਦੇਸ਼ਾਂ 'ਚ ਇਕ ਛੱਤ ਥੱਲੇ ਰਹਿਣ ਦੇ ਬਾਵਜੂਦ ਨਰਕ ਭੋਗ ਰਹੇ ਹਨ। ਬੇਵਕੂਫ ਅਤੇ ਸਵਾਰਥੀ ਰਿਸ਼ਤੇਦਾਰਾਂ ਦੀ ਬਦੌਲਤ, ਲੜਕੇ ਨੂੰ ਕਠਪੁਤਲੀ ਬਣਾ ਕੇ ਲੜਕੀ ਨੂੰ ਮਾਨਸਿਕ ਤੇ ਜਿਸਮਾਨੀ ਤਸੀਹੇ ਦੇ-ਦੇ ਕੇ ਉਸਨੂੰ ਅਤੇ ਉਸਦੇ ਮਾਪਿਆਂ ਨੂੰ ਬੇਵੱਸ ਤੇ ਲਾਚਾਰੀ ਦੀ ਦਲਦਲ 'ਚ ਫਸਾਇਆ ਹੋਇਆ ਹੈ। ਘੱਟੋ ਘੱਟ ਪੱਛਮੀ ਦੇਸ਼ਾਂ 'ਚ ਵੱਸਿਆ ਹਰ ਪੰਜਾਬੀ ਆਪਣੇ ਆਂਢ ਗੁਆਂਢ 'ਚ ਨਜ਼ਰ ਮਾਰ ਕੇ ਦੇਖੇ ਤਾਂ ਅਜਿਹੇ ਕੇਸ ਆਮ ਮਿਲਣਗੇ। ਅਜਿਹੇ ਜਲਾਦਾਂ ਦੀ ਪਹਿਚਾਣ ਜ਼ਰੂਰੀ ਹੈ। ਉਪਰ ਵਾਲਾ (ਰੱਬ) ਤਾਂ ਸਜ਼ਾ ਦੇਣ 'ਚ ਦੇਰੀ ਦਾ ਆਦੀ ਹੈ ਪਰ ਸਮਾਜ ਨੂੰ ਅਜਿਹੇ ਲੋਕਾਂ ਦਾ ਬਾਈਕਾਟ ਕਰਕੇ ਪੁੰਨ ਖੱਟਣਾ ਚਾਹੀਦਾ ਹੈ। ਅਜਿਹੇ ਲੜਕਿਆਂ ਨੂੰ ਸਮਾਜ-ਦੇਸੀ ਅਤੇ ਵਿਦੇਸ਼ੀ ਮਿਲ ਕੇ ਰੁਲ ਰਹੀਆਂ ਧੀਆਂ ਦੀ ਮਦਦ ਲਈ ਨਿੱਤਰਨਾ ਚਾਹੀਦਾ ਹੈ। ਇਸ ਕੋਹੜ ਨੂੰ ਜੜ੍ਹੋਂ ਪੁੱਟਣ ਲਈ ਹੰਭਲਾ ਮਾਰਨਾ ਅੱਜ ਦੀ ਬਹੁਤ ਵੱਡੀ ਲੋੜ ਹੈ। ਨਿਸ਼ਚੇ ਹੀ ਨਹੀਂ ਤਾਂ ਉਹ ਦਿਨ ਬਹੁਤੇ ਦੂਰ ਨਹੀਂ ਜਦੋਂ ਹਰ ਵਰ੍ਹੇ ਭਾਰਤੀ ਮੁੰਡਿਆਂ ਨੂੰ ਭਾਰਤ 'ਚ ਰਿਸ਼ਤੇ ਨਹੀਂ ਮਿਲਿਆ ਕਰਨਗੇ। ਕਿਉਂਕਿ ਅਜਿਹਾ ਚਿੰਤਨ ਤੇ ਚਰਚਾ ਭਾਰਤ ਵਿਚ ਸ਼ੁਰੂ ਹੋ ਚੁੱਕੀ ਹੈ।

ਲੇਖਕ ਭਾਰਤ ਵਿਚ ਅਫਸਰੀ ਤੋਂ ਰਿਟਾਇਰ ਹੋਣ ਤੋਂ ਬਾਅਦ ਬਤੌਰ ਪੈਰਾ ਲੀਗਲ ਐਡਵਾਈਜ਼ਰ ਨਿਸ਼ਕਾਮ ਸੇਵਾ ਕੀਤੀ ਹੈ, ਬਿਲਕੁਲ ਫਰੀ ਅਤੇ ਪੂਰੀ ਨਿਸ਼ਠਾ ਨਾਲ ਇਹ ਸਮਾਜ ਸੇਵਾ ਕੀਤੀ ਹੈ। ਇਹ ਪੈਰਾ ਲੀਗਲ ਐਡਵਾਈਜ਼ਰ ਭਾਰਤ ਦੀ ਹਰ ਛੋਟੀ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਤਾਇਨਾਤ ਹਨ ਅਤੇ ਅਹਿਮ ਭੂਮਿਕਾ ਨਿਭਾਉਂਦੇ ਹਨ। ਵਿਦੇਸ਼ਾਂ 'ਚ ਵੱਸੇ ਭਰਾਵਾਂ ਦੀ ਕਮਾਈ ਨਾਲ, ਭਾਰਤ 'ਚ ਰਹਿੰਦੇ ਭਰਾ ਅਯਾਸ਼ ਬਣ ਜਾਂਦੇ ਹਨ। ਉਹਨਾਂ ਦੇ ਬੱਚੇ ਕੁਕਰਮਾਂ ਦਾ ਸ਼ਿਕਾਰ ਬਣ ਕੇ ਸਮਾਜ 'ਚ ਬਦ-ਅਮਨੀ ਫੈਲਾਉਂਦੇ ਹਨ। ਆਲੀਸ਼ਾਨ ਬਣਾਈਆਂ ਕੋਠੀਆਂ ਅਤੇ ਬਾਹਰਲੀ ਕਮਾਈ ਨਾਲ ਬਣਾਈਆਂ ਜ਼ਮੀਨਾਂ ਭੋਲੇ-ਭਾਲੇ ਵਿਦੇਸ਼ੀ ਭਰਾਵਾਂ ਨੂੰ ਤਸੱਲੀ ਦਿੰਦੀਆਂ ਰਹਿੰਦੀਆਂ ਹਨ ਅਤੇ ਦੇਸੀ ਭਰਾ, ਵਿਦੇਸ਼ੀ ਭਰਾਵਾਂ ਨੂੰ ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਸਮਝ ਕੇ ਚਾਪਲੂਸੀ ਕਰਕੇ ਉਸਦਾ ਸਭ ਕੁਝ ਡਕਾਰ ਜਾਂਦੇ ਹਨ। ਜਦ ਵਿਦੇਸ਼ੀ ਭਰਾ ਦੀ ਜਾਗ ਖੁੱਲ੍ਹਦੀ ਹੈ ਤਾਂ ਲੁੱਟਿਆ ਜਾਣ ਦਾ ਭਾਂਡਾ ਫੁੱਟ ਜਾਂਦਾ ਹੈ। ਫਿਰ ਭਰਾ-ਭਰਾ ਦਾ ਵੈਰੀ ਬਣ ਜਾਂਦਾ ਹੈ। ਪੰਜਾਬੀ ਕੋਰਟ ਇਹੋ ਜਿਹੇ ਕੇਸਾਂ ਨਾਲ ਨੱਕੋ ਨੱਕ ਭਰੇ ਪਏ ਹਨ। ਭਾਰਤ 'ਚ ਰਿਸ਼ਤੇਦਾਰੀ ਖਤਮ, ਕਤਲੋਗਾਰਤ ਤੱਕ ਨੌਬਤ ਅਤੇ ਵਿਦੇਸ਼ ਵਿਚ ਘਰ ਘਾਟ ਖਤਮ। ਹਾਲਾਤ ਧੋਬੀ ਦੇ ਕੁੱਤੇ ਵਾਲੀ 'ਨਾ ਘਰ ਦਾ ਨਾ ਘਾਟ ਦਾ', ਜੋ ਕੁਦਰਤ ਦੇ ਕਾਤਰ ਦੇ ਇਮਾਨ ਦਾ ਸਬੂਤ ਹੈ।

ਕਈਆਂ ਕੇਸਾਂ ਵਿਚ ਤਾਂ ਨੌਬਤ ਵਿਦੇਸ਼ਾਂ 'ਚ ਕੋਰਟ ਕਚਹਿਰੀਆਂ ਤੱਕ ਪਹੁੰਚ ਜਾਂਦੀ ਹੈ। ਜਦ ਕਾਨੂੰਨੀ ਫੰਦਾ ਪੈਂਦਾ ਹੈ ਤਾਂ ਫਿਰ ਲੜਕੇ ਘਰੋਂ ਭੱਜਦੇ ਹਨ। ਹਮਦਰਦ ਮੂੰਹ ਮੋੜ ਲੈਂਦੇ ਹਨ। ਆਪਣੇ ਨਾਮ ਤੇ ਜ਼ਮੀਨਾਂ ਜਾਇਦਾਦਾਂ ਨੂੰ ਭੈਣਾਂ-ਭਰਾਵਾਂ ਦੇ ਨਾਮ ਕਰਦੇ ਹਨ ਜੋ ਇਸ ਵਕਤ ਦੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹੁੰਦੇ ਹਨ। ਆਪਣੇ ਹੱਡ ਪਸੀਨੇ ਦੀ ਕਮਾਈ ਦੀ ਜਾਇਦਾਦ ਦੀ ਸਮਝੋ ਹੁੱਲਰੀ ਪਾਉਂਦੇ ਹਨ। ਵਕਤ ਬਦਲ ਗਿਆ ਹੁੰਦਾ ਹੈ। ਵਕਤ ਦੀ ਕਰਵਟ ਦਾ ਕੋਈ ਪਤਾ ਨਹੀਂ ਲੱਗਦਾ। ਆਪਣੇ ਪਰਾਏ ਅਤੇ ਪਰਾਏ ਆਪਣੇ ਬਣ ਬੈਠਦੇ ਹਨ। ਕਿਸੇ ਨੇ ਠੀਕ ਹੀ ਲਿਖਿਆ ਹੈ:

ਵਕਤ ਕੀ ਹਰ ਸ਼ੈਅ ਗੁਲਾਮ,
ਵਕਤ ਕਾ ਹਰ ਸ਼ੈਅ ਪਰ ਰਾਜ,
ਆਦਮੀ ਕੋ ਚਾਹੀਏ- ਵਕਤ ਸੇ ਡਰਤਾ ਰਹੇ,
ਕੌਣ ਜਾਣੇ, ਕਿਸ ਘੜੀ, ਵਕਤ ਕਾ ਬਦਲੇ ਮਜਾਜ਼।

ਜ਼ਿੰਦਗੀ ਆਪਣੇ ਦਮ 'ਤੇ ਜਿਊਣ ਵਿਚ ਹੀ ਮਰਦਾਨਗੀ ਹੈ। ਦੂਜੇ ਦੇ ਮੋਢਿਆਂ ਉਪਰ ਤਾਂ ਜਨਾਜ਼ਾ ਨਿਕਲਦਾ ਹੈ। ਡਾਲਰ ਪੌਂਡ ਕਮਾਉਣ ਦੇ ਨਾਲ ਨਾਲ ਇਨਸਾਨੀਅਤ ਤੋਂ ਦੂਰ ਨਹੀਂ ਹੋਣਾ ਚਾਹੀਦਾ। ਸੌ ਸਾਲ ਦੀ ਬਦਬੂਦਾਰ ਜ਼ਿੰਦਗੀ ਨਾਲੋਂ ਪੰਜਾਹ ਸਾਲ ਦੀ ਖੁਸ਼ਬੂਦਾਰ ਜ਼ਿੰਦਗੀ- ਧਰਤੀ ਤੇ ਯਸ਼ ਤੇ ਮਰਨ ਤੇ ਸਵਰਗ ਦੀ ਗਰੰਟੀ ਹੁੰਦੀ ਹੈ।

ਅੱਜਕਲ੍ਹ ਅਮਰੀਕਾ ਦੀ ਕੋਰਟ 'ਚ ਇਕ ਕੇਸ ਚੱਲ ਰਿਹਾ ਹੈ। ਜਿਸ ਦੀ ਪੰਜਾਬੀ ਭਾਈਚਾਰੇ 'ਚ ਖੂਬ ਚਰਚਾ ਹੈ। ਇਕ ਪਾਸੇ ਸੱਚ ਅਤੇ ਧਰਮ ਦੂਜੇ ਪਾਸੇ ਝੂਠ-ਤੂਫਾਨ ਦੀ ਭਾਰੀ ਫਾਈਲ ਕੋਰਟ ਦੇ ਚੱਕਰ ਲਾ ਰਹੀ ਹੈ। ਦੋਸ਼ੀ ਦੀ ਦਸ਼ਾ ਨਿਰਾਲੀ ਹੈ। ਸਾਰਾ ਉਸਦਾ ਜੋਰ ਜ਼ਮੀਨ-ਜਾਇਦਾਦ ਦੇ ਬਚਾਅ ਲਈ ਲੱਗ ਰਿਹਾ ਹੈ। ਨੰਨ੍ਹੇ ਨੰਨ੍ਹੇ ਦੋ ਬੱਚਿਆਂ ਦੇ ਮੂੰਹ ਦੀ ਰੋਟੀ ਦਾ ਸਾਧਨ ਖੋਹਣ ਦੀਆਂ ਤਰਕੀਬਾਂ ਦਾ ਬਿਗਲ ਵੱਜ ਚੁੱਕਿਆ ਹੈ। ਲੜਕਾ ਭੈਣਾਂ-ਭਰਾਵਾਂ ਤੇ ਮਾਂ ਦੇ ਬੁਣੇ ਹੋਏ ਮਾਇਆ ਜਾਲ 'ਚ ਫਸ ਕੇ ਬੱਚਿਆਂ ਦੇ ਸਿਰ ਦੀ ਛੱਤ ਖੋਹਣ ਦੀ ਵੀ ਪੂਰੀ ਵਿਉਂਤ ਬਣ ਚੁੱਕੇ ਹਨ। ਦੂਜੇ ਪਾਸੇ ਸੱਚ ਦੀ ਪੁਜਾਰਨ ਰੱਬ ਦੀ ਓਟ ਆਪਣੇ ਨਾਲੋਂ ਜ਼ਿਆਦਾ ਬੱਚਿਆਂ ਦੇ ਭਵਿੱਖ ਦੀ ਚਿੰਤਾ 'ਚ ਹੈ। ਲੜਕਾ ਭੱਜ ਕੇ ਆਪਣੀ ਜ਼ਮੀਨ ਜਾਇਦਾਦ ਅਤੇ ਬੈਂਕ ਖਾਤਿਆਂ ਨੂੰ ਸਮੇਟਣਾ, ਬੱਚਿਆਂ ਦੇ ਬਣਦੇ ਹੱਕ ਨੂੰ ਖੁਰਦ ਬੁਰਦ ਕਰਨ ਜੁਟਿਆ ਹੋਇਆ ਹੈ। ਅਜਬ ਹੈ ਯੇ ਦੁਨੀਆਂ- ਇਕ ਭਰਾ ਆਪਣੇ ਬੱਚਿਆਂ ਦੇ ਮੂੰਹ ਦੀ ਰੋਟੀ ਖੋਹਣ ਲਈ ਸੱਤ ਸਮੁੰਦਰੋਂ ਪਾਰ ਕਰਕੇ ਸੱਜਣ ਠੱਗ ਬਣੇ ਭਰਾ ਦੇ ਜਾਦੂ ਦਾ ਸ਼ਿਕਾਰ ਬਣ ਚੁੱਕਿਆ ਹੈ, ਬਾਪ, ਮਾਂ ਤੇ ਭਰਾ ਦਾ ਰਿਸ਼ਤਾ ਸ਼ਰਮਸਾਰ ਹੈ। ਕਾਸ਼ ਅਮਰੀਕਾ ਜੋ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਹੈ, ਹਰ ਫੀਲਡ 'ਚ ਦੁਨੀਆਂ ਦਾ ਮੋਹਰੀ ਦੇਸ਼ ਹੈ, ਕੋਰਟ ਵਿਚ ਮੋਹਰੀ ਬਣ ਕੇ ਉਦਾਹਰਣ ਬਣ ਕੇ ਲਾਈ ਡੀਟੈਕਟਰ ਦਾ ਹਥਿਆਰ ਅਪਣਾਏ ਅਤੇ ਝੂਠੀ ਪਾਰਟੀ ਦਾ ਪਰਦਾਫਾਸ਼ ਕਰੇ। ਕਾਸ਼ ਵਕੀਲ ਅਜਿਹੀ ਝੂਠੀ ਪਾਰਟੀ ਦਾ ਕੇਸ ਲੈਣ ਤੋਂ ਇਨਕਾਰੀ ਕਰ ਆਪਣੀ ਆਤਮਕ ਤੇ ਇਖਲਾਕਨ ਉਚਾਈ ਦਾ ਸਿੱਕਾ ਕਾਇਮ ਕਰਨ। ਕਾਸ਼ ਬੱਚਿਆਂ ਦੀ ਇਹ ਪੁਕਾਰ ਇਨਸਾਨ ਅੰਦਰੋਂ ਇਨਸਾਨੀਅਤ ਨੂੰ ਲੱਭ ਸਕੇ:-

ਹਮਨੇ ਡੈਡੀ ਦੇਖਾ ਹੈ
ਡੈਡੀ ਦਾ ਪਿਆਰ ਨਹੀਂ ਦੇਖਾ।




# ਸੰਝ ਪਈਓ ਦਿਨ ਗਿਰਿਆ ਗਿਆ



ਡਾ. ਕਰਮਜੀਤ ਸਿੰਘ
91-98763-23862

ਮੋਹਰੀਚੱਕ ਤੋਂ ਸਵੇਰ ਦੇ ਗੀਤ ਮਿਲਣ ਤੋਂ ਬਾਅਦ ਮੇਰਾ ਇਹ ਪੱਕਾ ਵਿਸ਼ਵਾਸ ਸੀ ਕਿ ਸ਼ਾਮ ਦੇ ਗੀਤ ਵੀ ਅਵੱਸ਼ ਹੋਣੇ ਚਾਹੀਦੇ ਹਨ। ਇਸ ਲਈ ਮੈਂ ਜਿਸ ਪਿੰਡ ਜਾਂਦਾ ਉਥੇ ਇਹਨਾਂ ਬਾਰੇ ਜ਼ਰੂਰ ਪੁੱਛਦਾ। ਕਿਸੇ ਵੀ ਔਰਤ ਤੋਂ ਗੀਤ ਸੁਣਨ ਵੇਲੇ ਜਿੱਥੇ ਮੈਂ ਲੰਬੇ ਗੀਤਾਂ ਵਿਚੋਂ ਮਾਵਾਂ-ਧੀਆਂ, ਦਿਓਰ-ਭਰਜਾਈ, ਸੱਸ-ਸਹੁਰੇ, ਕੰਤ-ਪਤਨੀ, ਪ੍ਰੇਮੀ-ਪ੍ਰੇਮਿਕਾ, ਦੰਤ ਕਥਾਵਾਂ ਨਾਲ ਸਬੰਧਤ ਗੀਤਾਂ ਦੀ ਫਰਮਾਇਸ਼ ਕਰਦਾ, ਉਥੇ ਨਾਲ ਬਾਰਾਂਮਾਹੇ, ਪੈਂਤੀ ਅੱਖਰੀ, ਸੁਹਾਗ ਘੋੜੀਆਂ, ਬੋਲੀਆਂ, ਗਿੱਧੇ ਆਦਿ ਬਾਰੇ ਚਰਚਾ ਕਰਦਾ। ਹੁਣ ਇਸ ਲਿਸਟ ਵਿਚ ਸਵੇਰ ਦੇ ਗੀਤ ਤੇ ਸ਼ਾਮ ਦੇ ਗੀਤ ਜੁੜ ਗਏ ਸਨ।

ਆਪਣੇ ਹੀ ਪਿੰਡ ਚਾਚੀ ਸੀਤੋ ਤੋਂ ਕੁਝ ਗੀਤ ਸੁਣ ਰਿਹਾ ਸਾਂ। ਕੁਝ ਗੀਤਾਂ ਤੋਂ ਬਾਅਦ ਮੈਂ ਕਿਹਾ, 'ਕਿਸੇ ਦਿਨ ਤੇਰਿਆਂ ਪੇਕਿਆਂ ਦਿਉਂ ਗੀਤ ਸੁਣ ਕੇ ਆਉਣਾ, ਦੱਸੀਂ।' ਚਾਚੀ ਸੀਤੋ ਨੇ ਆਪਣਾ ਪ੍ਰੋਗਰਾਮ ਛੇਤੀ ਦੱਸ ਦਿੱਤਾ। ਉਹ ਅਗਲੇ ਕੁਝ ਦਿਨਾਂ ਵਿਚ ਹੀ ਉਥੇ ਜਾ ਰਹੀ ਸੀ। ਮੈਂ ਇਹਨਾਂ ਦਿਨਾਂ ਵਿਚ ਉਥੇ ਹੀ ਜਾਣ ਦਾ ਪ੍ਰੋਗਰਾਮ ਬਣਾ ਲਿਆ। ਦੋਸਤ ਅਮਰੀਕ ਤੋਂ ਬਾਅਦ ਜੇ ਕੋਈ ਮੇਰੇ ਨਾਲ ਗੀਤਾਂ ਦਾ ਕੋਈ ਹਮਸਫਰ ਇਕ ਤੋਂ ਵਧੇਰੇ ਵਾਰ ਬਣਿਆ ਹੈ ਤਾਂ ਉਹ ਮੇਰਾ ਛੋਟਾ ਭਰਾ ਅਜੀਤ ਹੈ। ਹੁਣ ਤਾਂ ਉਹ ਪੋਲੀਟੈਕਨਿਕ ਕਾਲਜ ਹੁਸ਼ਿਆਰਪੁਰ ਵਿਚ ਲੈਕਚਰਾਰ ਹੈ। ਉਦੋਂ ਉਹ ਵਿਹਲਾ ਸੀ। ਮਦਦ ਉਹ ਹੁਣ ਵੀ ਮੇਰੀ ਕਰਦਾ ਰਹਿੰਦਾ ਹੈ। ਮੈਂ ਝੋਲੇ ਵਿਚ ਟੇਪ ਰਿਕਾਰਡ ਖਾਲੀ ਕੈਸਿਟਾਂ ਤੇ ਕੁਝ ਸੈਲ ਨਾਲ ਲੈ ਕੇ ਪਾ ਲਏ। ਝੋਲਾ ਮੋਢੇ ਤੇ ਲਟਕਾ ਮੈਂ ਸਾਈਕਲ ਤੇ ਅਜੀਤ ਨਾਲ ਤੁਰ ਪਿਆ। ਸਕੂਟਰ ਤਾਂ ਮੈਂ ਕੁਰੂਕਸ਼ੇਤਰ 1986 ਵਿਚ ਲਿਆ। ਲੋਕ ਗੀਤਾਂ ਲਈ ਫੀਲਡ ਵਰਕ ਸਾਰਾ ਮੈਂ ਸਾਈਕਲ ਉਪਰ ਜਾਂ ਬੱਸਾਂ ਰਾਹੀਂ ਪਹੁੰਚ ਕੇ ਹੀ ਕੀਤਾ। ਰਾਤ ਰਹਿਣ ਤੇ ਮੂਡ ਨਾਲ ਅਸੀਂ ਸ਼ਾਮ ਨੂੰ ਹੀ ਚਠਿਆਲੀਆਂ ਪਿੰਡ ਪਹੁੰਚੇ, ਜੋ ਮੇਰੇ ਪਿੰਡ ਸੱਜਣਾਂ ਤੋਂ 3-4 ਮੀਲ ਸੀ। ਪਰ ਸਾਰਾ ਰਸਤਾ ਰੇਤਲਾ ਸੀ ਇਸ ਲਈ ਅਸੀਂ ਬਾਰੀ ਬਾਰੀ ਸਾਇਕਲ ਖਿਚਦੇ ਸ਼ਾਮ ਜਿਹੇ ਨੂੰ ਪੁੱਛਦੇ ਪਛਾਉਂਦੇ ਚਾਚੀ ਸੀਤੋ ਦੇ ਘਰ ਪਹੁੰਚ ਗਏ।

ਚਾਹ ਪਾਣੀ ਤੋਂ ਵਿਹਲੇ ਹੋ ਕੇ ਮੈਂ ਚਾਚੀ ਸੀਤੋ ਨਾਲ ਅਸਲ ਗੱਲ ਛੇੜੀ। ਉਸੇ ਪਹਿਲਾਂ ਹੀ ਕੁੜੀਆਂ ਬਜੁਰਗ ਔਰਤ ਨਾਲ ਗੱਲ ਕੀਤੀ ਹੋਈ ਸੀ। ਨਿਆਣਾ ਭੇਜ ਕੇ ਉਹਨਾਂ ਨੂੰ ਬੁਲਾ ਘੱਲਿਆ। ਬਿਨਾਂ ਕਿਸੇ ਭੂਮਿਕਾ ਤੋਂ ਚਾਚੀ ਨੇ ਗੀਤ ਗਾਉਣ ਲਈ ਕਿਹਾ। ਮੈਂ ਆਪਣਾ ਮੌਕਾ ਸੰਭਾਲਿਆ ਤੇ, ਆਪਣਾ ਮੰਤਵ ਦੱਸਿਆ ਤੇ ਉਹਨਾਂ ਪੁਰਾਣੇ ਗੀਤ ਸੁਣਾਏ ਪਰ ਆਪਣੇ ਤਜਰਬੇ ਦੇ ਆਧਾਰ ਤੇ ਉਹ ਵੀ ਮੈਂ ਨੇ ਕਰ ਲਏ। ਇਹ ਕਰਨਾ ਹੀ ਪੈਂਦਾ ਹੈ ਨਹੀਂ ਤਾਂ ਔਰਤਾਂ ਅਗਾਂਹ ਗੀਤ ਸੁਣਾਉਣ ਲਈ ਤਿਆਰ ਨਹੀਂ ਹੁੰਦੀਆਂ। ਉਹਨਾਂ ਦੇ ਗੀਤ ਉਹਨਾਂ ਨੂੰ ਸੁਣਾ ਕੇ ਮਾਨਸਿਕ ਤੌਰ 'ਤੇ ਉਹਨਾਂ ਨੂੰ ਹੋਰ ਗੀਤ ਗਾਉਣ ਲਈ ਤਿਆਰ ਕਰਨਾ ਹੁੰਦਾ ਹੈ। ਘਰ ਆ ਕੇ ਜੋ ਪਹਿਲਾਂ ਮੇਰੇ ਪਾਸ ਗੀਤ ਟੇਪ ਹਨ, ਉਹਨਾਂ ਨੂੰ ਟੇਪ ਤੋਂ ਮਿਟਾ ਦਿੰਦਾ ਹਾਂ।

ਹੌਲੀ ਹੌਲੀ ਕੁਝ ਨਵੇਂ ਗੀਤ ਸੁਹਾਗ ਘੋੜੀਆਂ ਤੇ ਬੋਲੀਆਂ ਉਹਨਾਂ ਸੁਣਾਈਆਂ। ਮੇਰਾ ਸਵਾਲ ਅਜੇ ਬਾਕੀ ਸੀ ਕਿ ਸ਼ਾਮ ਦੇ ਗੀਤ ਸੁਣਾਓ। ਸ਼ਾਮ ਵੇਲਾ ਸੀ, ਦੀਵਾ ਬਲ ਰਿਹਾ ਸੀ। ਔਰਤਾਂ ਨੇ ਸਥਿਤੀ ਅਨੁਸਾਰ ਗੀਤ ਯਾਦ ਕਰਨੇ ਸ਼ੁਰੂ ਕੀਤੇ। ਇਕ ਨੇ ਪੁੱਛਿਆ ਨੀ "ਸੰਝ ਪਈ ਤਰਕਾਲਾਂ ਪਈਆਂ" ਵਾਲਾ ਗੀਤ ਆਉਂਦਾ?"। ਮੇਰੇ ਲਈ ਇਹ ਹੱਦੋਂ ਵੱਧ ਖੁਸ਼ੀ ਦਾ ਪਲ ਸੀ। ਮੇਰੀ ਮੁਰਾਦ ਪੂਰੀ ਹੋਣ ਜਾ ਰਹੀ ਸੀ। ਦੂਜੀ ਨੇ ਕਿਹਾ "ਪੂਰਾ ਤਾਂ ਨਹੀਂ ਪਰ ਤੇਰੇ ਨਾਲ ਵਾਜ ਤਾਂ ਰਲਾ ਈ ਦਿਆਂਗੀਆਂ। ਤੂੰ ਸ਼ੁਰੂ ਤਾਂ ਕਰ।" ਕੁਝ ਚਿਰ ਸੋਚ ਕੇ ਤੇ ਗੁਣ ਗੁਣਾ ਕੇ, ਪਹਿਲੀ ਨੇ ਖੰਗੂਰਾ ਮਾਰਿਆ ਤੇ ਆਪਣੇ ਆਪ ਨੂੰ ਇਕ ਸੁਰ ਕੀਤਾ। ਇਕ ਧੀਮੀ ਤੇ ਸ਼ਾਮ ਦੀ ਉਦਾਸੀ ਵਰਗੀ ਲੈਅ ਦੀ ਸ਼ੁਰੂਆਤ ਕੀਤੀ।

ਸੰਝ ਪਈ ਤਰਕਾਲਾਂ ਪਈਆਂ, ਤਰਕਾਲਾਂ ਜੋ ਪਈਆਂ,
ਰਾਂਝਣ ਮੰਗਦਾ ਹੈ ਡੇਰਾ।
ਸੁਣ ਸਾਲੂ ਵਾਲੀਏ ਰਾਂਝਣ ਮੰਗਦਾ ਹੈ ਡੇਰਾ,

ਮੇਰੇ ਦਿਮਾਗ ਨੇ ਵੀ ਗੀਤਾ ਦੇ ਨਾਲ ਨਾਲ ਕਲਪਨਾ ਦੇ ਘੋੜੇ ਦੁੜਾਉਣੇ ਸ਼ੁਰੂ ਕਰ ਦਿੱਤੇ। ਇਹ ਰਾਂਝਣ ਕੌਣ ਹੋਇਆ। ਆਮ ਤੌਰ ਤੇ ਅਜਿਹੇ ਗੀਤਾਂ ਵਿਚ ਨੌਕਰ ਪਤੀ ਦੀ ਹੀ ਗੱਲ ਆਉਂਦੀ ਹੈ। ਪਰ ਪਤੀ ਲਈ ਰਾਂਝਣ ਸ਼ਬਦ ਘੱਟ ਹੀ ਵਰਤੋਂ ਵਿਚ ਆਉਂਦਾ ਹੈ। ਇਹ ਵੀ ਸਾਫ ਸੀ ਕਿ ਸੰਝ ਦੇ ਗੀਤਾਂ ਵਿਚ ਦੀਵਿਆਂ ਦਾ ਤ੍ਰਿਕਾਲਾਂ ਢਲਣ ਦਾ ਬਿਰਹਾ ਮਾਰੀ ਇਸਤਰੀ ਦਾ ਜ਼ਿਕਰ ਹੋਵੇਗਾ ਹੀ। ਪਰ ਰਾਝਣ! ਮੈਂ ਹੋਰ ਸੁਚੇਤ ਹੋ ਕੇ ਗੀਤ ਸੁਣਨ ਲੱਗਾ।

ਤੇਰਾ ਡੇਰਾ ਸਾਡੇ ਨੀ ਬਣਦਾ, ਸਾਡੇ ਨੀ ਬਣਦਾ,
ਰਾਜੇ ਦਾ ਮੁਲਕ ਬਥੇਰਾ।
ਸੁਣ ਚੀਰੇ ਵਾਲਿਆਂ, ਰਾਜੇ ਦਾ ਮੁਲਕ ਬਥੇਰਾ।

ਗੀਤ ਦੇ ਦੋਵੇਂ ਪਾਤਰ ਇਕ ਦੂਜੇ ਨੂੰ ਬੜੇ ਅਦਬ ਨਾਲ ਸੰਬੋਧਿਤ ਹੋ ਰਹੇ ਸਨ। ਔਰਤ 'ਸੁਨ ਚੀਰੇ ਵਾਲਿਆ' ਕਹਿ ਰਹੀ ਹੈ ਤਾਂ ਮਰਦ 'ਸੁਣ ਸਾਲੂ ਵਾਲੀਏ' ਸ਼ਬਦਾਂ ਨਾਲ ਸੰਬੋਧਿਤ ਹੁੰਦਾ ਹੈ ਪ੍ਰੰਤੂ ਸਾਲੂ ਵਾਲੀ, ਮਰਦ ਨੂੰ ਡੇਰਾ ਕਰਾਉਣ ਲਈ ਰਾਜੀ ਨਹੀਂ। ਮਤਲਬ ਇਹੀ ਨਿਕਲਦਾ ਸੀ ਕਿ ਮਰਦ ਘਰ ਦਾ ਨਾਂ ਹੋ ਕੇ ਬਾਹਰ ਦਾ ਬੰਦਾ ਹੋ ਸਕਦਾ ਹੈ। ਹੋਰ ਸਪਸ਼ਟ ਹੋਣ ਲਈ ਤਾਂ ਸਾਰਾ ਗੀਤ ਸੁਣਨਾ ਪੈਣਾ ਸੀ। ਗੀਤ ਆਪਣੀ ਬੱਝਵੀਂ ਲੈਅ ਵਿਚ ਅਗਾਂਹ ਵੱਧ ਰਿਹਾ ਸੀ। ਸਾਰੀਆਂ ਔਰਤਾਂ ਦੀ ਆਵਾਜ਼ ਨਾਲ ਹੇਕ ਦੂਰ ਤੱਕ ਸੁਣਾਈ ਦੇ ਰਹੀ ਸੀ। ਜਿਸਨੂੰ ਸੁਣ ਕੇ ਹੋਰ ਔਰਤਾਂ ਤੇ ਬੱਚੇ ਆ ਕੇ ਇਕੱਠੇ ਹੋ ਗਏ। ਪਰ ਗੀਤ ਨਿਰੰਤਰ ਜਾਰੀ ਸੀ।

ਖਾਮਾ ਪੀਮਾ ਰਾਜੇ ਦੇ ਡੇਰੇ, ਰਾਜੇ ਦੇ ਡੇਰੇ,
ਆਇ ਸੌਮਾਂ ਘਰ ਤੇਰੇ।
ਸੁਣ ਸਾਲੂ ਵਾਲੀਏ ਆਇ ਸੌਮਾਂ ਘਰ ਤੇਰੇ।

ਇਹ ਜਿੰਦ ਚੰਗੀ ਸੀ! ਕਿ ਘਰ ਵਾਲੇ ਤਿਆਰ ਨਹੀਂ ਤੇ ਰਾਂਝਾ ਡੇਰਾ ਲਾਉਣ ਦੀ ਠਾਣ ਬੈਠਾ ਹੈ। ਮੈਂ ਇਹ ਵੀ ਕਲਪਿਤ ਕਰ ਰਿਹਾ ਸਾਂ ਕਿ ਦੋਨਾਂ ਪਾਤਰਾਂ ਵਿਚ ਭਾਵੁਕ ਸਾਂਝ ਦਿਖਾਈ ਦੇ ਰਹੀ ਹੈ। ਨਹੀਂ ਤਾਂ ਇੰਨੇ ਪਿਆਰੇ ਸੰਬੋਧਨ ਤੇ ਇੰਨੇ ਪਿਆਰ ਨਾਲ ਸਮਝਾਉਣੀਆਂ ਨਹੀਂ ਦਿੱਤੀਆਂ ਜਾ ਸਕਦੀਆਂ।

ਤੇਰਾ ਡੇਰਾ ਸਾਡੇ ਨਈਂ ਬਣਦਾ, ਸਾਡੇ ਨਈਂ ਬਣਦਾ,
ਮੇਰੇ ਘਰ ਸੱਸ ਸਿਆਣੀ,
ਸੁਣ ਚੀਰੇ ਵਾਲਿਆ ਮੇਰੇ ਘਰ ਸੱਸ ਸਿਆਣੀ,
ਸੱਸੂ ਤੇਰੀ ਨੂੰ ਪੇਈਏ ਭਜਾਮਾਂ, ਪੇਈਏ ਭਜਾਮਾਂ,
ਮੈਂ ਡੇਰਾ ਕਰਨਾ ਹੈ ਤੇਰੇ,
ਸੁਣ ਸਾਲੂ ਵਾਲੀਏ, ਮੈਂ ਡੇਰਾ ਕਰਨਾ ਹੈ ਤੇਰੇ।

ਘਰ ਦੀਆਂ ਪ੍ਰਸਥਿਤੀਆਂ ਅਜਿਹੀਆਂ ਹਨ ਕਿ ਪ੍ਰਦੇਸੀ ਨੂੰ ਘਰ ਵਿਚ ਨਹੀਂ ਰੱਖਿਆ ਜਾ ਸਕਦਾ। ਪਰ ਇੱਥੇ ਪ੍ਰਦੇਸੀ ਇੰਨਾ ਭਾਵੁਕ ਹੈ ਕਿ ਹਰ ਪ੍ਰਸਥਿਤੀ ਨੂੰ ਬਦਲਣਾ ਚਾਹ ਰਿਹਾ ਹੈ। ਸੱਸ ਨੂੰ ਉਹ ਪੇਕੇ ਭੇਜ ਦੇਵੇਗਾ। ਇੱਥੋਂ ਹੀ ਮੈਂ ਕਲਪਨਾ ਕਰ ਸਕਦਾ ਸਾਂ ਕਿ ਹੁਣ ਨੰਬਰ, ਘਰ ਦੇ ਦੂਸਰੇ ਜੀਆਂ ਦਾ ਆਵੇਗਾ। ਕਿਉਂਕਿ ਹੋਰ ਕਈ ਗੀਤਾਂ ਵਿਚ ਅਜਿਹਾ ਦੁਹਰਾ ਮੈਂ ਪਹਿਲਾਂ ਵੇਖ ਚੁੱਕਿਆ ਸੀ। ਅਜਿਹਾ ਦੁਹਰਾ ਸੁਹਾਗ ਘੋੜੀਆਂ ਵਿਚ ਆਮ ਹੈ। ਘੋੜੀਆਂ ਵਿਚ ਲਾੜੇ ਦੀ ਕਲਗੀ ਤੋਂ ਲੈ ਕੇ, ਦਸਤਾਰ, ਜੋੜਾ-ਜਾਮਾ, ਘੋੜਾ ਆਦਿ ਦਾ ਦੁਹਰਾ ਹੁੰਦਾ। ਨਾਲ ਦੀ ਨਾਲ ਮਾਂ-ਬਾਪ, ਦਾਦੀ-ਦਾਦਾ, ਚਾਚਾ-ਚਾਚੀ, ਸਮਾਜਿਕ ਰੁਤਬਿਆਂ ਅਨੁਸਾਰ ਆਉਂਦੇ ਜਾਂਦੇ ਹਨ। ਇਉਂ ਹੀ ਸੁਹਾਗਾਂ ਵਿਚ ਰਿਸ਼ਤੇਦਾਰੀਆਂ ਦਾ ਦੁਹਰਾ ਆਉਂਦਾ ਜਾਂਦਾ ਹੈ। ਜਿਹੜਾ ਗੀਤ ਮੈਂ ਸੁਣ ਰਿਹਾ ਸਾਂ ਉਸ ਵਿਚ ਸੁਹਰੇ ਘਰ ਦੇ ਜੀਆਂ ਦਾ ਦੁਹਰਾ ਆਉਣਾ ਚਾਹੀਦਾ ਸੀ ਕਿਉਂਕਿ ਇਹਨਾਂ ਰਿਸ਼ਤਿਆਂ ਦੇ ਤਾਣੇ-ਬਾਣੇ ਵਿਚੋਂ ਅਨੇਕਾਂ ਗੁੰਝਲਦਾਰ ਪ੍ਰਸਥਿਤੀਆਂ ਪੈਦਾ ਹੁੰਦੀਆਂ ਹਨ। ਮੈਨੂੰ ਗੀਤ ਦੀਆਂ ਅਗਲੀਆਂ ਪੰਗਤੀਆਂ ਦੀ ਇੰਤਜ਼ਾਰ ਸੀ। ਸਮੂਹ ਨੇ "ਸੰਝ ਪਈ" ਤੋਂ ਲੈ ਕੇ 'ਆਏ ਸੌਮਾਂ ਘਰ ਤੇਰੇ' ਤੱਕ ਗੀਤਾਂ ਦੀਆਂ ਪੰਕਤੀਆਂ ਨੂੰ ਮੁੜ ਦੁਹਰਾਇਆ। ਇਹ ਸਮਾਂ ਕਾਫੀ ਸੀ, ਮੇਰੇ ਲਈ ਹੋਰ ਬਹੁਤ ਕੁਝ ਸੋਚਣ ਲਈ। ਗੀਤ ਨੇ, ਲੜੀ ਜੋੜੀ।

ਤੇਰਾ ਡੇਰਾ ਸਾਡੇ ਨਈਂ ਬਣਦਾ, ਸਾਡੇ ਨਹੀਂ ਬਣਦਾ,
ਮੇਰੇ ਘਰ ਸਹੁਰਾ ਸਿਆਣਾ।
ਸੁਣ ਚੀਰੇ ਵਾਲਿਆ, ਮੇਰੇ ਘਰ ਸਹੁਰਾ ਸਿਆਣਾ,
ਸਹੁਰੇ ਤੇਰੇ ਨੂੰ ਰਾਜ ਬਹਾਲਾਂ, ਤਖਤ ਬਹਾਲਾਂ।
ਮੈਂ ਡੇਰਾ ਕਰਨਾ ਹੈ ਤੇਰੇ।
ਸੁਣ ਸਾਲੂ ਵਾਲੀਏ ਮੈਂ ਡੇਰਾ ਕਰਨਾ ਹੈ ਤੇਰੇ,

ਦੁਹਰਾ ਤਾਂ ਮੇਰੀ ਕਲਪਨਾ ਅਨੁਸਾਰ ਸੀ, ਪਰ ਸਹੁਰੇ ਨੂੰ ਤਖਤ ਬਿਠਾਉਣ ਦੀ ਗੱਲ ਅਤਿਕਥਨੀ ਸੀ। ਮੈਂ ਜਿੰਨੇ ਵੀ ਗੀਤ ਇਕੱਠੇ ਕਰ ਰਿਹਾ ਸਾਂ, ਉਹ 90 ਪ੍ਰਤੀਸ਼ਤ ਸਮਾਜ ਦੇ ਹੇਠਲੇ ਵਰਗ ਵਿਚੋਂ ਸਨ। ਇਹਨਾਂ ਦੀਆਂ ਪ੍ਰਸਥਿਤੀਆਂ ਦੋ ਵੇਲੇ ਦੀ ਰੋਟੀ ਰੋਜ਼ੀ ਨਾਲ ਜੁੜੀਆਂ ਹੋਈਆਂ ਹਨ। ਪਰ ਫੁਰਸਤ ਦੇ ਪਲਾਂ ਵਿਚ ਇਹਨਾਂ ਨੂੰ ਕਲਪਨਾ ਦੀਆਂ ਉਡਾਰੀਆਂ ਮਾਰਨ ਤੋਂ ਕੋਈ ਨਹੀਂ ਰੋਕ ਸਕਦਾ।

ਫਿਰ ਉਹ ਰਾਜਿਆਂ ਮਹਾਰਾਜਿਆਂ ਦੀਆਂ ਤਖਤਾਂ-ਤਾਜਾਂ ਦੀਆ ਦਿਉਆਂ-ਪਰੀਆਂ ਦੀਆਂ, ਪੀਰਾਂ ਫਕੀਰਾਂ ਦੀਆਂ ਕਰਾਮਾਤਾਂ ਦੀਆਂ ਕਲਪਨਾ ਕਿਉਂ ਨਾ ਕਰਨ? ਤੇ ਉਹ ਇਹ ਕਰਦੇ ਹਨ। ਜੋ ਯਥਾਰਥ ਵਿਚ ਨਹੀਂ ਮਿਲਦਾ, ਉਹ ਕਲਪਨਾ ਵਿਚ ਪਾਉਣ ਦਾ ਆਹਰ-ਪਾਹਰ ਕਰਦੇ ਹਨ। ਜੇ ਉਹ ਅਜਿਹਾ ਨਾ ਕਰਨ ਤਾਂ ਪ੍ਰਸਥਿਤੀਆਂ ਉਹਨਾਂ ਨੂੰ ਕੁਝ ਦਿਨਾਂ ਵਿਚ ਅਗਲੇ ਜਹਾਨ ਤੋਰ ਦੇਣ। ਇਨ੍ਹਾਂ ਲੋਕਾਂ ਨੇ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਦਾ ਇਕ ਇਹ ਢੰਗ ਵੀ ਅਪਣਾ ਲਿਆ ਹੈ। ਜਿੰਨੀ ਦੇਰ ਪਹਿਲੀਆਂ ਪੰਕਤੀਆਂ ਦਾ ਦੁਹਰਾ ਹੁੰਦਾ ਮੈਂ ਇਹ ਸਭ ਕੁਝ ਸੋਚ ਗਿਆ। ਗੀਤ ਅਗਾਂਹ ਤੁਰਿਆ।

ਤੇਰਾ ਡੇਰਾ ਸਾਡੇ ਨਈਂ ਬਣਦਾ, ਸਾਡੇ ਨਈਂ ਬਣਦਾ
ਮੇਰੇ ਘਰ ਨਣਦ ਕੁਆਰੀ,
ਸੁਣ ਚੀਰੇ ਵਾਲਿਆ, ਮੇਰੇ ਘਰ ਨਣਦ ਕੁਆਰੀ।
ਨਣਦ ਤੇਰੀ ਨੂੰ ਮੈਂ ਸਹੁਰੇ ਭਜਾਮਾਂ, ਸਹੁਰੇ ਭਜਾਮਾਂ,
ਮੈਂ ਡੇਰਾ ਕਰਨਾ ਹੈ ਤੇਰੇ,
ਸੁਣ ਸਾਲੂ ਵਾਲੀਏ ਮੈਂ ਡੇਰਾ ਕਰਨਾ ਹੈ ਤੇਰੇ,

ਸਮੂਹ ਨੇ ਪਹਿਲੀਆਂ ਪੰਗਤੀਆਂ ਮੁੜ ਦੁਹਰਾਈਆਂ ਤੇ ਚੁੱਪ ਕਰ ਗਿਆ। ਮੈਨੂੰ ਆਸ ਸੀ ਕਿ ਕੌਂਤ 'ਪਤੀ' ਦਾ ਜ਼ਿਕਰ ਜ਼ਰੂਰ ਆਵੇਗਾ, ਪਰ ਹੁਣ ਤਾਂ ਚੁੱਪ ਵਰਤ ਗਈ ਸੀ। ਗੀਤ ਕਿਸੇ ਸੁਲਝਾਉ ਤੋਂ ਬਗੈਰ ਸਮਾਪਤ ਹੋ ਗਿਆ ਸੀ। ਸਮਾਜਿਕ ਪ੍ਰਸਥਿਤੀਆਂ ਵਿਚ ਸੁਲਝਾਉ ਸ਼ਾਇਦ ਹੋ ਵੀ ਨਹੀਂ ਸੀ ਸਕਦਾ। ਜੇ ਹੁੰਦਾ ਤਾਂ ਕਲਪਿਤ।

ਮੈਂ ਇਹ ਸਭ ਕੁਝ ਸੋਚ ਰਿਹਾ ਸਾਂ ਤੇ ਨਾਲ ਦੀ ਨਾਲ ਇਸੇ ਸਮੇਂ ਨਾਲ ਸਬੰਧਤ ਦੋ ਹੋਰ ਗੀਤ ਵੀ ਸੁਣ ਰਿਹਾ ਸਾਂ। ਇਹਨਾਂ ਦਾ ਵਿਸ਼ਾ ਪ੍ਰਦੇਸ ਗਏ ਪਤੀ ਦਾ ਬਿਰਹਾ ਭੋਗਦੀ ਔਸਤ ਸੀ। ਉਹ ਪਤਨੀ ਵੀ ਸੀ, ਭੈਣ ਵੀ ਤੇ ਮਾਂ ਵੀ। ਘਰ ਵਾਲੇ ਵੱਲੋਂ ਦੇਰ ਨਾਲ ਘਰ ਪਰਤਣ ਤੇ ਲਾਏ ਬਹਾਨੇ ਸਨ, ਜਦਕਿ ਔਰਤ ਜਾਣਦੀ ਸੀ ਕਿ ਉਸਦਾ ਪਤੀ ਕਿਸੇ ਹੋਰ ਰੂਪਵੰਤੀ ਕੋਲ ਜਾ ਆਇਆ ਸੀ।

ਇਨ੍ਹਾਂ ਗੀਤਾਂ ਨੇ ਮੇਰੇ ਲਈ, ਕਈ ਲੋਕ ਗੀਤਾਂ ਨੂੰ ਸਮਝਣ ਦੇ ਦੁਆਰ ਖੋਲ੍ਹ ਦਿੱਤੇ ਸਨ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"






ਡਾ. ਜਸਵੰਤ ਰਾਏ
98158 25999

## ਵਰ ਆਖਰ ਸਰਾਪ

(ਆਖਰੀ ਕਿਸਤ)

ਬਾਦਸ਼ਾਹ- ਏਸ ਲੜਕੇ ਦੇ ਵਾਰਸ ਹੁਣ ਆ ਗਏ ਆ। ਤੂੰ ਜਾ ਕੇ ਜੰਗ ਦੀਆਂ ਤਿਆਰੀਆਂ ਕਰ ਲਾ। ਹੁਣ ਜੋ ਤੇਰੇ ਕੋਲੋਂ ਹੁੰਦਾ ਉਹ ਕਰਦੇ। ਨਾਰਦ ਨੇ ਜਾ ਕੇ ਟਕੋਰ ਲਾਤੀ। ਫੌਜਾਂ ਤਿਆਰ ਬਰ ਤਿਆਰ ਹੋ ਗਈਆਂ।

ਏਧਰ ਫੇਰ ਨਾਰਦ ਕ੍ਰਿਸ਼ਨ ਹੁਰਾਂ ਨੂੰ ਆ ਕੇ ਕਹਿੰਦਾ ਕਿ ਓਧਰੋਂ ਬੰਦੇ ਤੁਹਾਨੂੰ ਮਿਲਣ ਲਈ ਆ ਰਹੇ ਆ। ਮਿਲਣੀ ਦਾ ਕਾਰ ਵਿਹਾਰ ਹੋਊਗਾ।

ਜਦੋਂ ਕ੍ਰਿਸ਼ਨ ਨੇ ਫੌਜ ਚੜ੍ਹ ਕੇ ਆਉਂਦੀ ਦੇਖੀ ਤਾਂ ਨਾਰਦ ਨੂੰ ਕਿਹਾ, ਓ ਨਾਰਦਾ ..। ਤੂੰ ਤਾਂ ਕਹਿੰਦਾ ਸੀ ਵਿਆਹ ਕਰਨਾ। ਇਹ ਤਾਂ ਫੌਜ ਚੜ੍ਹ ਕੇ ਆ ਗਈ।

ਮਾਰ੍ਹਾਜ ਗੱਲ ਹੋਰ ਆ। ਮੈਂ ਤਾਂ ਬਥੇਰਾ ਜੋਰ ਲਾਇਆ। ਉਹ ਕਹਿੰਦੇ ਸਾਡੇ ਰਸਮ ਆ। ਅਖੇ ਜੰਗ ਕਰਨਾ ਤਾਂ ਫੇਰ ਲੜਕੀ ਵਿਆਹੁਣੀ ਆ। ਜੇ ਤਾਂ ਲੜਕੇ ਵਾਲੇ ਜੰਗ ਜਿੱਤ ਜਾਣ ਫੇਰ ਲੜਕੀ ਵਿਆਹੁਣੀ ਆਂ। ਜੇ ਹਾਰ ਗਏ ਤਾਂ ਡੋਲਾ ਖਾਲੀ ਮੋੜ ਦੇਣਾ। ਇਹ ਇਹਨਾਂ ਦੀ ਸ਼ਰਤ ਆ। ਅੱਛਾ ...।

ਜੰਗ ਸ਼ੁਰੂ ਹੋ ਗਿਆ। ਕ੍ਰਿਸ਼ਨ ਤਾਂ ਖ਼ੁਦ ਰੱਬ ਰੂਪ ਸੀ। ਉਹਦੇ ਅੱਗੇ ਕਿਹੜਾ ਟਿਕ ਸਕਦਾ ਸੀ। ਬੜੀ ਲੜਾਈ ਹੋਈ। ਕ੍ਰਿਸ਼ਨ ਨੇ ਬਾਦਸ਼ਾਹ ਦੀਆਂ ਸਾਰੀਆਂ ਫ਼ੌਜਾਂ ਮਾਰ ਸਿੱਟੀਆਂ। ਬਾਦਸ਼ਾਹ ਨੂੰ ਫੜ ਲਿਆ। ਜਦੋਂ ਕ੍ਰਿਸ਼ਨ ਬਾਦਸ਼ਾਹ ਨੂੰ ਮਾਰਨ ਲੱਗਾ ਤਾਂ ਨਾਰਦ ਨੱਠ ਕੇ ਮੁਹਰੇ ਆ ਗਿਆ।

ਮਾਰ੍ਹਾਜ ਜ਼ਰਾ ਠਹਿਰੋ ਤਾਂ ਸਹੀ।

ਨਾਰਦਾ ਹੁਣ ਤੂੰ ਪਰ੍ਹੇ ਹੋ ਜਾ। ਅਸੀਂ ਇਹਨੂੰ ਦੁਸ਼ਟ ਨੂੰ ਨੀ ਛੱਡਣਾ।

ਮਾਰ੍ਹਾਜ ਮੇਰੀ ਗੱਲ ਤਾਂ ਸੁਣੋ। ਇਹ ਤੁਹਾਡਾ ਕੁੜਮ ਆ। ਬਾਕੀ ਦੀ ਤਾਂ ਸਿਗੀ ਫ਼ੌਜ। ਉਹ ਚਾਹੇ ਮਰ ਗਈ ਚਾਹੇ ਨੱਠ ਗਈ। ਕੋਈ ਗੱਲ ਨੀ। ਜੇ ਤੁਸੀਂ ਕੁੜਮ ਨੂੰ ਮਾਰ ਦਿੱਤਾ ਤਾਂ ਮਿਲਣੀ ਕਿਹਦੇ ਨਾਲ ਕਰਨੀ ਆਂ।

ਬਾਦਸ਼ਾਹ ਮਿੰਨਤਾਂ ਤਰਲੇ ਕਰੇ। ਕ੍ਰਿਸ਼ਨ ਹੁਰੀਂ ਕਹਿਣ ਲੱਗੇ-ਅੱਛਾ ਜਾਹ ਤੈਨੂੰ ਮਾਫ਼ ਕੀਤਾ। ਹੁਣ ਤੂੰ ਜਾ ਕੇ ਲਾਵਾਂ ਦੀਆਂ ਤਿਆਰੀਆਂ ਕਰ।

ਬਾਦਸ਼ਾਹ ਜਾਨ ਬਚਾ ਕੇ ਮਹਿਲੀਂ ਪਹੁੰਚਿਆ। ਲਾਵਾਂ ਦੀਆਂ ਤਿਆਰੀਆਂ ਕੀਤੀਆਂ ਤੇ ਆਪਣੀ ਲੜਕੀ ਦਾ ਡੋਲਾ ਪ੍ਰਦੁਮਣ ਨਾਲ ਤੋਰ ਦਿੱਤਾ।

ਓਧਰ ਅਸਮਾਨੀ ਬੈਠੇ ਸ਼ਿਵ ਜੀ ਨਾਰਦ ਦੀ ਸਾਰੀ ਕਾਰਗੁਜ਼ਾਰੀ ਦੇਖ ਕੇ ਬੜੇ ਖੁਸ਼ ਹੋਏ।

ਇਸ ਤਰ੍ਹਾਂ ਸ਼ਿਵ ਨੇ ਬਾਦਸ਼ਾਹ ਨੂੰ ਜਿਹੜਾ ਵਰ ਦਿੱਤਾ ਸੀ ਉਹ ਅੰਤ ਉਹਦੇ ਲਈ ਸਰਾਪ ਬਣ ਗਿਆ।

## ਲਛਮਣ ਜਤੀ

ਜਿਹੜਾ ਲਛਮਣ ਸੀ, ਕਕਈ ਦਾ ਪੁੱਤਰ, ਸ਼੍ਰੀ ਰਾਮ ਚੰਦਰ ਦਾ ਭਰਾ, ਇਹ ਜਤੀ ਸੀ। ਲਛਮਣ ਨੇ ਗੁਰਧਾਰਨਾ ਨਹੀਂ ਸੀ ਕੀਤੀ। ਇਕ ਦਿਨ ਗੁਰੂ ਵਾਲਾ ਲਛਮਣ ਨੂੰ ਕਹਿੰਦਾ - ਓ ਲਛਮਣਾ ਤੂੰ ਮੇਰੇ ਮੱਥੇ ਨਾ ਲੱਗ। ਤੂੰ ਆਂ ਬੇ ਗੁਰਾ। ਗੁਰੂ ਵਾਲਾਂ ਤਾਂ ਫੇਰ ਮੱਥੇ ਲੱਗੀਂ ਤੂੰ ਮੇਰੇ।

ਇੱਥੋਂ ਤਰਕ ਖਾ ਕੇ ਲਛਮਣ ਗੁਰੂ ਗੋਰਖ ਨਾਥ ਦੇ ਡੇਰੇ ਗਿਆ, ਗੁਰੂ ਧਾਰਨ ਲਈ:-

ਉਥੋਂ ਲਛਮਣ ਤੁਰ ਪਿਆ, ਗਿਆ ਗੋਰਖ ਦੇ ਡੇਰੇ
ਕਹਿੰਦਾ ਗੋਰਖਾ ਆ ਗਿਆਂ, ਮੈਂ ਤਾਂ ਨਾਮ ਲੈਣ ਨੂੰ ਤੇਰੇ।
ਅੱਗੋਂ ਗੋਰਖ ਨਾਥ ਕਹਿੰਦਾ:-
ਜੇ ਲਛਮਣਾਂ ਤੂੰ ਨਾਮ ਲੈਣਾ, ਵਗ ਜਾ ਸਿਲੀਅਰ ਦੇ ਡੇਰੇ
ਬਰਤਨ ਲਿਆ ਮੰਗ ਕੇ ਫਿਰ ਨਾਮ ਲੈ ਲਈ ਤੂੰ ਮੇਰੇ।

ਸਿਲੀਅਰ ਜਾਤ ਦੀ ਘੁਮਿਆਰੀ , ਜਾਦੂਗਰਨੀ ਸੀ। ਜਿਹੜਾ ਵੀ ਉਸਦੇ ਦਰੀਂ ਪਹੁੰਚਦਾ, ਉਹ ਉਸਦਾ ਮੱਖੀ, ਮੱਛਰ ਬਣਾ ਕੇ ਕੰਧਾਂ ਨਾਲ ਲਾ ਦਿੰਦੀ। ਉਥੋਂ ਕੋਈ ਵਾਪਸ ਨਹੀਂ ਸੀ ਮੁੜ ਕੇ ਆਉਂਦਾ। ਲਛਮਣ, ਸਿਲੀਅਰ ਨੂੰ ਜਾ ਕੇ ਕਹਿੰਦਾ -

ਭੇਜਿਆ ਗੋਰਖ ਦਾ ਆ ਗਿਆ,
ਭਾਂਡਾ ਦੇ ਦੇ ਘੁਮਿਆਰੀਏ,
ਬੱਚੜੇ ਜਿਊਣਗੇ ਤੇਰੇ।

ਸਿਲੀਅਰ ਕਹਿੰਦੀ ਮੈਂ ਨੀ ਜਾਣਦੀ ਗੋਰਖ ਨਾਥ ਕੌਣ ਆਂ। ਮੈਂ ਤਾਂ ਭੱਜੀ ਠੀਕਰੀ ਨਾ ਦੇਵਾਂ। ਜਾ ਵਗ ਜਾ।

ਲਛਮਣ ਕਹਿੰਦਾ ਤੂੰ ਮੈਨੂੰ ਖਾਲੀ ਨਾ ਮੋੜ।

ਸਿਲੀਅਰ ਦੇ ਕੁੱਛੜ ਬਾਲ ਚੁੱਕਿਆ ਵੇਖ ਕੇ ਉਹ ਕਹਿੰਦਾ -

ਇੱਕ ਬੱਚਾ ਗੋਦ ਖਲਾਉਂਦੀ ਏਂ,
ਦੂਜਾ ਹੋਊਗਾ ਵਚਨ ਹੈ ਮੇਰੇ।
ਪਰ ਮੈਨੂੰ ਖਾਲੀ ਨਾ ਮੋੜ।
ਸਿਲੀਅਰ ਨੀ ਮੰਨਦੀ, ਸਗੋਂ ਗੁੱਸੇ ਨਾਲ ਕਹਿੰਦੀ -
ਮੈਂ ਤਾਂ ਇਕੋ ਗੁਰੂ ਨੂੰ ਮੰਨਦੀ, ਹੋਰ ਦੇਖੇ ਸਾਧ ਵਥੇਰੇ
ਚੰਗੀ ਚਾਹੁੰਦਾ ਤਾਂ ਮੁੜ ਜਾ, ਨਹੀਂ ਤਾਂ ਮੌਰ ਸੇਕ ਦਊਂ ਤੇਰੇ।
ਲਛਮਣ ਉਸੇ ਵਕਤ ਵਾਪਸ ਮੁੜ ਤੁਰਿਆ।
ਲਛਮਣ ਨੇ ਪਿੱਛਾ ਮੋੜਿਆ,
ਮੁੰਡਾ ਮਰ ਗਿਆ ਓਸੇ ਵੇਲੇ।
ਲਛਮਣ ਉਥੋਂ ਤੁਰ ਪਿਆ,
ਆ ਪਹੁੰਚਾ ਆਪਣੇ ਡੇਰੇ।

ਸਿਲੀਅਰ ਮੁੰਡੇ ਨੂੰ ਹਿਲਾਉਂਦੀ ਜੁਲਾਉਂਦੀ ਆ। ਪਰ ਮੁੰਡਾ ਬੇਸੁਰਤ ਪਿਆ। ਸਿਲੀਅਰ ਦੀ ਕੋਈ ਪੇਸ਼ ਨਹੀਂ ਜਾਂਦੀ। ਅੰਤ ਮੁੰਡੇ ਨੂੰ ਚੁੱਕ ਕੇ ਗੋਰਖ ਦੇ ਡੇਰੇ ਵੱਲ ਤੁਰ ਪੈਂਦੀ। ਮੋਇਆ ਪੁੱਤਰ ਚੁੱਕ ਕੇ, ਸਿਲੀਅਰ ਆ ਪਹੁੰਚੀ ਗੋਰਖ ਦੇ ਡੇਰੇ। ਕਹਿੰਦੀ ਗੋਰਖਾ ਕੈਸੇ ਚੇਲੇ ਭੇਜਦਾ, ਬੱਚੜੇ ਖਾਣ ਨੂੰ ਮੇਰੇ। ਅੱਗੇ ਤਾਂ ਮੈਂ ਕਹਿੰਦੀ ਸਾਂ, ਭੱਜੀ ਠੀਕਰੀ ਨਾ ਦਊਂ"

ਗੋਰਖਾ ਮੁੰਡਾ ਜਿਊਂਦਾ ਕਰਦੇ, ਖੋਤੇ ਲਿਆਊਂ ਲੱਦ ਭਾਂਡਿਆਂ ਦੇ ਤੇਰੇ।
ਗੋਰਖ ਨਾਥ ਮੁੰਡੇ ਨੂੰ ਬਥੇਰੀਆਂ ਡਾਲੀਆਂ ਕਰਦਾ ਪਰ ਮੁੰਡਾ ਨੀ ਜਿਉਂਦਾ ਹੁੰਦਾ।
ਕਹਿੰਦਾ ਲਸ਼ਮਣ ਜਿੰਦਰੇ ਲਾ ਗਿਆ, ਚਾਬੀਆਂ ਉਹਦੇ ਕੋਲੇ।
ਮੋਏ ਪੁੱਤਰ ਨੂੰ ਚੁੱਕ ਕੇ ਸਿਲੀਅਰ ਆ ਪਹੁੰਚੀ ਲਸ਼ਮਣ ਦੇ ਕੋਲ਼ੇ।
ਓ ਲਛਮਣਾਂ ਮੇਰੀ ਹਫਰੀ ਵੇਲ ਨੂੰ ਫ਼ਲ ਲਾ ਦੇ ਮੈਂ ਗੁਣ ਗਾਊਂਗੀ ਤੇਰੇ।
ਲਛਮਣ ਨੇ ਮੁੰਡੇ ਦੇ ਸਿਰ ਤੇ ਹੱਥ ਫੇਰਿਆ,
ਮੁੰਡਾ ਹਿਣਕਿਆ ਵਾਂਗ ਬਛੇਰੇ।

# ਗੁਰਦੀਸ਼ ਕੌਰ ਗਰੇਵਾਲ ਦਾ ਧਾਰਮਿਕ ਕਾਵਿ ਸੰਗ੍ਰਹਿ "ਜਿਨੀ ਨਾਮੁ ਧਿਆਇਆ" ਕੈਲਗਰੀ ਵਿੱਚ ਲੋਕ ਅਰਪਿਤ

**ਕੈਲਗਰੀ (ਚੰਦ ਸਿੰਘ ਸਦਿਉੜਾ)–** ਮਾਂ ਬੋਲੀ ਪੰਜਾਬੀ ਦੀ ਇਸ ਜਾਣੀ ਪਛਾਣੀ ਲੇਖਿਕਾ, ਸ਼ਾਇਰਾ, ਆਲੋਚਕ ਤੇ ਪੰਥਕ ਕਵਿੱਤਰੀ, ਗੁਰਦੀਸ਼ ਕੌਰ ਗਰੇਵਾਲ ਦਾ ਧਾਰਮਿਕ ਕਾਵਿ-ਸੰਗ੍ਰਹਿ "ਜਿਨੀ ਨਾਮੁ ਧਿਆਇਆ" ਕੈਲਗਰੀ ਦੇ ਕੋਸੋ ਹਾਲ ਵਿਖੇ, 14 ਅਗਸਤ, 2015 ਨੂੰ, ਮਹਾਨ ਧਾਰਮਿਕ ਤੇ ਸਾਹਿਤਕ ਸ਼ਖਸੀਅਤਾਂ ਦੀ ਸ਼ਾਨਦਾਰ ਹਾਜ਼ਰੀ ਵਿੱਚ, ਲੋਕ ਅਰਪਣ ਕੀਤਾ ਗਿਆ। ਵਿਰਸੇ 'ਚੋਂ ਕਾਵਿ ਰਚਨਾ ਦੀ ਗੁੜ੍ਹਤੀ ਪ੍ਰਾਪਤ ਬੀਬੀ ਗਰੇਵਾਲ ਦੀ ਕਲਮ ਪਰਵਾਜ਼, ਕਰੀਬ ਚਾਰ ਦਹਾਕੇ ਪਹਿਲਾਂ, ਕਾਲਜ ਦੀਆਂ ਬਰੂਹਾਂ ਤੋਂ ਹੀ ਆਰੰਭ ਹੋ ਚੁੱਕੀ ਸੀ। ਪਤੀ ਦੇਵ ਦੇ ਸਦੀਵੀ ਵਿਛੋੜੇ ਦਾ ਸਦਮਾ, ਸਰਕਾਰੀ ਅਧਿਆਪਨ ਕਾਰਜ, ਬੱਚਿਆਂ ਦੀ ਪੜ੍ਹਾਈ ਤੇ ਸੈਟਲਮੈਂਟ, ਸਮੇਂ ਦਾ ਮੁੱਖ ਮੁੱਦਾ ਬਣੇ ਰਹਿਣ ਕਾਰਨ ਭਾਵੇਂ ਗੁਰਦੀਸ਼ ਦੀ ਕਲਮ ਫਲ ਫੁੱਲ ਨਾ ਸਕੀ। ਪਰ ਸੂਝਵਾਨ ਸ਼ਖ਼ਸੀਅਤਾਂ ਦੀ ਹੌਸਲਾ ਹਫਜ਼ਾਈ ਸਦਕਾ, ਤਿਨਕਾ ਤਿਨਕਾ ਇਕੱਠਾ ਕਰ, ਸਰਕਾਰੀ ਸੇਵਾ ਮੁਕਤੀ ਤੇ ਘਰੇਲੂ ਜ਼ਿੰਮੇਵਾਰੀਆਂ ਤੋਂ ਸੁਰਖਰੂ ਹੋ, 2011 ਵਿੱਚ "ਹਰਫ਼ ਯਾਦਾਂ ਦੇ" ਕਾਵਿ ਸੰਗ੍ਰਹਿ ਅਤੇ 2013 ਵਿੱਚ "ਸੋਚਾਂ ਦੇ ਸਿਰਨਾਵੇਂ" ਨਿਬੰਧ ਸੰਗ੍ਰਹਿ, ਪੰਜਾਬੀ ਪਾਠਕਾਂ ਦੀ ਝੋਲੀ ਪਾਏ। ਮਾਂ ਬੋਲੀ ਪੰਜਾਬੀ ਤੇ ਸਿੱਖ ਧਰਮ ਲਈ ਕੁੱਝ ਚੰਗੇਰਾ ਕਰਨ ਲਈ, ਪਾਠਕਾਂ ਦੇ ਹਾਂ ਪੱਖੀ ਹੁੰਗਾਰੇ ਸਦਕਾ, ਲਗਾਤਾਰ 8 ਸਾਲ ਸਹਿਜ ਤੇ ਸੰਜਮ ਦੀ ਘਾਲਣਾ ਤਹਿਤ, ਉਹਨਾਂ ਦੀ ਇਹ ਤੀਜੀ ਪੁਸਤਕ, "ਜਿਨੀ ਨਾਮੁ ਧਿਆਇਆ" ਪਾਠਕਾਂ ਦੀ ਸੱਥ ਵਿੱਚ ਪਹੁੰਚੀ ਹੈ।

ਸਮਾਗਮ ਦੀ ਸ਼ੁਰੂਆਤ ਕਰਦਿਆਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਨੌਜਵਾਨ ਵਿਦਵਾਨ, ਮੰਚ ਸੰਚਾਲਕ ਮਨਜੋਤ ਗਿੱਲ ਵਲੋਂ, ਲੇਖਿਕਾ ਅਤੇ ਉਸ ਦੀਆਂ ਲਿਖਤਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ। ਉਪਰੰਤ ਪ੍ਰਧਾਨਗੀ ਮੰਡਲ ਵਿੱਚ, ਸਾਹਿਤਕ ਪਿੜ ਦੇ ਰੂਹੇ ਰਵਾਂ ਤੇ ਉੱਘੇ ਗਜ਼ਲਗੋ- ਕਸ਼ਮੀਰਾ ਸਿੰਘ ਚਮਨ, ਨਾਮਵਰ ਪੰਜਾਬੀ ਸਾਹਿਤਕਾਰਾ ਡਾ. ਬਲਵਿੰਦਰ ਕੌਰ ਬਰਾੜ, ਖਾਲਸਾ ਕਰੈਡਿਟ ਯੂਨੀਅਨ ਵਲੋਂ ਆਏ ਬੀਰ ਸਿੰਘ ਚੌਹਾਨ ਅਤੇ ਲੇਖਿਕਾ ਸੁਸ਼ੋਭਿਤ ਹੋਏ। ਪੁਸਤਕ ਬਾਰੇ ਮੁਢਲੀ ਜਾਣਕਾਰੀ ਦੇਣ ਤੋਂ ਬਾਅਦ, ਬੀਰ ਸਿੰਘ ਚੌਹਾਨ ਨੇ, ਬਰਿਟਿਸ਼ ਕੋਲੰਬੀਆ ਦੇ ਪੰਜਾਬੀ, ਹਿੰਦੀ ਤੇ ਉਰਦੂ ਦੇ ਮਹਾਨ ਸ਼ਾਇਰ ਜੀਵਨ ਸਿੰਘ ਰਾਮਪੁਰੀ ਦਾ ਲਿਖਿਆ ਪਰਚਾ ਪੜ੍ਹਿਆ। ਉਹਨਾਂ ਗੁਰਦੀਸ਼ ਕੌਰ ਦੀ ਇਸ ਪੁਸਤਕ ਨੂੰ ਇੱਕ ਵਿਲ-ਖਣ ਪੁਸਤਕ ਕਹਿ ਕੇ ਸਨਮਾਨਿਆਂ ਅਤੇ ਚੜ੍ਹਦੀ ਕਲਾ ਵਾਲੀਆਂ ਇਤਿਹਾਸਕ ਤੇ ਸ਼ਹੀਦਾਂ ਨੂੰ ਸਮਰਪਿਤ ਕਵਿਤਾਵਾਂ ਤੇ ਗੀਤਾਂ ਵਿੱਚ ਲੇਖਿਕਾ ਵਲੋਂ, ਸਾਗਰ ਨੂੰ ਗਾਗਰ ਵਿੱਚ ਭਰਨ ਦੇ ਵਿਸ਼ੇਸ਼ ਉਪਰਾਲੇ ਦੀ ਸ਼ਲਾਘਾ ਕੀਤੀ। ਬਾਲ ਕਲਾਕਾਰ, ਯੁਵਰਾਜ ਨੇ "ਕੀ-ਬੋਰਡ" ਦੀ ਧੁਨ ਤੇ ਬੀਬੀ ਗਰੇਵਾਲ ਦੀ ਲਿਖੀ ਕਵਿਤਾ "ਗੁਰੂ ਮਾਨਿਓ ਗ੍ਰੰਥ" ਨੂੰ ਆਪਣੀ ਸੁਰੀਲੀ ਆਵਾਜ਼ ਵਿੱਚ ਗਾ ਕੇ ਮਹੌਲ ਸੁਰਮਈ ਬਣਾ ਦਿੱਤਾ। ਇਸ ਤੋਂ ਬਾਅਦ, ਡਾ. ਬਲਵਿੰਦਰ ਕੌਰ ਬਰਾੜ ਨੇ, ਡਾ. ਸਰਬਜੋਤ ਕੌਰ, ਪ੍ਰਧਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ, ਦੁਆਰਾ ਲਿਖਿਤ ਪਰਚਾ ਪੜ੍ਹਿਆ। ਇਸ ਵਿੱਚ ਪੁਸਤਕ ਨੂੰ ਇਤਿਹਾਸਕ ਦਸਤਾਵੇਜ਼ ਵਜੋਂ ਮਹੱਤਤਾ ਦਿੰਦੇ ਹੋਏ ਉੱਤਮ ਕਾਵਿ ਕਲਾ ਦਾ ਨਮੂਨਾ ਕਿਹਾ ਗਿਆ। ਡਾ. ਬਰਾੜ ਨੇ ਆਪਣੇ ਨਿੱਜੀ ਵਿਚਾਰ ਦਿੰਦੇ ਹੋਏ ਕਿਹਾ ਕਿ ਲੇਖਿਕਾ ਨੇ ਇਸ ਪੁਸਤਕ ਰਾਹੀਂ ਆਪਣੇ ਅਮੀਰ ਵਿਰਸੇ ਤੇ ਇਤਿਹਾਸਕ ਪੈੜਾਂ ਨੂੰ ਸਾਂਭਣ ਤੇ ਸੱਜਰਾ ਕਰਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਕਸ਼ਮੀਰਾ ਸਿੰਘ ਚਮਨ ਵਲੋਂ, ਪੁਸਤਕ ਬਾਰੇ ਲਿਖੇ ਹੋਏ ਬਹੁਮੁੱਲੇ ਵਿਚਾਰ, ਗੁਰਦਿਆਲ ਸਿੰਘ ਖਹਿਰਾ ਨੇ ਪੜ੍ਹ ਕੇ ਸਰੋਤਿਆਂ ਨੂੰ ਸੁਣਾਏ। ਉਹਨਾਂ ਲੇਖਿਕਾ ਦੀਆਂ ਰਚਨਾਵਾਂ ਤੋਂ ਇਲਾਵਾ, ਕਿਤਾਬ ਦੀ ਕਲਾਤਮਿਕ ਦਿੱਖ ਦੀ ਸ਼ਲਾਘਾ ਕਰਦੇ ਹੋਏ, ਪੁਸਤਕ ਨੂੰ ਦੋਸਤਾਂ- ਮਿੱਤਰਾਂ ਅਤੇ ਰਿਸ਼ਤੇਦਾਰਾਂ ਵਿੱਚ ਤੋਹਫ਼ੇ ਵਜੋਂ ਵੰਡਣ ਦੀ ਪੁਰਜ਼ੋਰ ਸਿਫਾਰਿਸ਼ ਕੀਤੀ।




ਖਰਾਬ ਸਿਹਤ ਦੇ ਬਾਵਜੂਦ, ਕਸ਼ਮੀਰਾ ਸਿੰਘ ਚਮਨ ਨੇ, ਪੁਸਤਕ ਦੇ ਗੀਤ- "ਖੰਨਿਅਹੁ ਤਿਖੀ ਵਾਲਹੁ ਨਿਕੀ, ਸਿੱਖੀ ਬੜੀ ਬਰੀਕ ਓ ਬੀਬਾ" ਨੂੰ ਆਪਣੀ ਬੁਲੰਦ ਆਵਾਜ਼ ਵਿੱਚ ਸੁਣਾ ਕੇ ਸਰੋਤਿਆਂ ਦੀ ਵਾਹਵਾ ਖੱਟੀ। ਮਾਸਟਰ ਬਚਿੱਤਰ ਗਿੱਲ ਅਤੇ ਭੋਲਾ ਸਿੰਘ ਚੌਹਾਨ ਨੇ, ਕਵੀਸ਼ਰੀ ਤੇ ਕਵਿਤਾ ਸੁਣਾ ਕੇ, ਮਹੌਲ ਵਿੱਚ ਹੋਰ ਰੰਗ ਭਰ ਦਿੱਤਾ।

ਫਿਰ ਕੈਮਰਿਆਂ ਦੇ ਫਲੈਸ਼ਾਂ ਦੀ ਚਮਚਮਾਹਟ ਅਤੇ ਤਾੜੀਆਂ ਦੀ ਗੂੰਜ ਵਿੱਚ, ਵਿਸ਼ੇਸ਼ ਮਹਿਮਾਨ ਕਸ਼ਮੀਰਾ ਸਿੰਘ ਚਮਨ ਅਤੇ ਪ੍ਰਧਾਨਗੀ ਮੰਡਲ ਵਲੋਂ, ਪੁਸਤਕ "ਜਿਨੀ ਨਾਮੁ ਧਿਆਇਆ" ਦੀ ਘੁੰਡ ਚੁਕਾਈ ਕੀਤੀ ਗਈ। ਉਪਰੰਤ ਲੇਖਿਕਾ ਨੇ ਆਪਣੇ ਸਾਹਿਤਕ ਸਫਰ ਦੀ ਗੱਲ ਕਰਦਿਆਂ, ਆਪਣੇ ਪਰਿਵਾਰ ਦੇ ਵਿਸ਼ੇਸ਼ ਯੋਗਦਾਨ ਦਾ ਜ਼ਿਕਰ ਕੀਤਾ ਤੇ ਸਰੋਤਿਆਂ ਨਾਲ ਕਵਿਤਾਵਾਂ ਦੇ ਕੁੱਝ ਬੋਲਾਂ ਦੀ ਸਾਂਝ ਪਾਈ। ਉਹਨਾਂ ਵੱਡੀ ਗਿਣਤੀ ਵਿੱਚ ਪਹੁੰਚੇ ਵਿਦਵਾਨਾਂ, ਵੱਖ ਵੱਖ ਸਭਾਵਾਂ ਦੇ ਮੈਂਬਰਾਂ, ਮੀਡੀਆ ਕਰਮੀਆਂ, ਸਾਹਿਤਕਾਰਾਂ ਤੇ ਪਾਠਕਾਂ ਦਾ, ਕੀਮਤੀ ਸਮਾਂ ਕੱਢ ਕੇ ਆਉਣ ਲਈ ਧੰਨਵਾਦ ਕੀਤਾ।

ਇਸ ਮੌਕੇ ਐਮ. ਐਲ. ਏ. ਮਨਮੀਤ ਭੁੱਲਰ ਦੇ ਦਫ਼ਤਰ ਤੋਂ ਆਏ ਨੁਮਾਇੰਦਿਆਂ ਨੇ ਲੇਖਿਕਾ ਦੇ ਸਾਹਿਤਕ ਤੇ ਸਮਾਜਿਕ ਯੋਗਦਾਨ ਦੀ ਸ਼ਲਾਘਾ ਕਰਦਿਆਂ ਹੋਇਆਂ, ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ। ਰਾਈਟਰਜ਼ ਫੋਰਮ ਕੈਲਗਰੀ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਸੰਧੂ ਨੇ ਵੀ ਗੁਰਦੀਸ਼ ਕੌਰ ਨੂੰ ਪਲਾਕ ਨਾਲ ਸਨਮਾਨਿਤ ਕੀਤਾ। ਇਸ ਮੌਕੇ ਪਹੁੰਚੇ ਪੰਜਾਬੀ ਲਿਖਾਰੀ ਸਭਾ, ਅਰਪਨ ਲਿਖਾਰੀ ਸਭਾ, ਰਾਈਟਰਜ਼ ਫੋਰਮ, ਸਾਹਿਤ ਸਭਾ ਕੈਲਗਰੀ, ਰਾਇਲ ਵੂਮੈਨ ਕਲਚਰਲ ਐਸੋਸੀਏਸ਼ਨ ਅਤੇ ਮੀਡੀਆ ਕਲੱਬ ਕੈਲਗਰੀ, ਦੇ ਬੁਲਾਰਿਆਂ ਵਿੱਚੋਂ- ਬਲਜਿੰਦਰ ਸੰਘਾ, ਚੰਦ ਸਿੰਘ ਸਦਿਉੜਾ, ਸੁਰਜੀਤ ਸਿੰਘ ਪੰਨੂ ਅਤੇ ਗੁਰਮੀਤ ਮੱਲ੍ਹੀ ਨੇ ਪੁਸਤਕ ਨੂੰ ਜੀ ਆਇਆਂ ਕਿਹਾ। ਡਾ. ਸੱਤਪਰੀਤ ਸਿੰਘ ਗਰੇਵਾਲ ਵਲੋਂ ਸਮੁੱਚੇ ਹਾਜ਼ਰੀਨ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਇਸ ਸਮਾਗਮ ਵਿੱਚ ਬਖਤਾਵਰ ਬਰਾੜ, ਅਜਾਇਬ ਸਿੰਘ ਸੇਖੋਂ, ਹਰਨੇਕ ਬੱਧਨੀ, ਪ੍ਰਿੰਸੀਪਲ ਅਜੀਤ ਸਿੰਘ, ਸਤਨਾਮ ਸਿੰਘ ਢਾਅ, ਸਰੂਪ ਸਿੰਘ ਮੰਡੇਰ, ਜਸਵੀਰ ਸਿੰਘ ਸਹੋਤਾ, ਦਿਲਾਵਰ ਸਿੰਘ ਸਮਰਾ, ਗੁਰਦੀਪ ਸਿੰਘ, ਰਣਜੀਤ ਸਿੰਘ ਲਾਡੀ, ਹਿਰਦੇਪਾਲ ਸਿੰਘ, ਸ਼ੇਖ਼ ਸਾਹਿਬ, ਸਤਵਿੰਦਰ ਫਰਵਾਹਾ ਤੋਂ ਇਲਾਵਾ ਪੰਜਾਬੀ ਮੀਡੀਆ ਤੋਂ ਹਰਚਰਨ ਸਿੰਘ ਪਰਹਾਰ, ਗੁਰਦੀਪ ਪਰਹਾਰ, ਹਰਬੰਸ ਬੁੱਟਰ, ਗੁਰਚਰਨ ਥਿੰਦ, ਗੁਰਮੀਤ ਸਰਪਾਲ, ਇਹ ਕਲਮ ਅਤੇ ਕੈਲਗਰੀ ਦੇ ਹੋਰ ਪਤਵੰਤੇ ਤੇ ਪਾਠਕ ਸ਼ਾਮਲ ਸਨ। ਜਸਵੰਤ ਸਿੰਘ ਸੇਖੋਂ ਨੇ ਆਪਣੇ ਬਾਲ ਕਵੀਸ਼ਰੀ ਜਥੇ ਰਾਹੀਂ ਸਮਾਗਮ ਦੀ ਸਮਾਪਤੀ ਵਿੱਚ ਚਾਰ ਚੰਨ ਲਾਏ।

ਸਟੇਜ ਦੀ ਭੂਮਿਕਾ ਮਨਜੋਤ ਗਿੱਲ ਵਲੋਂ ਬਾਖ਼ੂਬੀ ਨਿਭਾਈ ਗਈ ਅਤੇ ਇਸ ਤਰ੍ਹਾਂ ਇਹ ਸਮੁੱਚਾ ਸਮਾਗਮ ਸਫਲ ਹੋ ਨਿਬੜਿਆ। ਪੁਸਤਕ ਬਾਰੇ ਹੋਰ ਜਾਣਕਾਰੀ ਲਈ 403-404-1450 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਹਿੰਦੀ ਕਹਾਣੀ / ਸੂਰਜ ਬੜਤੀਆ

# ਕਾਮਰੇਡ ਦਾ ਬਕਸਾ

ਵਾਪਸ ਆਉਂਦੇ ਹੋਏ ਜਤਿਨ ਉਦਾਸ ਸੀ। ਬਹੁਤ ਹੀ ਭਾਰੀ ਮਨ ਨਾਲ ਉਹ ਪਾਰਟੀ ਦਫ਼ਤਰ ਪਹੁੰਚਿਆ, ਕਮਰਾ ਖੋਲ ਕੇ ਅੰਦਰ ਆਇਆ, ਕਮਰੇ 'ਚ ਹਨੇਰਾ ਸੀ, ਸ਼ਾਮ ਘਿਰ ਆਈ ਸੀ। ਉਸਨੂੰ ਲੱਗਿਆ ਕਿ ਢਲਦੀ ਹੋਈ ਸ਼ਾਮ ਉਸਦੇ ਅੰਦਰ ਤੱਕ ਬੈਠ ਗਈ ਹੋਵੇ। ਪਿਤਾ ਜੀ ਦਾ ਬਕਸਾ ਪਲੰਘ ਦੇ ਕੋਲ ਕਿਨਾਰੇ ਤੇ ਰੱਖ ਦਿੱਤਾ ਅਤੇ ਪਲੰਘ 'ਤੇ ਬੈਠ ਗਿਆ...। ਉਸਦੀ ਨਜ਼ਰ ਕੰਧ 'ਤੇ ਗਈ। ਉਹ ਸੁੰਨ ਹੋ ਗਿਆ ਕੰਧ 'ਤੇ ਪਿਤਾ ਜੀ ਦੀ ਤਸਵੀਰ ਨਹੀਂ ਸੀ ਪਰ ਮਾਰਕਸ ਦੀ ਤਸਵੀਰ ਉਥੇ ਉਸੇ ਤਰ੍ਹਾਂ ਹੀ ਸੀ। ਉਸਨੂੰ ਕੰਧ ਸੁੰਨੀ-ਸੁੰਨੀ ਜਿਹੀ ਲੱਗੀ, ਨੰਗੀ ਅਤੇ ਭਿਆਨਕ ਸੂਨੀ ਕੰਧ। ਜਤਿਨ ਨੂੰ ਅਜਿਹਾ ਲੱਗਿਆ ਜਿਵੇਂ ਕਿਸੇ ਨੇ ਜ਼ਬਰਦਸਤੀ ਪਿਤਾ ਜੀ ਦੀ ਤਸਵੀਰ ਨੂੰ ਉਥੋਂ ਹਟਾਇਆ ਹੋਵੇ ਉਸਦੇ ਲਈ ਇਹ ਜੀਵਨ ਦਾ ਕੌੜਾ ਅਨੁਭਵ ਸੀ। ਪਿਤਾ ਜੀ ਉਸ ਦੇ ਲਈ ਹਨੇਰੇ 'ਚ ਚਾਨਣ ਦਾ ਦੀਵਾ ਸੀ। ਉਦਾਸ ਅਤੇ ਭਾਰੀ ਕਦਮਾਂ ਨਾਲ ਉਹ ਸ਼ਰੀਰ ਨੂੰ ਖਿਚਦਾ ਹੋਇਆ ਅੱਗੇ ਵੱਧਿਆ। ਉਸਦੀ ਉਦਾਸੀ ਹੋਰ ਗਹਿਰੀ ਹੋ ਗਈ ਸੀ। ਪਿਤਾ ਜੀ ਦੀ ਤਸਵੀਰ ਥੱਲੇ ਡਿੱਗੀ ਹੋਈ ਸੀ। ਤਸਵੀਰ ਦੇ ਫਰੇਮ 'ਤੇ ਪਈਆਂ ਕੱਚ ਦੀਆਂ ਤਰੇੜਾਂ ਨੇ ਪਿਤਾ ਜੀ ਦੇ ਚਿਹਰੇ ਨੂੰ ਬਦਰੰਗ ਕਰ ਦਿੱਤਾ ਸੀ। ਉਸ ਦੀਆਂ ਅੱਖਾਂ 'ਚੋ ਪਾਣੀ ਨਿਕਲ ਆਇਆ। ਉਹ ਗਹਿਰੀ ਉਦਾਸੀ 'ਚ ਡੁੱਬਦਾ ਗਿਆ। ਇਹ ਲਾਲ ਉਦਾਸੀ ਸੀ..। 'ਪਿਤਾ ਜੀ - ਉਸ ਦੇ ਕਾਮਰੇਡਾਂ ਦੀ ਲਾਲ ਖੁਸੀ 'ਚ ਸ਼ਾਮਿਲ ਨਹੀਂ ਹੋ ਸਕੇ ਸੀ' ਅਜਿਹਾ ਉਸਨੇ ਸੋਚਿਆ ਸੀ। ਉਸ ਦੇ ਦਿਮਾਗ 'ਚ ਇਕ ਵਿਚਾਰ ਆਇਆ- "ਕੀ ਮਾਤਾ-ਪਿਤਾ ਜੀ ਸਾਡੇ ਸੰਘਰਸ਼ 'ਚ ਆਦਰਸ਼ ਨਹੀਂ ਹਨ ? ਕੀ ਉਹ ਮਾਰਕਸ, ਲੈਨਿਨ, ਗਾਂਧੀ ਅਤੇ ਅੰਬੇਡਕਰ ਵਰਗੇ ਪ੍ਰੇਰਕ ਨਹੀਂ..?" ਉਸਦਾ ਮੱਥਾ ਗਰਮ ਹੋ ਗਿਆ ਸੀ। ਉਸ ਨੇ ਪਿਤਾ ਜੀ ਦੀ ਤਸਵੀਰ ਨੂੰ ਚੁੱਕ ਕੇ ਸਾਫ ਕੀਤਾ ਅਤੇ ਠੀਕ ਕਰਕੇ ਕਪੜੇ 'ਚ ਰੱਖ ਲਿਆ .। ਉਹ ਪਲੰਘ 'ਤੇ ਪੈ ਗਿਆ। ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਉਸ ਨੇ ਖਾਣ ਨੂੰ ਵੀ ਕੁਝ ਨਹੀਂ ਮੰਗਵਾਇਆ। ਉਸ ਨੂੰ ਅੱਜ ਫਿਰ ਪਿਤਾ ਜੀ ਦੀ ਬਹੁਤ ਯਾਦ ਆਈ। ਉਸ ਨੂੰ ਆਪਣਾ ਬਚਪਨ ਯਾਦ ਆ ਰਿਹਾ ਸੀ। ਬਚਪਨ ਦੀਆਂ ਘਟਨਾਵਾਂ। ਉਸਨੂੰ ਲੱਗਾ ਜਿਵੇਂ ਪਿਤਾ ਜੀ ਉਸ ਦੇ ਸਾਹਮਣੇ ਖੜ੍ਹੇ ਹੋਣ । ਪਿਤਾ ਜੀ ਈਸਾ ਮਸੀਹ 'ਚ ਬਦਲ ਗਏ ਹੋਣ। ਉਸਨੂੰ ਸ਼ਬਦ ਸੁਣਾਈ ਦਿੱਤੇ। ਇਨਾਂ ਨੂੰ ਮੁਆਫ਼ ਕਰ ਦੇ ਬੇਟਾ। ਇਨ੍ਹਾਂ ਨੂੰ ਪਤਾ ਨਹੀਂ ਇਹ ਕੀ ਕਰ ਰਹੇ ਹਨ..? ਉਸ ਨੇ ਹੈਰਾਨੀ ਨਾਲ ਇੱਧਰ-ਉੱਧਰ ਵੇਖਿਆ..। ਕਮਰੇ 'ਚ ਕਾਫੀ ਹਨੇਰਾ ਸੀ। ਉਹ ਉਠਿਆ, ਲਾਇਟ ਜਗਾਈ। ਬਾਹਰ ਦਾ ਹਨੇਰਾ ਹੋਰ ਵੀ ਸੰਘਣਾ ਹੋ ਚੁੱਕਿਆ ਸੀ। 'ਕੀ ਚਾਰੇ ਪਾਸੇ ਹਨੇਰਾ ਹੀ ਹਨੇਰਾ ਹੈ.? ਉਸ ਨੇ ਸੋਚਿਆ ਸੀ। ਫਿਰ ਉਸ ਨੂੰ ਪਿਤਾ ਜੀ ਦੀ ਤਸਵੀਰ ਦੀ ਯਾਦ ਆਈ। ਜਤਿਨ ਨੇ ਅਪਣੇ ਅੰਦਰ ਕੁਝ ਟੁੱਟਦਾ ਹੋਇਆ ਮਹਿਸੂਸ ਕੀਤਾ। ਵਿਚਾਰਾਂ ਨੇ ਮਨੁੱਖ ਦੇ ਮਾਨਵੀਂ ਮੁੱਲਾਂ ਨੂੰ ਨਹੀਂ ਜਗਾਇਆ ਹੈ। ਸਾਰੇ ਵਿਚਾਰ ਅੰਦਰ ਤੋਂ ਇਕੋ ਤਰ੍ਹਾਂ ਦੇ ਹਨ। ਵਿਚਾਰ ਮਨੁੱਖ ਦੀ ਭਾਵਨਾਵਾਂ ਨੂੰ ਕਿਉਂ ਨਹੀਂ ਜਗ੍ਹਾ ਪਾਉਂਦਾ।

ਕੀ ਵਿਚਾਰ ਸਿਰਫ਼ ਸਾਡੀਆਂ ਦਿਮਾਗੀ ਅਯਾਸ਼ੀਆਂ ਦਾ ਸ਼ਗੂਫ਼ਾ ਭਰ ਹੁੰਦਾ ਹੈ। ਜੋ ਵਿਚਾਰ ਮਨੁੱਖਤਾ ਨੂੰ ਜਾਗ੍ਰਿਤ ਨਾ ਕਰ ਸਕਣ ਉਹਨਾਂ ਨੂੰ ਮਰ ਹੀ ਜਾਣਾ ਚਾਹੀਦਾ ਹੈ....। ਬਹੁਤ ਸਾਰੀਆਂ ਗੱਲਾਂ ਉਸਦੇ ਅੰਦਰ ਉਛਾਲਾਂ ਮਾਰ ਰਹੀਆਂ ਸਨ। ਜਤਿਨ ਤਾਂ ਨੀਲੇ ਅਤੇ ਲਾਲ ਰੰਗ ਨੂੰ ਮਿਲਾਉਣਾ ਚਾਹੁੰਦਾ ਸੀ। ਉਸ ਨੇ ਪਿਤਾ ਜੀ ਦੇ ਸੁਪਨੇ ਨੂੰ ਇਕ ਅਕਾਰ ਦਿੱਤਾ ਸੀ। ਪਿਤਾ ਜੀ ਕਹਿੰਦੇ ਸਨ – "ਸਾਨੂੰ ਹਕੀਕਤ ਦੀ ਜ਼ਮੀਨ 'ਤੇ ਉੱਗੇ ਕੰਡਿਆਂ ਨੂੰ ਲਹਿਰਾਉਂਦੀ ਹੋਈ ਫ਼ਸਲ 'ਚ ਤਬਦੀਲ ਕਰਨਾ ਹੈ।" ਤਾਂ ਕਦੀ ਜਤਿਨ ਦੇ ਉਦਾਸ ਹੋਣ ਤੇ ਕਹਿੰਦੇ- "ਥੋੜ੍ਹੀਆਂ ਜਰੂਰਤਾਂ ਨਾਲ ਪੂਰੀ ਜ਼ਿੰਦਗੀ ਨੂੰ ਸੁਪਨਿਆਂ ਨਾਲ ਭਰਨਾ ਸਿਖੋ ਬੇਟਾ। ਨਾ ਜਾਣੇ ਕਿੰਨੇ ਸੁਪਨੇ ਦੇਖਦਾ ਸੀ ਉਹ। ਹਮੇਸ਼ਾਂ ਜੀਵਨ ਦੇ ਸੁਪਨੇ ਹੀ ਆਉਂਦੇ ਸੀ ਪ੍ਰੰਤੂ ਅੱਜ ਜਾਗਦੇ ਹੋਏ ਮਰਨ ਦਾ ਸੁਪਨਾ ਵੀ ਆਇਆ ਸੀ ਉਸਨੂੰ। ਹੌਲ਼ੀ-ਹੌਲ਼ੀ ਉਸਦੇ ਗੁੱਸੇ ਦਾ ਉਬਾਲ ਸ਼ਾਂਤ ਹੋ ਗਿਆ ਸੀ। ਰਾਤ ਨੂੰ ਸੌਂਦੇ ਸਮੇਂ ਪਿਤਾ ਜੀ ਅਕਸਰ ਉਸਨੂੰ ਅਤੇ ਨੀਲੂ ਨੂੰ ਇਕ ਗਾਣਾ ਸੁਣਾਇਆ ਕਰਦੇ ਸੀ। ਜਤਿਨ ਨੂੰ ਅੱਜ ਵੀ ਉਹ ਯਾਦ ਹੈ- .

ਮੁਕਤੀ ਦਾ ਰਾਹ ਹੈ ਔਖਾ
ਇਸ 'ਤੇ ਚੱਲਣਾ ਹੈ ਤੁਸੀਂ ਇਕੱਲੇ.....
ਸੰਘਣਾ ਬਹੁਤ ਹਨੇਰਾ ਹੈ
ਫਿਰ ਵੀ ਚਲਣਾ ਹੈ ਤੁਸੀਂ ਇਕੱਲੇ ....
ਆਪਣੇ ਵੀ ਤਾਂ ਦਗਾ ਕਰਨਗੇ
ਸੁਪਨੇ ਵੀ ਤਾਂ ਛਲਾਵਾ ਕਰਨਗੇ
ਡਰਨਾ ਨਹੀਂ ਤੁਸੀਂ ਮੇਰੇ ਸਾਥਿਓ
ਨਾ ਹੋਣਾ ਤੁਸੀ ਕਦੀ ਉਦਾਸ
ਰਾਹ ਔਖਾ ਹੈ ਫਿਰ ਵੀ ਚਲਣਾ
ਚਲਦੇ ਰਹਿਣਾ, ਵਧਦੇ ਰਹਿਣਾ
ਰੁਕਣਾ ਹੈ ਤਾਂ ਮੌਤ ਤੁਹਾਡੀ
ਆਵੇਗੀ ਰੌਸ਼ਨੀ ਇਕ ਦਿਨ.....
ਮੁਕਤੀ ਦਾ ਰਾਹ ਹੈ ਔਖਾ....



ਅਨੁਵਾਦ/ ਮਨੋਹਰ ਲਾਲ
+91-99141-91857

ਜਤਿਨ ਨੇ ਮਨ ਹੀ ਮਨ ਇਹਨਾਂ ਸਤਰਾਂ ਨੂੰ ਦੁਹਰਾਇਆ। ਉਸ ਨੂੰ ਅਦਭੁੱਤ ਆਤਮਿਕ ਸ਼ਾਂਤੀ ਮਿਲੀ ਸੀ। ਹੌਲ਼ੀ-ਹੌਲ਼ੀ ਉਹ ਗੂੜ੍ਹੀ ਨੀਂਦ 'ਚ ਸੌਂ ਗਿਆ। ਜਤਿਨ ਨੇ ਇਸ ਘਟਨਾ ਦਾ ਜ਼ਿਕਰ ਕਿਸੇ ਨਾਲ ਨਹੀਂ ਕੀਤਾ। ਉਹ ਨਵੀਂ ਊਰਜਾ ਅਤੇ ਜੋਸ਼ ਦੇ ਨਾਲ ਪਾਰਟੀ ਦੇ ਕੰਮ 'ਚ ਲੱਗ ਪਿਆ। ਹੌਲ਼ੀ-ਹੌਲ਼ੀ ਸਮਾਂ ਲੰਘਦਾ ਗਿਆ ਉਹ ਪਾਰਟੀ ਦੇ ਕੰਮਾਂ ਲਈ ਦੇਸ਼ ਦੇ ਸਾਰੇ ਰਾਜਾਂ 'ਚ ਜਾਂਦਾ।

ਹੁਣ ਉਸਨੇ ਆਪਣੇ ਬਕਸੇ ਨੂੰ ਹੋਰ ਵੀ ਜਿਆਦਾ ਸੰਭਾ਼ਲ ਕੇ ਰੱਖਣਾ ਸ਼ੁਰੂ ਕਰ ਦਿੱਤਾ। ਉਹ ਜਿੱਥੇ ਵੀ ਜਾਂਦਾ, ਜਿੰਦੇ ਵਾਲਾ ਬਕਸਾ ਵੀ ਉਸਦੇ ਨਾਲ ਹੀ ਜਾਂਦਾ। ਉਸਨੂੰ ਬਕਸੇ ਵਾਲਾ ਕਾਮਰੇਡ ਕਿਹਾ ਜਾਣ ਲੱਗਿਆ। ਸਾਰੇ ਕਾਮਰੇਡਾਂ 'ਚ ਉਸਦੇ ਬਕਸੇ ਨੂੰ ਲੈ ਕੇ ਅਜੀਬ ਤਰ੍ਹਾਂ ਦੀ ਜਗਿਆਸਾ ਹੋਣ ਲੱਗੀ।

ਪੰਤਾ਼ਲੀ ਸਾਲ ਦਾ ਹੁੰਦੇ-ਹੁੰਦੇ ਉਸਦਾ ਚਿਹਰਾ ਕੁਮਲਾਅ ਚੁੱਕਿਆ ਸੀ। ਦਾੜ੍ਹੀ ਜ਼ਿਆਦਾ ਸੰਘਣੀ ਹੋ ਕੇ ਚਿੱਟੀ ਹੋ ਗਈ ਸੀ। ਸਰੀਰ ਹੋਰ ਵੀ ਜਿਆਦਾ ਕਮਜ਼ੋਰ ਹੋ ਗਿਆ ਸੀ। ਐਨਾ ਸਭ ਕੁਝ ਹੋਣ ਦੇ ਬਾਵਜੂਦ ਵੀ ਉਸ ਦੀਆਂ ਅੱਖਾਂ 'ਚ ਚਮਕ ਬਰਕਰਾਰ ਸੀ। ਪਾਰਟੀ ਨੇ ਤੈਅ ਕੀਤਾ ਕਿ ਜਤਿਨ 'ਚ ਅਦਭੁੱਤ ਸੰਗਠਨ ਨਿਰਮਾਣ ਦੀ ਯੋਗਤਾ ਹੈ, ਇਸ ਲਈ ਉਸਨੂੰ ਇਕ ਅਜਿਹੇ ਪ੍ਰਦੇਸ਼ 'ਚ ਜਾਣ ਲਈ ਕਿਹਾ ਗਿਆ ਜਿੱਥੇ ਸੰਗਠਨ ਦਾ ਕੰਮ ਕਮਜ਼ੋਰ ਸੀ। ਉਸ ਨੂੰ ਸੈਂਟਰਲ ਕਮੇਟੀ ਵਲੋਂ ਪ੍ਰਦੇਸ਼ 'ਚ ਪਾਰਟੀ ਨਿਰਮਾਣ ਦੇ ਕੰਮਾਂ ਦੇ ਲਈ ਭੇਜ ਦਿੱਤਾ ਗਿਆ।

ਜਤਿਨ ਕੁਝ ਨਹੀਂ ਸੀ ਬੋਲਿਆ ਪਰ ਹੁਣ ਉਸ ਦੇ ਸਰੀਰ 'ਚ ਪਹਿਲਾਂ ਵਰਗੀ ਤਾਕਤ ਨਹੀਂ ਸੀ ਰਹੀ। ਬਹੁਤ ਸਾਰੀਆਂ ਬਿਮਾਰੀਆਂ ਨੇ ਉਸ ਦੇ ਸਰੀਰ ਨੂੰ ਜਕੜ ਲਿਆ ਸੀ। ਦੂਜੇ ਰਾਜ 'ਚ ਜਾਣ ਲਈ ਜਤਿਨ ਨੇ ਬਕਸੇ 'ਚ ਕੁਝ ਕੱਪੜੇ ਅਤੇ ਕਿਤਾਬਾਂ ਰੱਖੀਆਂ। ਕੁਝ ਹੋਰ ਜਰੂਰੀ ਚੀਜਾਂ ਦਾ ਉਸਨੇ ਅਲੱਗ ਤੋਂ ਬੰਡਲ ਬਣਾਇਆ ਅਤੇ ਦੂਜੇ ਪ੍ਰਦੇਸ਼ ਲਈ ਚੱਲ ਪਿਆ। ਇਹ ਇਕ ਪਛੜਿਆ ਹੋਇਆ ਪ੍ਰਦੇਸ਼ ਸੀ ਜੋ ਵਿਕਾਸ 'ਚੋਂ ਪੂਰੀ ਦੁਨੀਆਂ ਤੋਂ ਲਗਪਗ ਕੱਟਿਆ ਹੋਇਆ ਸੀ।

ਉਸਦੇ ਰਹਿਣ ਦਾ ਇੰਤਜ਼ਾਮ ਪ੍ਰਦੇਸ਼ ਪਾਰਟੀ ਦੇ ਆਫ਼ਿਸ 'ਚ ਕਰ ਦਿੱਤਾ ਗਿਆ। ਨਵੇਂ ਅਤੇ ਪੁਰਾਣੇ ਕਾਮਰੇਡਾਂ ਨੇ ਬਹੁਤ ਹੀ ਗਰਮ ਜ਼ੋਸੀ ਨਾਲ ਉਸਦਾ ਸੁਆਗਤ ਕੀਤਾ ਸੀ। ਭਾਵੇਂ ਕੇ ਪੁਰਾਣੇ ਕਾਮਰੇਡ ਜੋ ਕਿ ਲਗਪਗ ਸਾਰੇ ਉਸੇ ਦੀ ਉਮਰ ਦੇ ਸਨ, ਉਸਨੂੰ ਬਕਸੇ ਵਾਲੇ ਕਾਮਰੇਡ ਦੇ ਰੂਪ 'ਚ ਪਹਿਲਾਂ ਤੋਂ ਹੀ ਜਾਣਦੇ ਸੀ। ਜਤਿਨ ਨੇ ਪੰਜ ਸਾਲ ਦੀ ਸਖ਼ਤ ਮਿਹਨਤ ਦੇ ਬਾਅਦ ਪ੍ਰਦੇਸ਼ 'ਚ ਪਾਰਟੀ ਸੰਗਠਨ ਨੂੰ ਮਜ਼ਬੂਤੀ ਦੇ ਦਿੱਤੀ ਸੀ। ਵਿ-ਦਆਰਥੀ ਸੰਗਠਨ ਤੋਂ ਲੈ ਕੇ ਮਜ਼ਦੂਰ ਕਿਸਾਨ ਯੂਨੀਅਨ, ਪ੍ਰਾਂਤ ਅਤੇ ਜਿਲ੍ਹਾ ਸਮਿਤੀਆਂ ਦਾ ਨਵਾਂ ਢਾਂਚਾ ਬਣਾਇਆ ਗਿਆ ਸੀ। ਨੌਜਵਾਨ ਲਿਡਰਸ਼ਿਪ ਪੈਦਾ ਕੀਤੀ। ਪਾਰਟੀ ਦੀ ਸੈਂ-ਟਰਲ ਕਮੇਟੀ ਉਸ ਦੇ ਕੰਮਾਂ ਤੋਂ ਬਹੁਤ ਹੀ ਜ਼ਿਆਦਾ ਖ਼ੁਸ਼ ਸੀ ਪ੍ਰੰਤੂ ਬਕਸੇ ਨੂੰ ਲੈ ਕੇ ਨਵੇਂ ਅਤੇ ਪੁਰਾਣੇ ਸਾਥੀਆਂ ਦਾ ਉਤਸ਼ਾਹ ਵਧਦਾ ਹੀ ਜਾਂਦਾ। ਕਈ ਪ੍ਰਕਾਰ ਦੇ ਕਿੱਸੇ-ਕਹਾਣ-ਿਆਂ ਉਸ ਦੇ ਬਕਸੇ ਨੂੰ ਲੈ ਕੇ ਸੁਣਾਏ ਜਾਂਦੇ। ਕੋਈ ਕਹਿੰਦਾ- "ਪਤਾ ਹੈ ਕਾਮਰੇਡ ਦੇ ਬਕਸੇ 'ਚ ਕੀ ਹੈ..? ਕਾਮਰੇਡ ਜਤਿਨ ਕਿਸੇ ਪੂੰਜੀਪਤੀ ਪਰਿਵਾਰ ਤੋਂ ਹਨ। ਪਿਤਾ ਦੇ ਮਰਨ ਤੋਂ ਬਾਅਦ ਜਦੋਂ ਜਾਇਦਾਦ ਦਾ ਬਟਵਾਰਾ ਹੋਇਆ ਤਾਂ ਕਾਮਰੇਡ ਦੇ ਹਿੱਸੇ 'ਚ ਵੀ ਬਹੁਤ ਸਾਰੀ ਪੂੰਜੀ ਆਈ ਸੀ, ਉਸ ਪੂੰਜੀ ਨੂੰ ਉਸਨੇ ਬਕਸੇ 'ਚ ਸੰਭਾਲ ਕੇ ਰੱਖਿਆ ਹੋਇਆ ਹੈ।" ਇਸ 'ਤੇ ਦੂਜਾ ਕਾਮਰੇਡ ਪ੍ਰਤੀਵਾਦ ਕਰਦਾ ਹੋਇਆ। "ਨਹੀਂ ਯਾਰ ਅਜਿਹੀ ਗੱਲ ਨਹੀਂ ਹੈ। ਆਪਣੇ ਕਾਮਰੇਡ ਅਜਿਹੇ ਨਹੀ ਹਨ। ਜੇਕਰ ਉਸ ਕੋਲ ਕੋਈ ਜਾਇਦਾਦ ਹੁੰਦੀ ਤਾਂ ਉਹ ਪਾਰਟੀ ਨੂੰ ਨਾ ਦਿੰਦੇ।" ਅਜਿਹੀਆਂ ਅਨੇਕਾਂ ਕਹਾਣੀਆਂ ਸਨ ਜੋ ਕਾਮਰੇਡਾਂ 'ਚ ਬੜੇ ਮਜ੍ਹੇ ਨਾਲ ਕਹੀਆਂ ਜਾਂ-ਦੀਆਂ। ਇਕ ਹੋਰ ਕਹਾਣੀ ਵੀ ਸੀ ਜੋ ਬਹੁਤ ਦਿਲਚਸਪ ਸੀ ਜਿਸਨੂੰ ਕਦੀ-ਕਦੀ ਪੁਰਾਣੇ ਕਾਮਰੇਡ ਜਦੋਂ ਵੀ ਰੰਗੀਨ ਮਾਹੌਲ 'ਚ ਹੁੰਦੇ ਤਾਂ ਖੋਲ੍ਹਦੇ ।

"ਸੁਣਿਆ ਹੈ ਕਾਮਰੇਡ ਜਤਿਨ ਦਾ ਕਾਲਿਜ ਦੇ ਦਿਨਾਂ 'ਚ ਕਿਸੀ ਬਹੁਤ ਸੁੰਦਰ ਕੁੜੀ ਨਾਲ ਜ਼ਬਰਦਸਤ ਇਸ਼ਕ ਹੋਇਆ ਸੀ। ਉਹ ਇਸ ਨਾਲ ਵਿਆਹ ਕਰਨਾ ਚਾਹੁੰਦੀ ਸੀ.... ਪਰ ਇਹ ਹੋਲ ਟਾਇਮਰ ਬਣ ਕੇ ਪਾਰਟੀ ਦਾ ਕੰਮ ਕਰਨਾ ਚਾਹੁੰਦਾ ਸੀ। ਇਸ ਲਈ ਇਹਨਾਂ ਨੇ ਵਿਆਹ ਨਹੀਂ ਕੀਤਾ..। ਉਸ ਸਮੇਂ ਦੇ ਇਸ਼ਕ ਪੱਤਰ ਅਤੇ ਉਸ ਕੁੜੀ ਦੀਆਂ ਫੋਟੋਆਂ ਬਕਸੇ 'ਚ ਹੁਣ ਤੱਕ ਸੰਭਾਲ ਰੱਖੇ ਹੋਏ ਹਨ...। ਇਸ ਲਈ ਹਮੇਸ਼ਾਂ ਬਕਸੇ ਨੂੰ ਜਿੰਦਾ ਲਗਾਈ ਰੱਖਦੇ ਹਨ...।" ਉਹ ਇਨ੍ਹਾਂ ਕਿੱਸਿਆਂ ਨੂੰ ਸੁਣਾਉਂਦੇ ਸਮੇਂ ਕਦੀ ਵੀ ਕਾਮਰੇਡ ਜਤਿਨ ਦੇ ਸਨਮਾਨ 'ਚ ਕੁਝ ਗਲਤ ਨਹੀਂ ਕਹਿੰਦੇ ਸਨ.।

ਪ੍ਰੰਤੂ ਧੁਨ ਦਾ ਪੱਕਾ ਕਾਮਰੇਡ ਜਤਿਨ ਆਪਣੇ ਕੰਮ 'ਚ ਹਮੇਸ਼ਾਂ ਲੱਗਿਆ ਰਹਿੰਦਾ। ਜਿਵੇਂ ਉਸ ਤੇ ਇਕ ਹੀ ਭੂਤ ਸਵਾਰ ਸੀ..। ਸਮਾਜ ਬਦਲਣਾ ਹੈ. ਬਸ..। ਜਤਿਨ ਦਾ ਸਰੀਰ ਬਿਮਾਰੀਆਂ ਦਾ ਘਰ ਬਣ ਚੁੱਕਿਆ ਸੀ। ਠੀਕ ਤਰ੍ਹਾਂ ਨਾਲ ਇਲਾਜ ਵੀ ਨਹੀਂ ਕਰਾ ਸਕਦਾ ਸੀ। ਨਾ ਖਾਣ ਦਾ ਫ਼ਿਕਰ, ਨਾ ਸਿਹਤ ਦੀ ਚਿੰਤਾ, ਬਸ ਕੰਮ ਹੀ ਕੰਮ। ਉਸ ਦਿਨ ਜਤਿਨ ਨੂੰ ਸਵੇਰ ਤੋਂ ਹੀ ਖਾਂਸੀ ਦਾ ਅਸਹਿਣਯੋਗ ਦੌਰਾ ਪਿਆ ਸੀ। ਖੰਘਦੇ-ਖੰਘਦੇ ਛਾਤੀ 'ਚ ਦਰਦ ਦਾ ਗੋ਼ਲਾ ਜਿਹਾ ਉੱਠਿਆ। ਉਹ ਦਿਨ ਭਰ ਕੱਲਾਕਾਰਾ ਪਲੰਘ 'ਤੇ ਹੀ ਪਿਆ ਰਿਹਾ ...। ਅੱਜ ਉਸ ਨੂੰ ਮਾਂ ਦੀ ਬਹੁਤ ਯਾਦ ਆਈ। ਬਚਪਨ 'ਚ ਜਦੋਂ ਵੀ ਉਹ ਬਿਮਾਰ ਹੁੰਦਾ ਤਾਂ ਰਾਤ ਭਰ ਮਾਂ ਪਲੰਘ ਦੇ ਕੋਲ ਬੈਠੀ ਰਹਿੰਦੀ। ਬੁਖ਼ਾਰ ਹੋਣ 'ਤੇ ਗਿੱਲੀਆਂ ਪੱਟੀਆਂ ਰੱਖਦੀ, ਸਾਰੀ-ਸਾਰੀ ਰਾਤ ਸੌਂਦੀ ਵੀ ਨਹੀਂ ਸੀ ...। ਉਹ ਮਾਂ ਦੇ ਲਈ ਕੁਝ ਵੀ ਤਾਂ ਨਹੀਂ ਸੀ ਕਰ ਸਕਿਆ। ਮਾਂ ਬਹੁਤ ਇੱਕਲੀ ਰਹਿ ਗਈ ਸੀ। ਪਿਤਾ ਜੀ ਦੇ ਬਾਅਦ ਜਤਿਨ ਵੀ ਉਹਨਾਂ ਨੂੰ ਇੱਕਲਾ ਛੱਡ ਕੇ ਚਲਾ ਆਇਆ ਸੀ। ਨੀਲੂ ਦੇ ਲਈ ਵੀ ਕੁਝ ਕਰਨਾ ਸੀ। ਓਹੀ ਤਾਂ ਸੀ ਉਸਦਾ ਪਿਤਾ, ਭਾਈ ਸਭ ਕੁਝ। ਕਿਹੜੀ ਇਛਾ ਪੂਰੀ ਕਰ ਸਕਿਆ ਸੀ ਨੀਲੂ ਦੀ। ਉਸ ਨੂੰ ਨੀਲੂ ਦੇ ਸ਼ਬਦ ਯਾਦ ਆਏ – "ਨਾ ਜਾਓ ਭਾਈ.... ਸਾਨੂੰ ਇਕੱਲਾ ਛੱਡ ਕੇ ਨਾ ਜਾਓ। ਪਿਤਾ ਜੀ ਵੀ ਸਾਨੂੰ ਛੱਡ ਕੇ ਚਲੇ ਗਏ 'ਤੇ ਹੁਣ ਤੁਸੀ ਵੀ ....।" ਸੋਚਦੇ ਹੋਏ ਉਸ ਦੀਆਂ ਅੱਖਾਂ 'ਚੋਂ ਲਗਾਤਾਰ ਪਾਣੀ ਬਹਿ ਰਿਹਾ ਸੀ। ਉਸ ਨੂੰ ਦੂਰ ਹੁੰਦੀ ਰੌਸ਼ਨੀ 'ਚ ਧੁੰਧਲਾਏ ਹੋਏ ਬਿੰਬਾਂ 'ਚ ਪਿਤਾ ਜੀ ਦਿਖੇ ਸੀ। ਉਸ ਨੂੰ ਲੱਗਿਆ ਜਿਵੇਂ ਪਿਤਾ ਜੀ ਉਸ ਨੂੰ ਛਾਤੀ ਨਾਲ ਲਾਉਣ ਲਈ ਬੁਲਾ ਰਹੇ ਹੋਣ। ਜਤਿਨ ਖ਼ਤਮ ਹੋ ਰਹੀ ਚੇਤਨਾ 'ਚ ਬੁੜਬੁੜਾਇਆ ਸੀ- "ਮੈਂ ਆ ਰਿਹਾਂ ਹਾਂ, ਪਿਤਾ ਜੀ.. ਮੈਂ ਆ ਰਿਹਾਂ ਹਾਂ ..." ਕਾਮਰੇਡ ਜਤਿਨ ਮਰ ਗਏ ...। ਸਾਰਿਆਂ ਦੇ ਮੂੰਹ 'ਚੋਂ ਇਹੀ ਸੁਣਾਈ ਦਿੰਦਾ...। ਕਾਮਰੇਡ ਜਤਿਨ ਨਹੀਂ ਰਹੇ....।" ਜਤਿਨ ਦੇ ਦਾਹ ਸਸਕਾਰ ਦੇ ਬਾਅਦ ਹੁਣ ਪ੍ਰਦੇਸ਼ ਪਾਰਟੀ ਦੇ ਸਾਹਮਣੇ ਇਕ ਨਵੀਂ ਸਮੱਸਿਆ ਆ ਗਈ ਸੀ। ਕਾਮਰੇਡ ਜਤਿਨ ਦਾ ਬਕਸਾ.....। ਕੀ ਕੀਤਾ ਜਾਵੇ ਇਸ ਦਾ ਹੁਣ? ਉਸ 'ਤੇ ਜਿੰਦਾ ਲੱਗਿਆ ਹੋਇਆ ਸੀ। ਮੀਟਿੰਗ ਦੇ ਬਾਅਦ ਇਹ ਤੈਅ ਹੋਇਆ ਕਿ ਕੁਝ ਸੀਨੀਅਰ ਪਾਰਟੀ ਮੈਂਬਰਾਂ ਦੀ ਮੌਜੂਦਗੀ 'ਚ ਬਕਸਾ ਖੋਲ੍ਹਿਆ ਜਾਵੇ। ਸਾਰਿਆਂ ਦੇ ਮਨ 'ਚ ਬੇਚੈਨੀ ਭਰਿਆ ਮਾਹੌਲ ਸੀ। ਜਿਸ ਦਿਨ ਬਕਸੇ ਨੂੰ ਖੋਲ੍ਹਿਆ ਜਾਣਾ ਸੀ, ਨਵੇਂ ਅਤੇ ਪੁਰਾਣੇ ਕਾਮਰੇਡ ਕਿਸੇ ਨਾ ਕਿਸੇ ਕੰਮ ਦੇ ਬਹਾਨੇ ਪਾਰਟੀ ਆਫ਼ਿਸ 'ਚ ਆ ਪਹੁੰਚੇ ਸੀ। ਸਾਰਿਆਂ ਦੇ ਮਨ 'ਚ ਇਕ ਹੀ ਸਵਾਲ ਸੀ... "ਕੀ ਹੋਵੇਗਾ ਬਕਸੇ 'ਚ?"

ਜਤਿਨ ਦੇ ਕਮਰੇ 'ਚੋਂ ਬਕਸੇ ਨੂੰ ਬਾਹਰ ਲਿਆਂਦਾ ਗਿਆ। ਇਕ ਸੀਨੀਅਰ ਪਾਰਟੀ ਕਾਮਰੇਡ ਨੇ ਬਕਸੇ ਦਾ ਢੱਕਣ ਚੁੱਕਿਆ। ਸਾਰਿਆਂ ਨੇ ਇਕ ਦੂਜੇ ਤੋਂ ਉਪਰ ਦੀ ਹੁੰਦੇ ਹੋਏ 'ਬਕਸੇ 'ਚ ਸਭ ਤੋਂ ਪਹਿਲਾਂ ਮੈਂ... ਸਭ ਤੋਂ ਪਹਿਲਾਂ ਮੈਂ' ਸੋਚਦੇ ਹੋਏ ਝਾਕਿਆ ....। ਬਕਸੇ 'ਚ ਕੁਝ ਕਿਤਾਬਾਂ ਨਿਕਲੀਆਂ। ਫਿਰ ਇਕ ਸਲੀਕੇ ਨਾਲ ਤਹਿ ਕੀਤਾ ਹੋਇਆ ਨੀਲੇ ਰੰਗ ਦਾ ਕਪੜਾ ਸੀ...। ਉਸਨੂੰ ਚੁੱਕਿਆ ਗਿਆ ਤੇ ਉਸਦੀ ਤਹਿ ਨੂੰ ਖੋਲ੍ਹਿਆ ਗਿਆ..। ਸਭ ਦੇਖ ਕੇ ਹੈਰਾਨ ਸਨ...। ਇਹ ਤਾਂ ਜਤਿਨ ਦੇ ਪਿਤਾ ਜੀ ਦੀ ਤਸਵੀਰ ਸੀ...। ਜਗਿਆਸਾ 'ਚ ਉਦਾਸੀ ਛਾ ਗਈ...। ਜਿਵੇਂ ਕਹਿ ਰਹੇ ਹੋਣ. ਖੋਦਿਆ ਪਹਾੜ.?

(ਸਮਾਪਤ)




# ਵਿਸ਼ਵ ਦੀਆਂ ਟੌਪ ਅਭਿਨੇਤਰੀਆਂ, ਜਿਹਨਾਂ ਦੀ ਕਮਾਈ ਕਰੋੜਾਂ ਵਿਚ

ਜੈਨੀਫਰ ਲਾਰੈਂਸ ਦੁਨੀਆਂ ਭਰ ਦੀ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀ ਅਭਿਨੇਤਰੀ ਬਣੀ ਹੈ। ਫੋਬਰਸ ਨੇ 12 ਮਹੀਨਿਆਂ ਦੀ ਕਮਾਈ ਦੇ ਆਧਾਰ ਤੇ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀਆਂ ਅਭਿਨੇਤਰੀਆਂ ਦੀ ਲਿਸਟ ਤਿਆਰ ਕੀਤੀ ਹੈ। ਇਸ ਲਿਸਟ ਵਿਚ 52 ਮਿਲੀਅਨ ਡਾਲਰ ਯਾਨਿ ਕਰੀਬ 342 ਕਰੋੜ ਰੁਪਏ ਦੀ ਕਮਾਈ ਦੇ ਨਾਲ 'ਦਾ ਹੰਗਰ ਗੇਮਸ' ਫੇਮ ਹਾਲੀਵੁੱਡ ਅਭਿਨੇਤਰੀ ਜੈਨੀਫਰ ਲਾਰੈਂਸ ਸਿਖਰ ਤੇ ਹੈ।

ਲਿਸਟ ਵਿਚ ਦੂਜੀ ਥਾਂ ਅਵੈਂਜਰਸ ਫੇਮ ਸਕਾਰਲੈਟ ਜੋਹਨਸਨ ਨੂੰ ਮਿਲੀ ਹੈ। ਉਹਨਾਂ ਨੇ 12 ਮਹੀਨਿਆਂ ਵਿਚ 35.5 ਮਿਲੀਅਨ ਯਾਨਿ ਕਰੀਬ 233 ਕਰੋੜ ਰੁਪਏ ਦੀ ਕਮਾਈ ਕੀਤੀ ਹੈ। 18 ਅਭਿਨੇਤਰੀਆਂ ਦੀ ਇਸ ਲਿਸਟ ਵਿਚ ਬਲੈਕ ਸਵਾਨ ਅਤੇ ਥੋਰ ਵਰਗੀਆਂ ਫਿਲਮਾਂ ਵਿਚ ਨਜ਼ਰ ਆ ਚੁੱਕੀ ਨਤਾਲੀ ਪੋਰਟਮੈਨ ਦਾ ਨੰਬਰ ਆਖਰੀ ਹੈ।





ਲਿਸਟ ਵਿਚ ਦੂਜੇ ਨੰਬਰ ਤੇ ਸਕਾਰਲੇਟ ਜੋਹਾਨਸਨ ਹੈ। ਉਸ ਦੀ ਇਕ ਸਾਲ ਦੀ ਕਮਾਈ 35.2 ਮਿਲੀਅਨ ਯਾਨਿ 233 ਕਰੋੜ ਰੁਪਏ ਹੈ।



ਤੀਜੇ ਸਥਾਨ ਤੇ ਮੈਲਿਸਾ ਮੈਕੇਥੀ ਹੈ। ਉਸ ਦੀ ਇਕ ਸਾਲ ਦੀ ਕਮਾਈ 23 ਮਿਲੀਅਨ ਯਾਨਿ 151 ਕਰੋੜ ਰੁਪਏ ਦੇ ਕਰੀਬ ਹੈ।



ਬਿੰਗਬਿੰਗ ਫੈਨ ਇਸ ਲਿਸਟ ਵਿਚ ਚੌਥੇ ਸਥਾਨ ਤੇ ਹੈ। ਉਸ ਨੇ ਸਾਲ ਵਿਚ 21 ਮਿਲੀਅਨ ਯਾਨਿ ਕਰੀਬ 138 ਕਰੋੜ ਦੀ ਕਮਾਈ ਕੀਤੀ ਹੈ।



ਜੈਨੀਫਰ ਐਨਿਸਟਨ ਇਸ ਲਿਸਟ ਵਿਚ ਪੰਜਵੇਂ ਸਥਾਨ ਤੇ ਹੈ। ਉਹਨਾਂ ਨੇ ਸਾਲ ਵਿਚ 16.5 ਮਿਲੀਅਨ ਡਾਲਰ ਯਾਨਿ 108 ਕਰੋੜ ਰੁਪਏ ਕਮਾਏ ਹਨ।



ਲਿਸਟ ਵਿਚ ਛੇਵੇਂ ਸਥਾਨ ਤੇ ਜੂਲੀਆ ਰਾਬਰਟਸ ਹੈ। ਉਹਨਾਂ ਨੇ ਸਾਲ ਵਿਚ 16 ਮਿਲੀਅਨ ਯਾਨਿ 105 ਕਰੋੜ ਰੁਪਏ ਕਮਾਏ ਹਨ।



ਲਿਸਟ ਵਿਚ ਸੱਤਵੇਂ ਨੰਬਰ ਤੇ ਅੰਜੇਲਿਨਾ ਜੋਲੀ ਹੈ। ਉਸ ਨੇ ਸਾਲ ਵਿਚ ਕਰੀਬ 15 ਮਿ- ਲੀਅਨ ਯਾਨਿ 98 ਕਰੋੜ ਰੁਪਏ ਕਮਾਏ ਹਨ।



ਰੀਜ ਵਿਦਰਸਪੂਨ ਨੇ ਇਕ ਸਾਲ ਵਿਚ 15 ਮਿਲੀਅਨ ਦੇ ਕਰੀਬ ਕਮਾਏ ਹਨ। ਯਾਨਿ ਉਹਨਾਂ ਦੀ ਕਮਾਈ 98 ਕਰੋੜ ਦੇ ਕਰੀਬ ਰਹੀ।



ਅਨੇ ਹੈਥਵੇ ਨੇ ਇਕ ਸਾਲ ਵਿਚ 12 ਮਿਲੀਅਨ ਦੇ ਕਰੀਬ ਕਮਾਏ ਹਨ। ਉਹਨਾਂ ਦੀ ਕਮਾਈ 78 ਕਰੋੜ ਨੂੰ ਪਾਰ ਕਰ ਗਈ ਹੈ।



ਲਿਸਟ ਵਿਚ ਦਸਵੇਂ ਸਥਾਨ ਤੇ ਕ੍ਰਿਸਟਨ ਸਟੀਵਰਟ ਹੈ। ਉਹਨਾਂ ਨੇ ਸਾਲ ਵਿਚ 12 ਮਿਲੀਅਨ ਯਾਨਿ 78 ਕਰੋੜ ਰੁਪਏ ਕਮਾਏ ਹਨ।

# ਗੀਤਾ ਨਾਲ ਹੋਵੇਗਾ ਭੱਜੀ ਦਾ ਅਕਤੂਬਰ ਵਿਚ ਵਿਆਹ



ਸੁਰੇਸ਼ ਰੈਨਾ ਅਤੇ ਦਿਨੇਸ਼ ਕਾਰਤਿਕ ਤੋਂ ਬਾਅਦ ਭਾਰਤੀ ਕ੍ਰਿਕਟ ਵਰਲਡ ਦਾ ਇਕ ਹੋਰ ਖਿਡਾਰੀ ਘੋੜੀ ਚੜ੍ਹਨ ਲਈ ਤਿਆਰ ਹੈ। ਹਰਭਜਨ ਸਿੰਘ ਅਤੇ ਗੀਤਾ ਬਸਰਾ ਦੇ ਵਿਆਹ ਦੀ ਡੇਟ 29 ਅਕਤੂਬਰ ਫਿਕਸ ਹੋਈ ਹੈ। ਵਿਆਹ ਦੇ ਲਈ ਜਲੰਧਰ ਦੇ ਫਗਵਾੜਾ ਰੋਡ ਤੇ ਪੈਲੇਸ ਅਤੇ ਹੋਟਲ ਦੀ ਬੁਕਿੰਗ ਵੀ ਕੀਤੀ ਜਾ ਚੁੱਕੀ ਹੈ।

ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਭੱਜੀ ਦੀ ਹੋਣ ਵਾਲੀ ਪਤਨੀ ਗੀਤਾ ਪੰਜਾਬੀ ਹੈ ਪਰ ਉਹਨਾਂ ਦਾ ਜਨਮ ਇੰਗਲੈਂਡ ਵਿਚ ਸਾਊਥ ਕੋਸਟ ਦੇ ਪੋਰਟਸਮਾਊਥ ਵਿਚ ਹੋਇਆ।

ਭੱਜੀ ਅਤੇ ਗੀਤਾ ਦੇ ਪਿਆਰ ਦੇ ਚਰਚੇ ਤਾਂ ਪਹਿਲਾਂ ਤੋਂ ਸਨ ਪਰ 5.3 ਫੁੱਟ ਲੰਮੀ ਇਸ ਬਿਊਟੀ ਕੁਈਨ ਅਤੇ ਟਰਬਨੇਟਰ ਦਾ ਅਫੇਅਰ 2011 ਵਿਚ ਪਰਵਾਨ ਚੜ੍ਹਿਆ। ਇੰਡੀਆ ਦੇ ਨੋਟਿਡਾ ਸਰਕਟ ਵਿਚ ਆਯੋਜਿਤ ਪਹਿਲੇ ਐਫ-1 ਰੇਸ ਦੇ ਦੌਰਾਨ ਇਕ-ਦੂਜੇ ਦੀਆਂ ਬਾਹਾਂ ਵਿਚ ਬਾਹਾਂ ਪਾ ਕੇ ਘੁੰਮਦੇ ਨਜ਼ਰ ਆਏ। ਇਸ ਜੋੜੇ ਦੀ ਇਹ ਮੁਲਾਕਾਤ ਕਾਫੀ ਦਿਨਾਂ ਤੱਕ ਚਰਚਾ ਵਿਚ ਰਹੀ।

ਜਦੋਂ ਵੀ ਰਿਸ਼ਤੇ ਬਾਰੇ ਪੁੱਛਿਆ ਜਾਂਦਾ ਤਾਂ ਗੀਤਾ ਤਾਂ ਗੁੱਡ ਫਰੈਂਡ ਕਹਿ ਕੇ ਗੱਲ ਟਾਲ ਦਿੰਦੀ ਪਰ ਭੱਜੀ ਕੁਝ ਕਹਿਣ ਦੀ ਬਜਾਏ ਮੁਸਕਰਾਉਂਦੇ ਹੋਏ ਇੱਧਰ ਉਧਰ ਦੇਖਣ ਲੱਗਦੇ। ਇਸ ਤੋਂ ਬਾਅਦ ਤਾਂ ਕਈ ਟੀ. ਵੀ. ਸ਼ੋਅ ਵਿਚ ਵੀ ਭੱਜੀ ਅਤੇ ਗੀਤਾ ਦੀ ਜੋੜੀ ਗੈਸਟ ਦੇ ਰੂਪ ਵਿਚ ਨਜ਼ਰ ਆਈ।





ਜਦੋਂ ਦੋਵਾਂ ਦਾ ਇਕੱਲੇ ਦਿੱਸਣਾ ਬੰਦ ਹੋ ਗਿਆ ਤਾਂ ਬ੍ਰੇਕ ਅਪ ਦੀਆਂ ਅਫਵਾਹਾਂ ਵੀ ਆਈਆਂ ਪਰ ਇਹ ਸਿਰਫ ਸ਼ਗੂਫਾ ਸਾਬਤ ਹੋਇਆ। ਦੋਵਾਂ ਨੇ ਫੀਫਾ ਵਰਲਡ ਕੱਪ 2014 ਦੌਰਾਨ ਟਰਿੱਪ ਤੇ ਜਾ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ।

ਇਸ ਟੂਰ ਤੇ ਉਹ ਦੋਵੇਂ ਬ੍ਰਾਜ਼ੀਲ ਦੇ ਮਹਾਨ ਫੁਟਬਾਲਰ ਪੇਲੇ ਨੂੰ ਵੀ ਮਿਲੇ। ਇਸ ਦੌਰਾਨ ਫੋਟੋ ਵੀ ਸੋਸ਼ਲ ਸਾਈਟ ਤੇ ਸ਼ੇਅਰ ਕੀਤੀ।

ਭਾਰਤ ਵਾਪਸੀ ਤੇ ਇਕ ਇੰਟਰਵਿਊ ਦਰਮਿਆਨ ਗੀਤਾ ਨੇ ਵਿਆਹ ਦੇ ਸਵਾਲ ਤੇ ਕਿਹਾ, ਜਦੋਂ ਵੀ ਅਜਿਹਾ ਹੋਵੇਗਾ ਤੁਹਾਨੂੰ ਜ਼ਰੂਰ ਪਤਾ ਲੱਗੇਗਾ। ਵੈਸੇ ਮੈਂ ਆਪਣੀ ਨਿੱਜੀ ਜ਼ਿੰਦਗੀ ਬਾਰੇ ਗੱਲ ਕਰਨਾ ਪਸੰਦ ਨਹੀਂ ਕਰਦੀ।

ਮੈਨੂੰ ਰੋਜ਼ਾਨਾ ਮੇਰੀ ਅਤੇ ਹਰਭਜਨ ਦੇ ਵਿਆਹ ਦੀਆਂ ਜੁੜੀਆਂ 20 ਕਹਾਣੀਆਂ ਪੜ੍ਹਨ ਨੂੰ ਮਿਲਦੀਆਂ ਹਨ ਪਰ ਮੈਂ ਇਸ ਬਾਰੇ ਉਦੋਂ ਗੱਲ ਕਰਾਂਗੀ, ਜਦੋਂ ਵਿਆਹ ਹੋਵੇਗਾ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਭ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ






ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਅਤਿ ਧੰਨਵਾਦੀ ਹਾਂ ਜਿਹਨਾਂ ਨੇ ਸਿੱਖ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਫਿਰ ਦੁਬਾਰਾ ਸੇਵਾ ਕਰਨ ਦਾ ਮਾਣ ਬਖਸ਼ਿਆ

# ਬਲਜੀਤ ਸਿੰਘ ਮਾਨ

**ਉਘੇ ਕਮਿਊਨਿਟੀ ਲੀਡਰ ਅਤੇ ਬਿਜ਼ਨਸਮੈਨ**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਭ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਅਤਿ ਧੰਨਵਾਦੀ ਹਾਂ ਜਿਹਨਾਂ ਨੇ ਗੁਰਦੁਆਰਾ ਸਾਹਿਬ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਫਿਰ ਦੁਬਾਰਾ ਸੇਵਾ ਕਰਨ ਦਾ ਮਾਣ ਬਖਸ਼ਿਆ

## ਮਾਨ ਬ੍ਰਦਰਜ਼

## ਕੁਲਦੀਪ ਸਿੰਘ ਮਾਨ
## ਗੁਰਚਰਨ ਸਿੰਘ ਮਾਨ




## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਭ ਦਿਹਾੜੇ ਤੇ ਲੱਖ-ਲੱਖ ਵਧਾਈਆਂ

ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਅਤਿ ਧੰਨਵਾਦੀ ਹਾਂ ਜਿਹਨਾਂ ਨੇ ਗੁਰਦੁਆਰਾ ਸਾਹਿਬ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਫਿਰ ਦੁਬਾਰਾ ਸੇਵਾ ਕਰਨ ਦਾ ਮਾਣ ਬਖਸ਼ਿਆ

## Bhupinder Singh Parmar

**76 Gas Station**
**28590 Mission Blvd.,**
**Hayward, CA. 94544**



ਭੁਪਿੰਦਰ ਸਿੰਘ ਪਰਮਾਰ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਭ ਦਿਹਾੜੇ ਦੀਆਂ

# ਸਵਰਗਵਾਸੀ ਸ੍ਰੀ ਲਾਹੌਰੀ ਰਾਮ ਜੀ ਦੇ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ



ਮਾਣਯੋਗ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦਾ ਪਰਿਵਾਰ (ਖੱਬੇ ਤੋਂ ਸੱਜੇ) ਉਹਨਾਂ ਦੇ ਸਪੁੱਤਰ ਸ੍ਰੀ ਅਜੈ ਪਾਲ ਰਾਮ, ਲੜਕੀ ਅਤੇ ਸੁਪਤਨੀ, ਨੂੰਹ, ਪੋਤੀ ਅਤੇ ਵੱਡੇ ਸਪੁੱਤਰ ਸ੍ਰੀ ਜਗਦੇਵ ਰਾਮ ਜੀ



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਭ ਦਿਹਾੜੇ ਦੀਆਂ



ਰਾਜਾ ਸਵੀਟਸ ਵੱਲੋਂ ਲੱਖ-ਲੱਖ ਵਧਾਈਆਂ

# ਗਿਆਨੀ ਰਵਿੰਦਰ ਸਿੰਘ ਮੱਖਣ ਬੈਂਸ